# ਗੁਰਪੁਰਬ
# ਗੁਲਜ਼ਾਰ

ਭਾਈ ਵੀਰ ਸਿੰਘ

**Gurpurb Gulzar**

*Bhai Vir Singh*

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

© ਭਾਈ ਵੀਰ ਸਿੰਘ ਸਾਹਿਤ ਸਦਨ
1998

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

ਪ੍ਰਿੰਟਰ:
ਭਾਈ ਵੀਰ ਸਿੰਘ ਪ੍ਰੈਸ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

ਭੇਟਾ: 35/– ਰੁਪਏ

ੴ ਸਤਿਗੁਰ ਪ੍ਰਸਾਦਿ

# ਗੁਰਪੁਰਬ ਗੁਲਜ਼ਾਰ

## ੧. ਖੇੜਾ ਪਹਿਲਾ

(ਸੰ: ੪੩੧ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾ)

### ੧. ਅੱਜ ਵਧਾਈ ਦਾ ਦਿਨ।

ਧੰਨ ਧੰਨ ਅੱਜ ਵਧਾਈ ਦਾ ਦਿਨ,
ਗੁਰੂ ਗੋਬਿੰਦ ਸਿੰਘ ਜਗ ਵਿਚ ਆਇਆ।
ਸੱਤ੍ਹਾਂ ਸੌ ਤੇਈਆ ਸੰਨ ਬਿਕ੍ਰਮ,
ਪਟਣਾਂ ਸ਼ਹਰ ਬਿਹਾਰ ਸੁਹਾਇਆ।
ਪੋਹ ਸੁਦੀ ਸਤਮੀ ਅਧ ਰਾਤੀਂ,
ਦੁਸ਼ਟ ਦਮਨ ਪਰਕਾਸ਼ ਕਰਾਇਆ।
ਮਹਾਂਪੁਰਖ ਗੁਰ ਤੇਗ ਬਹਾਦੁਰ,
ਮਹਾਂ ਤੇਜਸ੍ਵੀ ਤਿਸ ਘਰ ਆਇਆ।
ਧੰਨ ਧੰਨ ਅੱਜ ਵਧਾਈ ਦਾ ਦਿਨ,
ਗੁਰੂ ਗੁਬਿੰਦ ਸਿੰਘ ਜਗ ਵਿਚ ਆਇਆ ॥੧॥
ਗਈ ਗੁਆਤੀ ਹਾਲਤ ਭਾਰਤ,

ਗਈ ਬਹੋਰ ਦਾ ਬਿਰਦ ਵਿਖਾਇਆ।
ਕੁਬੁਧ ਕਰਨ ਤੇ ਲੋਕ ਹਟਾ ਕੇ,
ਕਹਿਆ ਪ੍ਰਭੂ ਦਾ ਜਗਤ ਸੁਣਾਇਆ।
ਸਤਿਨਾਮ ਦਾ ਮੰਤ੍ਰ ਦ੍ਰਿੜ੍ਹਾ ਕੇ,
ਮੁਕਤੀ ਮਾਰਗ ਸੁੱਖ ਦਿਖਾਇਆ।
ਅਪਨੇ ਜਾਣ ਨਿਵਾਜੇ ਬਖਸ਼ੇ,
ਸਿਖ ਸੰਗਤ ਸਭ ਪਾਰ ਲੰਘਾਇਆ।
ਧੰਨ ਧੰਨ ਅੱਜ ਵਧਾਈ ਦਾ ਦਿਨ ::੨::
ਮੰਗਲ ਚਾਰ ਉਛਾਹ ਘਨੇਰਾ,
ਘਰ ਘਰ ਮੰਗਲ ਅਨਦ ਸਵਾਇਆ।
ਪਟਨਾ ਸ਼ਹਰ ਲਹਰ ਆਨੰਦ ਵਿਚ,
ਨਰ ਨਾਰੀ ਉਤਸ਼ਾਹ ਵਧਾਇਆ।
ਫੈਲੀ ਖੁਸ਼ੀ ਕੀਰਤੀ ਵਾਕਰ,
ਮੁਲਕ ਅਸਾਮ ਤੀਕ ਪਹੁੰਚਾਇਆ।
ਦੇਸ ਕਾਵਰੂ ਹੁਤੇ ਸਤਿਗੁਰੂ,
ਸੁਣਤੋਪਾਂ ਦਾ ਸ਼ੁਕਲ ਕਰਾਇਆ।
ਧੰਨ ਧੰਨ ਅੱਜ ਵਧਾਈ ਦਾ ਦਿਨ ::੩::
ਮੰਗਤ ਆਏ ਸਭ ਵਰਸਾਏ,
ਭੁਗਤ ਮੁਕਤ ਜੋ ਜਿਸ ਨੂੰ ਭਾਇਆ।
ਗਿਆ ਨ ਖਾਲੀ ਕੁਈ ਸਵਾਲੀ,
ਜੋ ਚਾਹਿਆ ਸੋਈ ਕੁਝ ਪਾਇਆ।
ਖੁਲ੍ਹੇ ਭੰਡਾਰੇ ਅਪਰ ਅਪਾਰੇ,
ਦਾਨ ਅਤੋਟ ਬਿਅੰਤ ਕਰਾਇਆ।
ਸ਼ਦਯਾਨੇ ਨੌਬਤ ਦਰ ਵੱਜੇ,
ਜੱਸ ਕਵਿੱਤ ਕਵਿ ਭੱਟਾਂ ਗਾਇਆ।

ਧੰਨ ਧੰਨ ਅੱਜ ਵਧਾਈ ਦਾ ਦਿਨ : ॥੪॥

ਹੋਰ ਅਵਤਾਰ ਬਥੇਰੇ ਹੋਏ,
ਇਕ ਇਕ ਕਾਰਣ ਤੇ ਇਕੋ ਆਇਆ ॥
ਜੋ ਆਇਆ ਤਿਨ ਅਪਣਾ ਜਗ ਵਿਚ,
ਦੋਹੀ ਡੰਕਾ ਨਾਮ ਜਪਾਇਆ ।
ਏਹ ਅਵਤਾਰ ਉਤਰ ਕੇ ਆਪੇ,
ਭਗਤ ਭਾਉ ਬ੍ਰਿਤ ਰੂਪ ਦਿਖਾਇਆ ।
ਦੁਸ਼ਟ ਦੋਖੀਆਂ ਨੂੰ ਦਲ ਮਲ ਕੇ,
ਨਾਮ, ਪ੍ਰੇਮ, ਭਗਤੀ ਵਲ ਲਾਇਆ ।
ਧੰਨ ਧੰਨ ਅੱਜ ਵਧਾਈ ਦਾ ਦਿਨ : ॥੫॥

ਇਕ ਨੂੰ ਇੱਕੋ ਕਰਕੇ ਕਹ ਕੇ,
ਇਕ ਇਕ ਵਾਰੀ ਇਕ ਸਮਝਾਇਆ ।
ਬਿਨ ਅਕਾਲ ਕੁਈ ਹੋਰ ਨ ਦੂਜਾ,
ਸਰਬ ਕਲਾ ਸਮਰੱਥ ਸੁਹਾਇਆ ।
ਦੁਬਿਧਾ ਦ੍ਵੈਤ ਹਨੇਰਾ ਰੌਲਾ,
ਸੱਤ ਉਪਦੇਸ਼ ਪ੍ਰਕਾਸ਼ ਦਿਖਾਇਆ ।
ਸੱਤ ਧਰਮ ਦਾ ਮਾਰਗ ਸਿੱਧਾ,
ਚੱਲਣ ਦਾ ਜਿਨ ਵੱਲ ਸਿਖਾਇਆ ।
ਧੰਨ ਧੰਨ ਅੱਜ ਵਧਾਈ ਦਾ ਦਿਨ: ॥੬॥

ਬਲਿਹਾਰੇ ਵਾਰੇ ਘੁੰਮ ਵਾਰੇ,
ਜਗ ਰੁੜ੍ਹਦੇ ਨੂੰ ਬੰਨੇਂ ਲਾਇਆ ।
ਕੁਰਬਾਣੀ ਸਦਕੇ ਹੋ ਉਸਤੋਂ,
ਨਾਮ ਦੇਇ ਜਿਨ ਭਗਤੀ ਲਾਇਆ ।
ਰਹੁ ਸ਼ਰਣਾਈ ਉਸਦੀ ਨਿਸ ਦਿਨ,
ਚਾਹੀਏ ਨਹਿਂ ਉਪਕਾਰ ਭੁਲਾਇਆ ।

ਰਹਤ ਬਹਤ ਤ੍ਰਿਖੀ ਸਿੱਖੀ ਦੀ,
ਖੜਗਧਾਰ ਤੇ ਜਿਨ੍ਹੇਂ ਚਲਾਇਆ।
ਧੰਨ ਧੰਨ ਅੱਜ ਵਧਾਈ ਦਾ ਦਿਨ:॥੭॥
ਜਾਲ ਪਖੰਡ ਰਾਜ ਅਨਯਾਈ,
ਦੋਖੀ ਦੁਸ਼ਟ ਜ਼ੁਲਮ ਹਟਵਾਇਆ
ਸੱਚਾ ਮਾਰਗ ਸੱਤ ਧਰਮ ਦਾ,
ਪੰਥ ਖਾਲਸਾ ਪ੍ਰਗਟ ਕਰਾਇਆ।
ਸਿਮਰਨ ਭਜਨ ਕੀਰਤਨ ਪ੍ਰਭੁ ਦਾ,
ਨਾਮ ਦਾਨ ਇਸ਼ਨਾਨ ਦ੍ਰਿੜਾਇਆ।
ਕੀਤਾ ਅਮਰ ਮੌਤ ਭਉ ਕਟਿਆ,
ਅੰਮ੍ਰਿਤ ਦੇਇ ਜਹਾਜ ਚੜ੍ਹਾਇਆ।
ਧੰਨ ਧੰਨ ਅੱਜ ਵਧਾਈ ਦਾ ਦਿਨ:॥੮॥
ਗਿਦੜੋਂ ਸ਼ੇਰ ਸਜਾਏ ਜਿਸ ਨੇ,
ਚਹੁੰ ਵਰਣਾਂ ਦਾ ਮੇਲ ਮਿਲਾਇਆ।
ਪੰਜ ਪਿਆਰੇ ਜਿਸ ਨੇ ਪਿਆਰੇ,
ਕਰਕੇ ਤਖਤ ਪੰਥ ਪ੍ਰਗਟਾਇਆ।
ਰਾਜੇ ਰਾਣੇ ਸ਼ਾਹੁ ਬਹਾਦੁਰ,
ਸਭ ਤੋਂ ਆਦਰ ਮਾਣ ਰਖਾਇਆ।
ਹੁਕਮ ਅਕਾਲ ਪੁਰਖ ਦਾ ਸੱਚਾ,
ਉੱਘਾ ਆਖ ਜਗੱਤ ਸੁਣਾਇਆ।
ਧੰਨ ਧੰਨ ਅੱਜ ਵਧਾਈ ਦਾ ਦਿਨ:॥੯॥
ਅਜ ਦਿਨ ਮੰਗਲ ਚਾਰ ਵਧਾਈ,
ਯਾਦਗਾਰ ਵਾਲਾ ਹੈ ਆਇਆ।
ਸੱਚੀ ਖੁਸ਼ੀ ਚਾਹੋ ਜੇ ਕੋਈ,
ਖੁਸ਼ੀ ਕਰੋ ਆਨੰਦ ਮਨ ਭਾਇਆ।

ਜੱਸ ਗਾਵੋ ਗੁਰ ਪੁਰਬ ਮਨਾਵੋ,
ਵੰਡ ਖਾਵੋ ਆਵੋ ਮਿਲ ਭਾਇਆ ॥
ਕਰੋ ਉਛਾਹ ਕੜਾਹ ਕੀਰਤਨ,
ਧੰਨਵਾਦ ਕਰਤਾਰ ਸੁਭਾਇਆ ।
ਧੰਨ ਧੰਨ ਅੱਜ ਵਧਾਈ ਦਾ ਦਿਨ,
ਗੁਰੂ ਗੋਬਿੰਦ ਸਿੰਘ ਜਗ ਵਿਚ ਆਇਆ ॥੧੦॥

# ੨. ਖੇੜਾ ਦੂਜਾ

(ਸੰ: ੪੩੨ ਨਾ: ਦੀ ਗੁਰ ਪੁਰਬ ਸਪਤਮੀ ਦੀ ਰਚਨਾ)

## ੧. ਗੁਰਪੁਰਬ ਤੇ ਤਾਰਾ ਮੰਡਲ !

ਪਹੁ ਫੁਟਣੇ ਦਾ ਵੇਲਾ ਨੇੜੇ ਆ ਗਿਆ, ਕੈਸੀ ਸੀਤਲਤਾ ਸੁਹਾਉਣੀ ਹੋ ਕੇ ਛਾ ਰਹੀ ਹੈ, ਰਾਤ ਮਾਨੋਂ ਸਮਾਧੀ ਲਾਈ ਬੈਠੀ ਹੈ, ਨੀਲੇ ਅਕਾਸ਼ ਵਿਚ ਤਾਰੇ ਤਾੜੀ ਲਾਈ ਮਗਨ ਹੋ ਰਹੇ ਹਨ, ਐਸੇ ਚੁੱਪ ਚਾਂ ਸਮੇਂ ਭਲਾ ਤਾਰਿਆਂ ਦੀ ਸਮਾਧੀ ਨਾ ਲੱਗੇ ਤਾਂ ਕੀ ਹੋਵੇ ? ਕੈਸਾ ਆਨੰਦ ਦਾ ਪ੍ਰਭਾਵ ਹੈ, ਕੈਸੀ ਅਡੋਲਤਾ ਛਾ ਰਹੀ ਹੈ, ਪਰ ਦੇਖੋ ਅਚਾਨਕ ਇੱਕ ਸ਼ਬਦ ਹੋਇਆ, ਭਲਾ ਇਹ ਕੀ ਹੈ ? ਇੱਕ ਬਾਰੀ ਦੇ ਵਿਚੋਂ ਇਕ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਮਣ ਸਿੰਘਣੀ ਪਿਛਲੇ ਪਾਸੇ ਦੇ ਬਾਗ ਵੱਲ ਤੱਕ ਕੇ ਕਹ ਰਹੀ ਹੈ, 'ਆਹਾ ! ਕੈਸਾ ਸੁੰਦਰ ਸਮਾਂ ਹੈ, ਰੋਜ਼ ਏਸੇ ਵੇਲੇ ਉੱਠੀ ਦਾ ਹੈ, ਪਰ ਅੱਜ ਦਾ ਸੁਹਾਉ ਨਿਰਾਲਾ ਹੈ । ਕੀ ਕਾਰਣ ਹੈ ?' ਇੰਨੇ ਚਿਰ ਨੂੰ ਨਾਲ ਦੀ ਧਰਮਸਾਲਾ ਵਿੱਚੋਂ ਸੁੰਦਰ ਧੁਨ ਉੱਠੀ, ''ਪਟਨੇ ਸ਼ਹਿਰ ਵਿਖੇ ਭਵ

ਲਇਓ'' ਇਹ ਸੁਣਦੇ ਹੀ ਪ੍ਰੇਮਣ ਨੇ ਅਕਾਸ਼ ਵੱਲ ਤੱਕ ਕੇ ਕਿਹਾ 'ਆਹਾ ! ਸਾਰੀ ਰਾਤ ਦੀ ਤਪੱਸਯਾ ਕਰਨ ਵਾਲਿਓ ! ਤੁਹਾਡੇ ਭਾਗਾਂ ਵਿਚ ਸਭ ਕੁਝ ਹੈ, ਪਰ ਇੱਕ ਗੱਲ ਤੋਂ ਵਾਂਝੇ ਹੋਏ ਹੋ। ਅੱਜ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਹੈ, ਪਰ ਤੁਸੀਂ ਦੇਖ ਨਹੀਂ ਸਕੋਗੇ, ਸਾਰੀ ਸਿੱਖ ਕੌਮ ਦੀਆਂ ਖੁਸ਼ੀਆਂ ਦਾ ਦਰਸ਼ਨ ਸੂਰਜ ਲਵੇਗਾ, ਪਰ ਤੁਸੀਂ ਨਹੀਂ ਲੈ ਸਕੋਗੇ। ਧੰਨ ਹੈ ਸਤਿਗੁਰੂ !' ਇਹ ਗੱਲ ਸੁਣ ਕੇ ਤਾਰਿਆਂ ਦਾ ਰੰਗ ਫਿਕਾ ਪੈ ਗਿਆ, ਰਾਤ ਤ੍ਰਬਕ ਉੱਠੀ, ਅਰ ਇਸ ਭਾਰੀ ਖੁਸ਼ੀ ਤੋਂ ਵਾਂਜੇ ਜਾਣ ਦੀ ਅਕਾਂਖਾ ਵਿਚ ਹੀ ਤਾਰੇ ਪ੍ਰਾਰਬਧ ਦੇ ਪ੍ਰੇਰੇ ਹੋਏ ਗੁੰਮ ਹੁੰਦੇ ਗਏ। ਪਰ ਇਨ੍ਹਾਂ ਵਿਚ ਇਕ ਬੁਢਾ ਤਾਰਾ ਇੱਕ ਅੱਖਾ ਪੁਰਾਣਾ ਵਾਕਬ ਸੀ, ਡੁਬਦਾ ਡੁਬਦਾ ਉਸ ਪ੍ਰੇਮਣ ਨੂੰ ਸੈਨਤਾਂ ਨਾਲ ਸਮਝਾ ਗਿਆ ਕਿ ਹੱਛਾ ਦਿਨ ਦੀ ਮੌਜ ਤਾਂ ਤੁਸੀਂ ਲੁਟੋ ਖਾਂ, ਪਰ ਰਾਤ ਦੀ ਦੀਪਮਾਲਾ ਤੇ ਸ਼ਬਦ ਕੀਰਤਨ, ਸਾਰੀ ਰਾਤ ਦੇ ਜਾਗਣ ਤੇ ਪ੍ਰੇਮੀਆਂ ਦੇ ਉਤਸ਼ਾਹ ਤਾਂ ਅਸੀਂ ਆਣ ਹੀ ਵੇਖਾਂਗੇ। ਦਿਨ ਨੂੰ ਤਾਂ ਪ੍ਰੇਮੀ ਤੇ ਦੇਖਾ ਦੇਖੀ ਵਾਲੇ ਰਲੇ ਮਿਲੇ ਹੋਣਗੇ, ਪਰ ਰਾਤ ਨੂੰ ਨਿਰੋਲ ਪ੍ਰੇਮੀਆਂ ਦੇ ਧੰਨਯਵਾਦ ਨਾਲ ਪੂਰਤ ਹਿਰਦੇ ਹੀ ਉਸ ਕਲਗੀਆਂ ਵਾਲੇ ਗੁਰੂ ਦੇ ਗੀਤ ਗਾਉਣਗੇ, ਉਸ ਵੇਲੇ ਦੇ ਅਨੰਦ ਨੂੰ ਤਾਂ ਅਸੀਂ ਦੇਖਾਂਗੇ ਹੀ, ਅਰ ਗੁਰੂ ਮਹਾਰਾਜ ਦੇ ਪ੍ਰੇਮੀਆਂ ਗੁਰ ਪੁਰਬ ਦੇ ਅਨੰਦ ਦਾ ਹਿੱਸਾ ਆਣ ਹੀ ਵੰਡਾਂਵਾਂਗੇ' ਇਸ ਗੱਲ ਨੂੰ ਸਮਝਕੇ ਪ੍ਰੇਮਣ ਮਾਈ ਹੋਰ ਬੀ ਪ੍ਰਸੰਨ ਹੋਈ, ਕਿਉਂਕਿ ਓਹ ਚਾਹੁੰਦੀ ਸੀ ਕਿ ਗੁਰਪੁਰਬ ਦਾ ਹਿੱਸਾ ਸਭ ਕੋਈ ਲਵੇ, ਇਕ ਤਾਰਿਆਂ ਤੇ ਚੰਦ ਦਾ ਉਸ ਨੂੰ ਫਿਕਰ ਸੀ ਕਿ ਏਹ ਵਿਰਵੇ ਰਹਣਗੇ, ਪਰ ਹੁਣ ਤਸੱਲੀ ਹੋ ਗਈ ਕਿ ਇਹ ਬੀ ਖਾਲੀ ਨਹੀਂ ਰਹਣਗੇ। ਧੰਨ ਪ੍ਰੇਮੀ ! ਤੇ ਧੰਨ ਪ੍ਰੇਮੀਆਂ ਦੇ ਅਨੰਦ ਨੂੰ ਵੰਡਕੇ ਭੋਗਣ ਦਾ ਸੁਭਾਵ !

## ੨. ਗੁਰੂ ਗੋਬਿੰਦ ਸਿੰਘ ਜੀ ਅਦੁਤੀ ਹੈਂ !

ਸ੍ਵਾਮੀ ਦਯਾ ਨੰਦ ਆਰੀਆਂ ਦੇ ਆਗੂ ਨੇ ਅਪਨੀ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨ ਵਿਚ ਮਾੜੀਆਂ ਬਾਤਾਂ ਕਹੀਆਂ ਹਨ। ਹੁਣ ਇੱਕ ਆਰਯਾ ਨੇ ਕਿਤਾਬ ਲਿਖੀ ਹੈ, ਜਿਸ ਵਿਚ ਦਸਵੇਂ ਗੁਰੂ ਜੀ ਦਾ ਇਤਿਹਾਸ ਹੈ।

ਇਸ ਵਿਚ ਉਸ ਨੇ ਕਈ ਥਾਂ ਗ਼ਲਤੀ ਖਾਧੀ ਹੈ, ਪਰ 'ਸੱਚ' ਉਸ ਪੁਰਖ ਦੀ ਕਲਮ ਵਿਚੋਂ ਜ਼ੋਰ ਦੇ ਦੇ ਕੇ ਨਿਕਲਿਆ ਹੈ, ਅਰ ਬੇਵੱਸਾ ਹੋ ਹੋ ਕੇ ਕਾਗਤ ਪਰ ਆ ਪ੍ਰਗਟ ਹੋਇਆ ਹੈ। ਇਕ ਥਾਂ ਤੇ ਉਸ ਨੇ ਲਿਖਿਆ ਹੈ ਕਿ "ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਰਾਮ ਚੰਦ੍ਰ, ਕ੍ਰਿਸ਼ਨ, ਰਾਮਾਨੁਜ, ਸ਼ੰਕਰਾ ਚਾਰਜ, ਮਹੰਮਦ ਆਦਿ ਬਹੁਤ ਨੀਵੇਂ ਸਨ, ਇਨ੍ਹਾਂ ਸਭਨਾਂ ਦੇ ਪਾਸ ਵਸੀਲੇ ਸਨ ਅਰ ਸਾਰੇ ਕੋਈ ਨਾਂ ਕੋਈ ਹੋਰ ਕਾਰਣ ਨੂੰ ਲੈ ਕੇ ਕੰਮ ਕਰਦੇ ਸਨ, ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਕਿਸੇ (ਸੰਸਾਰਕ) ਵਸੀਲੇ ਤੇ ਸਾਧਨ ਤੋਂ ਬਿਨਾਂ ਕੇਵਲ ਪਰਜਾ ਦੇ ਭਲੇ ਦੀ ਖਾਤਰ ਸੁਖਾਂ ਨੂੰ ਛੱਡ ਕੇ ਮੈਦਾਨ ਵਿੱਚ ਨਿਕਲੇ ਅਰ ਦੇਸ਼ ਉਤੇ ਉਪਕਾਰ ਕੀਤੇ" ਇਸ ਪੋਥੀ ਦੇ ਲਿਖਣ ਵਾਲੇ ਨੇ ਇਥੋਂ ਤਕ ਸਿੱਧ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਤੁਲਤਾ ਰੱਖਣ ਵਾਲਾ ਬਹਾਦਰ, ਆਪਣੀ ਕੌਮ ਅਰ ਦੇਸ ਪੁਰ ਸੱਚੀ ਕੁਰਬਾਨੀ ਕਰਨ ਵਾਲਾ ਕਿਸੇ ਦੇਸ਼ ਵਿੱਚ ਅੱਜ ਤੱਕ ਕੋਈ ਨਹੀਂ ਹੋਇਆ, ਅਰ ਅਚਰਜ ਇਹ ਕਿ ਜਿਸ ਹਿੰਦੂ ਕੌਮ ਨੂੰ ਉਨ੍ਹਾਂ ਦੇ ਜੀਵਨ ਤੋਂ ਲਾਭ ਪਹੁੰਚਾ ਓਹ ਉਨ੍ਹਾਂ ਦੀ ਮਦਦ ਤੋਂ ਹੀ ਨਸਦੀ ਨਹੀਂ ਸੀ, ਸਗੋਂ ਵੈਰੀਆਂ ਨਾਲ ਰਲ ਕੇ ਖੇਦ ਦੇਂਦੀ ਸੀ, ਪਰ ਓਹ ਸਚੇ ਦੇਸ਼ ਹਿਤੈਸ਼ੀ ਉਪਕਾਰ ਕਰਦੇ ਸਨ। ਇਸ ਨੇ ਸਿੱਧ ਕੀਤਾ ਕਿ ਓਹ ਕੇਵਲ ਪਰਜਾ ਦੀ ਰਖਯਾ ਹਿੱਤ ਐਨੇ ਕਸ਼ਟਾਂ ਦਾ ਸਾਹਮਣਾਂ ਕਰਦੇ ਰਹੇ। ਫੇਰ ਇਸ ਨੇ ਸਿੱਧ ਕੀਤਾ ਹੈ ਕਿ ਜੋ ਸਿੱਖ ਜੰਞੂ ਪਹਨਦੇ ਹਨ ਓਹ ਆਪਣੇ ਆਪ ਨੂੰ ਸ਼ੂਦਰ ਬਨਾਂਦੇ ਹਨ, ਇਹ ਕਹਣਾਂ ਕਿ ਦਸਵੇਂ ਪਾਤਸ਼ਾਹ ਨੇ ਜਨੇਊ ਪਹਨਾਯਾ, ਗੁਰੂ ਸਾਹਿਬ ਦੇ ਆਸ਼ੇ ਦੇ ਵਿਰੁਧ ਹੈ, ਕਿਉਂਕਿ ਅੰਮ੍ਰਿਤ ਇਨ੍ਹਾਂ ਨੂੰ ਖਾਲਸਾ ਬਨਾਂਦਾ ਹੈ, ਖਾਲਸਾ ਹੋ ਕੇ ਫੇਰ ਹੋਰ ਚਿੰਨ੍ਹਾਂ ਦੀ ਲੋੜ ਨਹੀਂ। ਖੈਰ! ਸਾਡਾ ਤਾਤਪਰਜ ਇਹ ਹੈ ਕਿ ਦੇਖੋ ਜੋ ਲੋਕ ਸਿੱਖਾਂ ਦੇ ਹਮਦਰਦ ਨਹੀਂ ਅਰ ਜਿਨ੍ਹਾਂ ਨੇ ਕਈ ਸਿੱਖਾਂ ਨੂੰ ਕੇਸਾਂ ਤੋਂ ਰਹਤ ਕਰਾ ਕੇ ਫ਼ਖ਼ਰ ਕੀਤਾ ਉਨ੍ਹਾਂ ਵਿਚੋਂ ਹੀ ਇਕ ਮੁਅੱਰਖ਼ ਦੀ ਕਲਮ ਨੇ ਕੈਸੇ ਸੱਚੇ ਬਚਨ ਕਹੇ ਹਨ। ਹੁਣ ਤੁਸੀਂ ਸੋਚੋ ਕਿ ਜਦ ਓਪਰੇ ਉਨ੍ਹਾਂ ਦੀ ਏਹ ਤਾਰੀਫ਼ ਕਰਦੇ ਹਨ, ਤਦ ਸਾਨੂੰ ਤੁਹਾਨੂੰ ਉਨ੍ਹਾਂ ਦੀ ਕਿੰਨੀ ਵਧੀਕ ਕਦਰ ਕਰਨੀ ਚਾਹੀਦੀ ਹੈ? ਸਾਡੇ ਵਿਚ ਅਨੇਕਾਂ ਸਿੱਖ ਐਸੇ ਹਨ ਜੋ ਇਹ ਗੱਲ ਨਹੀਂ ਮੰਨਦੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੁਰਬਾਨੀ ਕੀਤੀ। ਕਈ ਕੁਸੰਗਤ ਦੇ ਪੱਟੇ ਐਸੇ ਹਨ ਜੋ ਗੁਰੂ ਨਾਨਕ

ਦੇਵ ਜੀ ਨੂੰ ਚੰਗਾ ਤੇ ਦਸਮੇਸ਼ ਜੀ ਨੂੰ ਉਨ੍ਹਾਂ ਤੋਂ ਨੀਵਾਂ ਜਾਣਦੇ ਹਨ, ਪਰ ਇਹ ਘਾਟਾ ਸਾਰਾ ਬੇਇਲਮੀ ਤੇ ਕੁਸੰਗਤ ਦਾ ਹੈ। ਸੋ ਅਸਾਂ ਸਭਨਾਂ ਦਾ ਧਰਮ ਹੋਣਾਂ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਦੇ ਉਪਕਾਰਾਂ ਨੂੰ ਪ੍ਰਗਟ ਕਰੀਏ, ਕਿ ਦੇਖੋ ਦੂਸਰੇ ਮਤਾਂ ਵਾਲੇ ਜਿਸ ਗੁਰੂ ਜੀ ਦੀ ਇਹ ਮਹਿਮਾ ਕੰਹਦੇ ਹਨ, ਤੁਹਾਨੂੰ ਕਿਉਂ ਉਨ੍ਹਾਂ ਪੁਰ ਭਰੋਸਾ ਨਹੀਂ ਬਝਦਾ ? ਇਕ ਹੋਰ ਸਿਖਛਾ ਨਿਕਲਦੀ ਹੈ। ਗੁਰੂ ਮਹਾਰਾਜ ਜੀ ਦੀ ਸੱਚੀ ਕੁਰਬਾਨੀ ਦਾ ਏਹ ਫਲ ਹੈ ਕਿ ਦੂਸਰੇ ਮਤਾਂ ਵਾਲੇ ਜੋ ਕੁਝ ਬੀ ਖੋਜ ਕਰਨ, ਬੇਵਸੇ ਮਹਾਰਾਜ ਦੀ ਉਸਤਤ ਕਰਦੇ ਹਨ। ਜੇ ਕੁਰਬਾਨੀ ਵਲ ਵਿੰਗ ਵਾਲੀ ਹੁੰਦੀ, ਤਦ ਭਲਾ ਓਪਰੇ ਮਹਿਮਾ ਕਰ ਸਕਦੇ ? ਕਦੀ ਨਹੀਂ। ਤਾਂਤੇ ਤੁਸੀ ਬੀ ਅਪਨੇ ਪਿਤਾ ਤੋਂ ਕੁਰਬਾਨੀ ਕਰਨੇ ਦਾ ਉਪਦੇਸ਼ ਲੈ ਕੇ ਸੱਚੀ ਕੁਰਬਾਨੀ ਕਰੋ, ਅਰ ਉਨ੍ਹਾਂ ਦੇ ਸਦੀਵ ਧੰਨਯਵਾਦੀ ਰਹੋ।

ਕੱਲ ਆਪ ਦਾ ਗੁਰਪੁਰਬ ਹੈ, ਦੱਸੋ ਆਪ ਕੀ ਕਰੋਗੇ ? ਸਾਡੀ ਜਾਚ ਵਿਚ ਤਾਂ ਅਪਨੇ ਪਿਤਾ ਦੇ ਜੀਵਨ ਨੂੰ ਵਿਚਾਰੋ ਤੇ ਉਨ੍ਹਾਂ ਦੇ ਪੂਰਨਿਆਂ ਪੁਰ ਤੁਰਨੇ ਦਾ ਯਤਨ ਕਰੋ। ਹੋਰ ਪ੍ਰਗਟ ਕਰਨੇ ਲਈ ਦੀਪਮਾਲਾ ਸ਼ਬਦ ਕੀਰਤਨ ਆਦਿ ਅਨੰਦ ਕਰੋ। ਅੰਦਰੋਂ ਬਾਹਰੋਂ ਸੱਚੇ ਹੋ ਕੇ ਸੱਚੀ ਸ਼ੁਕਰ ਗੁਜਾਰੀ ਕਰੋ। ਤੁਸੀਂ ਉਸ ਗੁਰੂ ਦੇ ਸਿਖ ਹੋ, ਨਹੀਂ ਪੁਤ੍ਰ ਹੋ ਕਿ ਜਿਸ ਨੂੰ ਇਕ ਆਰਯਾ ਲੇਖਕ ਨੇ ਅਦੁਤੀ ਵਰਣਨ ਕੀਤਾ ਹੈ। ਐਸੇ ਸਮਰੱਥ ਸਾਹਬ ਦੀ ਜੇ ਸੇਵਾ ਨਾਂ ਕਰੋ, ਐਸੇ ਸ਼ਕਤਿਮਾਨ ਦੇ ਪਿੱਛੇ ਲੱਗ ਕੇ ਹੋਰਥੇ ਭਟਕੋ ਤਦ ਦੱਸੋ ਖਾਂ ਕੀ ਕਹਾਵੋਗੇ ? ਪਯਾਰੇ ਸਜਨੋਂ ! ਹੀਰੇ ਲਾਲ ਜਵਾਹਰਾਤ ਨੂੰ ਪਾ ਕੇ ਦਰ ਦਰ ਕੌਡਾਂ ਮੰਗਦੇ ਅਸੀਂ ਸੋਭਦੇ ਨਹੀਂ, ਸੋਭਾ ਇਸੇ ਵਿਚ ਹੈ ਕਿ ਅਪਨੇ ਕਲਗੀਆਂ ਵਾਲੇ ਦੇ ਅਨਿੰਨ ਸਿੱਖ ਹੋ ਕੇ ਉਸ ਦੇ ਸੱਚੇ ਪੁਤ੍ਰ, ਨੇਕੀ, ਭਜਨ, ਪਰਉਪਕਾਰ ਦਾ ਨਮੂਨਾਂ ਬਣੀਏਂ, ਜੋ ਸੰਸਾਰ ਵੇਖ ਕੇ ਕਹੇ ਕਿ ਪੂਰਨ ਪਿਤਾ ਦੇ ਲਾਇਕ ਪੁੱਤ੍ਰ ਹਨ।

## ੩. ਹੁਣ ਆ ਮਿਲ ਕਲਗੀਆਂ ਵਾਲਿਆ !

(ਰਾਗ ਸੋਹਣੀ)

ਮੈਂ ਦੁਨੀਆਂ ਤੋਂ ਚਿੱਤ ਚਾ ਲਿਆ,
ਤੇਰੇ ਚਰਨਾਂ ਨਾਲ ਲਗਾ ਲਿਆ,
ਮੈਂ ਤੈਨੂੰ ਨਿੱਤ ਸੰਭਾਲਿਆ !
ਹੁਣ ਆ ਮਿਲ ਕਲਗੀਆਂ ਵਾਲਿਆਂ !
ਕਈ ਜੁੱਗ ਗਏ ਹਨ ਬੀਤਦੇ,
ਨਿੱਤ ਰਹਿੰਦਿਆਂ ਵਿਚ ਉਡੀਕ ਦੇ,
ਇਉਂ ਚੋਖਾ ਜੱਫਰ ਜਾਲਿਆ,
ਹੁਣ ਆ ਮਿਲ ਕਲਗੀ ਵਾਲਿਆਂ !
ਮੈਂ ਦਿਨ ਨੂੰ ਆਹਾਂ ਮਾਰਦੀ,
ਗਿਣ ਤਾਰੇ ਰਾਤ ਗੁਜ਼ਾਰਦੀ,
ਮੈਂ ਬਨ ਦੁਖਾਂ ਦਾ ਝਾਲਿਆ,
ਹੁਣ ਆ ਮਿਲ ਕਲਗੀ ਵਾਲਿਆ !
ਮੈ ਹਰ ਦਮ ਸੋਚਾਂ ਸੋਚਦੀ,
ਨਿਤ ਦਰਸ਼ਨ ਤੇਰਾ ਲੋਚਦੀ,
ਮੈਂ ਰੋ ਰੋ ਜਿਗਰਾ ਗਾਲਿਆ,
ਹੁਣ ਆ ਮਿਲ ਕਲਗੀ ਵਾਲਿਆ !
ਮੈਂ ਤਕਦੀ ਰਾਹਾਂ ਤੇਰੀਆਂ,
ਪਾ ਜੋਗੀ ਵਾਲੀ ਫੇਰੀਆਂ,
ਮੈਂ ਲੂਛ ਲੂਛ ਹਾਲਵੰਜਾ ਲਿਆ,
ਹੁਣ ਆ ਮਿਲ ਕਲਗੀ ਵਾਲਿਆ !

ਮੈਂ ਸਹੀਆਂ ਵਿਚ ਨ ਖੇਡਦੀ,
ਮੈਂ ਖੂਹ ਬਿਰਹੋਂ ਦਾ ਗੇੜਦੀ,
ਮੈਂ ਦੁਖਾਂ ਖੇਤ ਉਗਾ ਲਿਆ,
ਹੁਣ ਆ ਮਿਲ ਕਲਗੀ ਵਾਲਿਆਂ!
ਤੈਨੂੰ ਕਰ ਕਰ ਯਾਦ ਪਯਾਰਿਆ,
ਜੀਉ ਟੋਟੇ ਕਰ ਵਾਰਿਆ,
ਨਿਮਾਣੇ ਮਾਣਨ ਵਾਲਿਆ,
ਹੁਣ ਆ ਮਿਲ ਕਲਗੀ ਵਾਲਿਆ!
ਮੈਂ ਤੈਨੂੰ ਨਿੱਤ ਚਿਤਾਰਦੀ,
ਇਕ ਪਲ ਬੀ ਨਾਹਿ ਵਿਸਾਰਦੀ,
ਹਰ ਲੂੰ ਲੂੰ ਵਿਚ ਵਸਾ ਲਿਆ,
ਹੁਣ ਆ ਮਿਲ ਕਲਗੀ ਵ ਾਲਿਆ!
ਮੈਂ ਚਾਰ ਚੁਫੇਰੇ ਵੇਖਦੀ,
ਬਿਨ ਤੇਰੇ ਹੋਰ ਨ ਪੇਖਦੀ,
ਤੂੰ ਹਰ ਥਾਂ ਡੇਰਾ ਪਾ ਲਿਆ,
ਹੁਣ ਆ ਮਿਲ ਕਲਗੀ ਵਾਲਿਆ!
ਮੈਂ ਦੂਈ ਤੋਂ ਦਿਲ ਧੋ ਲਿਆ,
ਇਉਂ ਦੀਨ ਦੁਨੀ ਸਭ ਖੋਲਿਆ,
ਇਕ ਯਾਦ ਤੇਰੀ ਨੂੰ ਪਾ ਲਿਆ,
ਹੁਣ ਆ ਮਿਲ ਕਲਗੀ ਵਾਲਿਆ!
ਕਰ ਮੇਹਰ ਇਸ ਔਗੁਣ ਹਾਰ ਤੇ,
ਹੁਣ ਛੇਤੀ ਆ ਦੀਦਾਰ ਦੇ,
ਹੇ ਬਖਸ਼ ਮਿਲਾਵਣ ਵਾਲਿਆ!
ਹੁਣ ਆ ਮਿਲ ਕਲਗੀ ਵਾਲਿਆ!
ਮੈਂ ਪੱਲੇ ਕੋਈ ਨਰਾਸ ਹੈ,

ਤੇਰੇ ਚਰਨਾਂ ਸੰਦੀ ਆਸ ਹੈ,
ਇਕ ਪ੍ਰੇਮ ਤੇਰਾ ਮੈਂ ਪਾਲਿਆ,
ਹੁਣ ਆ ਮਿਲ ਕਲਗੀ ਵਾਲਿਆ।
ਕੋਈ ਰਖਦੇ ਹਿੰਮਤ ਤਾਣ ਹਨ,
ਕੋਈ ਬੰਨ੍ਹਦੇ ਦਾਵੇ ਮਾਣ ਹਨ,
ਮੇਰਾ ਸਭ ਕੁਝ ਬਿਰਹੋਂ ਜਾਲਿਆ,
ਹੁਣ ਆ ਮਿਲ ਕਲਗੀ ਵਾਲਿਆ।
ਕਈ ਜਨਮ ਗਏ ਤਰਸੇਂ ਦਿਆ,
ਗਿਆ ਏਹ ਬੀ ਸਿੱਕ ਸਿਕੇਂਦਿਆਂ,
ਏ ਹਰਾ ਜਨਮ ਗੁਆ ਲਿਆ,
ਹੁਣ ਆ ਮਿਲ ਕਲਗੀ ਵਾਲਿਆ।
ਮੁਕ ਚਲਿਆ ਏਹ ਬੀ ਸਾਲ ਹੈ,
ਅੱਜ ਪੁਰਬੀ ਵਾਲਾ ਕਾਲ ਹੈ,
ਪਾ ਖੈਰ ਖੁਲ੍ਹੇ ਦਿਲ ਵਾਲਿਆ।
ਹੁਣ ਆ ਮਿਲ ਕਲਗੀ ਵਾਲਿਆ।
ਮੈਂ ਦੌਲਤ ਮਾਲ ਨਾਂ ਮੰਗਦੀ,
ਮੈਂ ਮੰਗਣੋਂ ਮੂਲੋਂ ਸੰਗਦੀ।
ਦੇਹ ਦਰਸ ਦਇਆ ਦੇ ਆਲਿਆ,
ਹੁਣ ਆ ਮਿਲ ਕਲਗੀ ਵਾਲਿਆ।
ਰੰਗ ਰੰਗ ਖੁਸ਼ੀ ਹੈ ਸੋਹ ਰਹੀ,
ਗੁਰ ਪੁਰਬ ਮੌਜ ਹੈ ਹੋ ਰਹੀ।
ਕਰ ਬਖਤ ਮੇਰੇ ਬੀ ਸਾਲਿਆ *
ਹੁਣ ਆ ਮਿਲ ਕਲਗੀ ਵਾਲਿਆ।

* ਮੇਰੇ ਕਰਮਾਂ ਨੂੰ ਨੇਕ ਕਰ ਦੇਹ।

ਅੱਜ ਖੁਸ਼ੀਆਂ ਮਾਣੇ ਖਾਲਸਾ,
ਮੈਨੂੰ ਦਰਸ ਤੇਰੇ ਦੀ ਲਾਲਸਾ।
ਕਰ ਦਰਸਨ ਨਾਲ ਨਿਹਾਲਿਆ,
ਅੱਜ ਆ ਮਿਲ ਕਲਗੀ ਵਾਲਿਆ ॥
''ਔਹ ਕਲਗੀਆਂ ਵਾਲਾ ਆ ਗਿਆ,
ਮੈਨੂੰ ਚਰਨਾਂ ਵਿਚ ਸਮਾਂ ਲਿਆ ॥
ਹੁਣ ਵਿਛੜ ਨ ਮੇਲਣ ਵਾਲਿਆ,
ਰਹੁ ਮਿਲਿਆ ਕਲਗੀ ਵਾਲਿਆ ॥

## ੪. ਕੀ ਕੀਤਾ ?

ਕੀ ਕੀਤਾ, ਗੁਰ ਗੋਬਿੰਦ ਸਿੰਘ ਨੇ ?
ਤੈਨੂੰ ਲੀਤਾ, ਰਖ ਦੁਖ ਪੀੜੋ ॥
ਸੁਣ ਮੀਤਾ, ਜਮ ਮਾਰੋਂ ਨਰਕੋਂ,
ਦਿਲ ਸੀਤਾ, ਪ੍ਰਭ ਪਗ ਸੰਗ ਤੇਰਾ ॥
ਤੋਂ ਜੀਤਾ, ਮਨ ਉਸ ਦੀ ਬਖਸ਼ਸ਼,
ਰਖ ਨੀਤਾ, ਚਿਤ ਉਸ ਸਤਿਗੁਰ ਨੂੰ ॥
ਪੈ ਪੀਤਾ, ਤੂੰ ਜੀਵਿਓਂ ਮੁਰਦਾ,
ਦੁਖ ਬੀਤਾ, ਛਕ ਜਦ ਤੋਂ ਲੀਤਾ ॥
ਸੁਖ ਰੀਤਾ, ਏਹ ਅੰਮ੍ਰਿਤ ਛਕਣਾ,
ਜਰ ਨੀਤਾ, ਹੈ ਔਖਾ ਇਸ ਨੂੰ ॥
ਮੈਂ ਕੀਤਾ ਉਲਟਾ ਇਸ ਨਾਲੋਂ,
ਭੁਲ ਦੀਤਾ, ਉਪਕਾਰ ਗੁਰੂ ਦਾ ॥

ਗਾਉ ਗੀਤਾ, ਅਨਮਤ ਦੇ ਹਰ ਦਮ,
ਨਹ ਚੀਤਾ, ਸਿੱਖੀ ਦਾ ਰਸਤਾ ॥
ਇਕ ਭੀਤਾ, ਉਸਰੀ ਹੁਣ ਡਾਢੀ,
ਜਿਨ ਕੀਤਾ, ਬੇ ਮੁਖ ਸਤਿਗੁਰ ਤੋਂ ॥
ਸੁਣ ਮੀਤਾ ਮੰਗ ਬਖਸ਼ਸ਼ ਗੁਰ ਦੀ,
ਦਿਲ ਛੀਤਾ, ਕਰ ਇਕ ਦਮ ਨਾਹੀਂ ॥
ਸਰਣੀਤਾ, ਉਸ ਗੁਰ ਦੀ ਹੋ ਜਾ,
ਰਖ ਲੀਤਾ, ਗੁਰ ਕਲਗੀ ਵਾਲੇ ॥
ਗਾ ਗੀਤਾ, ਹੁਣ ਹਰਦਮ ਉਸ ਦੇ,
ਨਵ ਨੀਤਾ ਰਹੁ ਸਿਮਰਨ ਕਰਦਾ ॥

## ੫. ਗੁਰਪੁਰਬ ਨੂੰ ਕੀ ਕਰਨਾਂ ਚਾਹਿਏ ?

(੧) ਲੜੇ ਹੋਏ ਭਰਾਵਾਂ ਦੀ ਸੁਲ੍ਹਾ ਕਰਾਉਣੀ ਚਾਹੀਦੀ ਹੈ ।

(੨) ਦੋ ਟੋਟੇ ਹੋਈਆਂ ਸਭਾਂ ਨੂੰ ਮਿਲਾ ਦੇਣਾ ਚਾਹੀਦਾ ਹੈ ।

(੩) ਵਿਗੜੀ ਨੂੰ ਸਵਾਰ ਦੇਣਾ ਚਾਹੀਦਾ ਹੈ ।

(੪) ਆਪਣੇ ਨਾਲ ਬਿਗੜਿਆਂ ਤੋਂ ਖਿਮਾਂ ਮੰਗਣੀ ਚਾਹੀਦੀ ਹੈ, ਅਰ ਖਿਮਾਂ ਮੰਗਣ ਵਾਲੇ ਨੂੰ ਬਖਸ਼ ਦੇਣਾ ਚਾਹੀਦਾ ਹੈ ।

(੫) ਪ੍ਰਣ ਕਰਨਾਂ ਚਾਹੀਦਾ ਹੈ ਕਿ ਅਪਨੇ ਮਨ ਜਾਂ ਸਰੀਰ ਦੇ ਪ੍ਰਬਲ ਵਿਕਾਰਾਂ ਨੂੰ ਛਡਿਆ ।

(੬) ਅੰਮ੍ਰਿਤ ਛਕਣਾਂ ਚਾਹੀਦਾ ਹੈ ।

(੭) ਭਜਨ ਸਿਮਰਨ, ਪਾਠ, ਪੁੰਨ, ਭੋਗ, ਜੋੜ ਮੇਲ, ਦੀਪ ਮਾਲਾ, ਨੌਕਰਾਂ ਨੂੰ ਇਨਾਮ, ਮਿਤ੍ਰਾਂ ਨੂੰ ਸੁਗਾਤਾਂ ਤੇ ਸਰਬੰਧੀਆਂ ਨੂੰ ਤੁਹਫੇ ਦੇਣੇ ਚਾਹੀਦੇ ਹਨ ॥

# ੩. ਖੇੜਾ ਤੀਜਾ

(ਸੰ: ੪੩੩ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾਂ)

## ੧, ਅਜ ਕੀ ਹੈ ?

ਜੋ ਖਾਲਸਾ ਸਮਾਚਾਰ ਰੰਗਾ ਮੇਚੀ ਪੁਸ਼ਾਕ ਪਹਿਨੀ ਸਜ ਧਜ ਨਾਲ ਨਿਕਲ ਕੇ ਆਪ ਦੇ ਮਨਾਂ ਨੂੰ ਪ੍ਰਫੁਲਤ ਕਰ ਰਿਹਾ ਹੈ, ਪਯਾਰੇ ਪਾਠਕ ! ਆਪ ਜਾਣਦੇ ਹੋ ਕਿਸ ਖੁਸ਼ੀ ਵਿਚ ? ਆਪ ਦੱਸੋ ਨਾਂ ਦੱਸੋ, ਪਰਚਾ ਆਪੇ ਬੋਲਕੇ ਦੱਸ ਦੇਵੇਗਾ ਜੋ ਇਹ ਖੁਸ਼ੀ ਪੰਥ ਰਖਯਕ , ਧਰਮ ਦੀਨ ਰਖਯਕ, ਦੀਨ ਦੁਨੀ ਦੇ ਮਾਲਕ, ਦੁਸ਼ਟ ਰਾਜ ਘਾਲਕ, ਅਨਾਥ ਪ੍ਰਤਿਪਾਲਕ, ਅਕਾਲ ਪੁਰਖ ਦੇ ਨਿਵਾਜੇ ਹੋਏ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਸਾਰ ਪਰ ਆਉਣ ਦੀ ਯਾਦਗਾਰੀ ਦਿਨ ਦੀ ਹੈ, ਜਿਨ੍ਹਾਂ ਨੇ ਸੰਸਾਰ ਪਰ ਆ ਕੇ ਅਮਨ ਫੈਲਾ ਦਿੱਤਾ, ਆਪਣੇ ਉਪਰ ਅਨੇਕਾਂ ਕਸ਼ਟ ਸਹਾਰ ਕੇ ਬੀ ਦੀਨ ਦੁਖੀਆਂ ਦਾ ਦੁਖ ਦੂਰ ਕੀਤਾ, ਅਪਨੇ ਪਯਾਰੇ ਪੁਤ੍ਰਾਂ ਦੇ ਧਰਮ ਹੇਤ ਕੁਰਬਾਨ ਹੁੰਦਿਆਂ ਵੀ ਮੱਥੇ ਤੀਉੜੀ ਨਹੀਂ ਪਾਈ, ਅਸਾਂ ਪਾਪੀ ਤੇ ਕ੍ਰਿਤਘਣਾਂ ਦੇ ਬੇਦਾਵੇ ਲਿਖ ਦੇਣ ਪਰ ਭੀ ਕ੍ਰੁਧਤ ਨਹੀਂ ਹੋਏ,

''ਟੂਟੀ ਗਾਢਨ ਹਾਰ ਗੋਪਾਲ''

ਅਰ ਸਾਨੂੰ ਅਪਨੀ ਪਵਿਤ੍ਰ ਸ਼ਰਨ ਵਿਚ ਲੈ ਕੇ ਦੀਨ ਦੁਨੀ ਦੇ ਸੁਖਾਂ ਦੇ ਭੰਡਾਰ ਸੌਂਪ ਦਿਤੇ ।

ਪਯਾਰੇ ਪਾਠਕ ! ਸਾਨੂੰ ਸੱਚੇ ਗੁਰੂ ਦੀਆਂ ਅਮਿੱਤ ਦਯਾਲਗੀਆਂ ਪਰ ਧੰਨਵਾਦ ਤੇ ਖੁਸ਼ੀ ਨਹੀਂ ਕਰਨੀ ਚਾਹੀਦੀ ? ਕਿਉਂ ਨਹੀਂ, ਜੋ ਕਰੀਏ ਸੋ ਥੋੜਾ ਹੈ। ਉਸ ਟੁਟੀ ਗੰਢਣ ਵਾਲੇ ਦੀ ਯਾਦਗਾਰ ਵਿਚ ਲੜੇ ਭਰਾਵਾਂ ਦੀ ਸੁਲਹ ਕਰਾਈਏ, ਟੋਟੇ ਹੋਈਆਂ ਸਭਾਂ ਦੀ ਸਿਰ ਜੋੜੀ ਕਰਾਈਏ, ਧੜੇ ਬਾਜੀਆਂ ਦੇ ਧੜਿਆਂ ਨੂੰ ਤੋੜਕੇ ਇੱਕ ਰੂਪ ਬਣਾਈਏ, ਵਿਗੜੀ ਨੂੰ ਸੁਆਰੀਏ, ਅਪਨੇ ਨਾਲ ਵਿਗੜਿਆਂ ਤੋਂ ਖਿਮਾਂ ਮੰਗੀਏ, ਖਿਮਾਂ ਮੰਗਨ ਵਾਲਿਆਂ ਨੂੰ ਗਲ ਨਾਲ ਲਾਈਏ, ਅਪਨੇ ਮਨ ਯਾ ਸਰੀਰ ਦੇ ਪ੍ਰਬਲ ਵਿਕਾਰਾਂ ਦੇ ਤਯਾਗਣ ਦਾ ਪ੍ਰਣ ਕਰੀਏ, ਅੰਮ੍ਰਿਤ ਛਕੀਏ. ਛਕਾਈਏ, ਪਾਠ ਭੋਗ, ਰਤਜਾਗੇ, ਜੋੜ ਮੇਲ, ਦੀਪਮਾਲਾ ਆਦਿ ਉਤਸ਼ਾਹ ਕਰੀਏ, ਨੌਕਰਾਂ ਨੂੰ ਇਨਾਮ ਤੇ ਮ੍ਰਿਤਾਂ ਨੂੰ ਤੋਹਫੇ ਦੇਈਏ, ਦੀਨਾਂ ਦੁਖੀਆਂ ਦੀ ਸਹਾਇਤਾ ਕਰੀਏ, ਧਰਮ ਕਾਰਜਾਂ ਵਿਚ ਗੱਫੇ ਭੇਜੀਏ, ਗੁਰ ਮਹਿਮਾ ਤੇ ਧਰਮ ਪ੍ਰਚਾਰ ਦੇ ਗੁਟਕੇ ਵੰਡੀਏ, ਅਰ ਤਨ ਮਨ ਧਨ ਨਾਲ ਪੰਥ ਦੇ ਵਾਧੇ ਦੇ ਸਾਧਨ ਸਾਧੀਏ, ਕਿਉਂਕਿ ਇਸ ਨਾਲੋਂ ਵਧ ਕੇ ਖੁਸ਼ੀ ਦਾ ਦਿਨ ਸਾਡੇ ਵਾਸਤੇ ਹੋਰ ਕੇਹੜਾ ਹੈ ?

ਏਹ ਪਵਿਤ੍ਰ ਦਿਨ ਮੰਗਲਵਾਰ ੬ ਜਨਵਰੀ ਨੂੰ ਹੈ। ਆਸ਼ਾ ਹੈ ਕਿ ਇਸ ਦਿਨ ਜਗਾ ਜਗਾ ਪਿਛਲੇ ਬਰਸਾਂ ਨਾਲੋਂ ਬਹੁਤ ਵਧਕੇ ਆਨੰਦ ਤੇ ਉਤਸ਼ਾਹ ਮਨਾਏ ਜਾਣਗੇ ਧਰਮ ਦਾ ਪ੍ਰਚਾਰ ਹੋਵੇਗਾ। ਆਪ ਨੂੰ ਚਾਹੀਏ ਕਿ ਗੁਰੂ ਕੇ ਉਪਕਾਰਾਂ ਨੂੰ ਯਾਦ ਕਰਦੇ ਹੋਏ ਤਨ ਮਨ ਧਨ ਨਾਲ ਖੁਸ਼ੀ ਮਨਾਓ ਤੇ ਗੁਰੂ ਕੀ ਬਖਸ਼ੀ ਦੇਗ ਵਿਚੋਂ ਯਥਾ ਸ਼ਕਤ ਲੋੜ ਵੰਦਾਂ ਨਾਲ ਵੰਡ ਛਕੋ।

ਧਯਾਨ ਰੱਖਣਾਂ ਕਿਤੇ ਇਸ ਖੁਸ਼ੀ ਵਿਚ ਤਮਾਸ਼ਾ ਅਰ ਅਪਵਿੱਤ੍ਰ ਧਨ ਰਲਾ ਕੇ ਇਕ ਲੁਚ ਪੁਣੇ ਦਾ ਮੇਲਾ ਨਾਂ ਬਣਾ ਲੈਣਾਂ, ਗੁਰਪੁਰਬ ਸਦਾ ਪਵਿਤ੍ਰ ਅਰ ਅਦਬ ਵਾਲੇ ਹੋਣੇ ਚਾਹੀਏ।

## ੨. ਪ੍ਰੇਮ ਸੰਦੇਸ਼ਾ

ਧਾਰਨਾ—ਜੇ ਤੁਸਾਂ ਆਂਦੀਆਂ ਪਿੱਤਲ ਪ੍ਰਾਤਾਂ,
ਅਗੇ ਤਾਂ ਸਾਡੀਆਂ ਉਚੀਆਂ ਜਾਤਾਂ,
ਜਾਤ ਵਟਾਉਣੀ ਪਈ ।
ਕੌਣ ਵੇਲੇ ਦੀ ਤੱਕ ਵਿਚ ਖਲੀਆਂ,
ਖਲੀ ਖਲੀ ਨੂੰ ਪੈ ਗਈਆਂ ਖਲੀਆਂ,
ਰਾਹ ਤਕੇਂਦਿਆਂ ਅੱਖਾਂ ਨ ਹਲੀਆਂ ।
ਟੇਕ
ਕਲਗੀਆਂ ਵਾਲੇ ਨੂੰ ਕਹੀਂ ਨੀ ਮਾਏ,
ਕਲਗੀਆਂ ਵਾਲੇ ਨੂੰ ਕਹੀਂ,
ਫੇਰਾ ਤਾਂ ਪਾਵਣਾ ਸਹੀ, ਨੀ ਮਾਏ,
ਕਦੀ ਤਾਂ ਆਂਵਣਾ ਸਹੀ ।
ਤੱਕਾਂ ਤਕੇਂਦਿਆਂ ਏਹ ਦਿਨ ਆਏ,
ਸੁਖਾਂ ਸੁਖੇਂਦਿਆਂ ਵਰਹੇ ਬਿਤਾਏ,
ਸਿੱਕ ਸਕੇਂਦਿਆਂ ਜੁਗ ਬਿਲਾਏ,
ਸਤਿਗੁਰ ਆਇਆ ਨਹੀਂ ।੧। ਕਲਗੀ :
ਰਾਤਾਂ ਤਾਂ ਬੀਤਣ ਤਾਰੇ ਗਿਣੇਂਦਿਆਂ,
ਸੂਰਜ ਚੜ੍ਹਦਾ ਬੰਨੇ ਫਰੇਂਦਿਆਂ,
ਦੇਹੁੰ ਤਾਂ ਬੀਤਦਾ ਸਾਹ ਭਰੇਂਦਿਆਂ,
ਸੰਝ ਪਿਆਂ ਸੁਖ ਨਹੀਂ ।੨। ਕਲਗੀ:
ਕੱਖ ਹਿੱਲੇ ਮੈਂ ਤ੍ਰੱਬਕ ਉਠੇਂਦੀ,
ਚਾਰ ਚੁਫੇਰੇ ਉਠ ਤਕੇਂਦੀ,
ਤਕ ਤਕ ਸਾਰੇ ਨੈਣ ਭਰੇਂਦੀ,

ਨੈਣ ਭਰੇ ਬੈਹ ਗਈ ।੩। ਕਲਗੀ:
ਢੂੰਢ ਫਿਰੀ ਮੈਂ ਸ਼ੈਹਰ ਗਿਰਾਈਂ,
ਜੰਗਲ ਬੇਲੇ ਔਝੜੀ ਥਾਈਂ,
ਨਦੀ ਕਿਨਾਰੇ ਸ਼ਹੁ ਦਰਿਆਈਂ,
ਸਾਰ ਨ ਕਿਧਰੋਂ ਪਈ ।੪। ਕਲਗੀ:
ਪਰਬਤ ਉੱਚੜੇ ਦੇਖ ਮੈਂ ਹਾਰੀ,
ਕੁਖਾਂ ਤੇ ਕੰਦਰਾਂ ਡੂੰਘੀਆਂ ਗ਼ਾਰੀਂ,
ਸਾਗਰ ਸਮੁੰਦ੍ਰਾਂ ਪਾਰ ਉਰਾਰੀ,
ਢੂੰਡ ਨਿਰਾਸੀ ਰਹੀ ।੫। ਕਲਗੀ:
ਵੇਲੇ ਕਵੇਲੜੇ ਢੂੰਡਿਆ ਸਾਰੇ,
ਦਿਨੀ ਦੁਪਹਰੀਂ ਸੰਝ ਮੁਝਾਰੇ,
ਕਾਲੀਆਂ ਰਾਤਾਂ ਤੜਕੇ ਸਾਰੇ,
ਢੂੰਡਦੀ ਢੂੰਡਦੀ ਰਹੀ ।੬। ਕਲਗੀ:
ਅੱਮਾਂ ਤ ਹਟਕੇ ਬਹੁਤ ਪਿਆਰੀ,
ਹੋਸ਼ ਕਰੀਂ ਕਹੇ ਧੀਏ ਵਾਰੀ !
ਕਲਗੀਆਂ ਵਾਲੇ ਦੀ ਪ੍ਰੀਤ ਵਿਸਾਰੀਂ,
ਦੁਨਯਾਂ ਨੂੰ ਘੁਟਕੇ ਫੜੀਂ ।੭। ਕਲਗੀ:
ਪੰਜ ਭਰਾ ਮੁਹਿ ਨਿੱਤ ਸਮਝਾਵਨ,
ਯਤਨ ਕਰੇਂਦੇ ਚਿਤ ਪਰਚਾਵਨ,
ਜਿਵੇਂ ਜਿਵੇਂ (ਮੈਨੂੰ) ਤੁਧੋਂ ਭੁਲਾਵਨ,
ਹਾਇ ! ਮੈਂ ਭੁਲਦੀ ਨਹੀਂ ।੮। ਕਲਗੀ:
ਮੈਨੂੰ ਨ ਭਾਂਵਦੇ ਵੀਰ ਪਿਆਰੇ,
ਅੱਮਾਂ ਸਣੇ ਸਾਕ ਸੈਣ ਜੋ ਸਾਰੇ,
ਦੁਨੀ ਦੇ ਰੰਗ ਸਭ ਭਾਸਦੇ ਖਾਰੇ,
ਪ੍ਰੀਤ ਤੇਰੀ ਰਚ ਰਹੀ ।੯। ਕਲਗੀ:

ਪ੍ਰੇਮ ਤੇਰੇ ਚਿਤ ਡੇਰਾ ਜਮਾਇਆ,
ਲੂੰ ਲੂੰ ਵਿਖੇ ਤੇਰਾ ਪ੍ਰੇਮ ਸਮਾਇਆ,
ਚਾਰ ਚੁਫੇਰੇ ਪ੍ਰੇਮ ਹੈ ਛਾਇਆ,
ਪ੍ਰੇਮ ਬਿਨਾਂ ਕੁਛ ਨਹੀਂ। ੧੦। ਕਲਗੀ:
ਪ੍ਰੇਮ ਦੀ ਅੱਗ ਚਿੱਤ ਬਲੇ ਕਰਾਰੀ,
ਬਾਲੇ ਤੇ ਸਾੜੇ ਫੇਰ ਲਗੇ ਪਿਆਰੀ,
ਦਰਸ਼ਨ ਦੀ ਸਿੱਕ ਨਾਲ ਮੱਲ੍ਹਦੀ ਭਾਰੀ,
ਤਰਸ ਤਰਸ ਨਿਤ ਰਹੀ।੧੧। ਕਲਗੀ:
ਕਦੀ ਤਾਂ ਲਾਲ ਆ ਮਿਲੋ ਪਿਆਰੇ,
ਦਰਸ ਵਿਟਹੁ ਚਉਖੰਨੀਆਂ ਵਾਰੇ,
ਘੋਲ ਘੁਮਾਈ ਸਦੱਕੜੀ ਸਾਰੇ,
ਕਦੀ ਤਾਂ ਆਵਣਾ ਸਹੀ।੧੨। ਕਲਗੀ:
ਔਗਣ ਹਾਰੀ ਭਾਰੀ ਮੈਂ ਸਾਈਆਂ,
ਔਗਣੀਂ ਪਲੀਆਂ, ਔਗਣੀਂ ਜਾਈਆਂ,
ਔਗਣ ਭਰੀ ਤੇਰੇ ਦੁਆਰੇ ਤੇ ਆਈਆਂ,
ਪਿਆਰਿਆਂ "ਨਾਂਹ" ਨ ਕਹੀਂ।੧੩। ਕਲਗੀ:
ਔਗਣ ਨ ਤੱਕੀਂ ਅਪਣਾ ਬਿਰਦ ਸੰਮਾਲੀ,
ਮੋੜ ਨ ਦੇਈਂ ਮੈਂ ਨਿਮਾਣੀ ਸੁਵਾਲੀ,
ਤੇਰੇ ਦਰੋਂ ਕੋਈ ਗਿਆ ਨ ਖਾਲੀ,
ਖੈਰ ਤਾਂ ਪਾਵਣਾ ਸਹੀ।੧੪। ਕਲਗੀ:
ਨਾਂ ਮੈਂ ਰੂਪ ਧਨ ਜੋਬਨ ਨਾਹੀਂ,
ਅੱਲ ਵਲੱਲੀ ਭੁਲੱਕਣ ਗੁਨਾਹੀਂ,
ਨਾਂ ਮੈਂ ਮਾਣ ਤਾਣ ਕੁਝ ਰਖਾਹੀਂ,
ਬਖਸ਼ ਬਖਸ਼ ਤੂੰ ਲਹੀਂ।੧੫। ਕਲਗੀ:
ਸਭ ਕੁਝ ਮੇਰਾ ਗਿਆ ਗੁਵਾਤਾ,

ਯਾਦ ਤੇਰੀ ਵਿਚ ਏਹ ਮਨ ਰਾਤਾ,
ਯਾਦ ਬਿਨਾਂ ਮੈਂ ਕੁਝ ਨ ਜਾਤਾ,
ਯਾਦੋ ਯਾਦ ਹੀ ਰਹੀ ।੧੬। ਕਲਗੀ:
ਮੈਂ ਨਾ ਰਹੀ, ਮੇਰਾ ਕੁਝ ਨ ਰਹਿਆ,
ਯਾਦ ਤੇਰੀ ਪ੍ਰੇਮ ਤੇਰਾ ਹੈ ਗਹਿਆ,
ਸਿੱਕ ਉਡੀਕ ਇਸ਼ਕ ਤੇਰਾ ਹੀ ਰਹਿਆ,
ਦੂਈ ਨ ਮੂਲੋਂ ਰਹੀ ।੧੭। ਕਲਗੀ:
ਦੂਈ ਦੀ ਡਾਇਣ ਗਈ ਗੁਵਾਤੀ,
ਹਉਮੈਂ ਦੀ ਸੈਨਾਂ ਜਾ ਪਈ ਖਾਤੀਂ,
ਬਖਸ਼ ਪਿਆਰੇ ਹੁਣ ਪਿਰਮ ਪਰਾਤੀ,
ਚਰਨੀ ਹੁਣ ਲਾ ਲਈਂ ॥੧੮॥

# ੪. ਖੇੜਾ ਚੌਥਾ

(ਸੰਮਤ ੪੩੪ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾਂ)

## ੧–ਪ੍ਰਸੰਗ ਭਾਈ ਜਯੋਤੀ ਸਿੰਘ

ਬ੍ਰਹਮ ਪੁਤ੍ਰਾ ਨਦੀ ਦੇ ਕਿਨਾਰੇ, ਢਾਕੇ ਸ਼ਹਰ ਤੋਂ ਕੁਝ ਦੂਰ, ਅੱਜ ਤੋਂ ਕੋਈ ਦੋ ਕੁ ਸੌ ਵਰ੍ਹਾ ਪਿਛੇ ਇਕ ਅਚਰਜ ਤਮਾਸ਼ਾ ਹੋ ਰਿਹਾ ਹੈ, ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਕਮਲਾਂ ਦਾ ਭੌਰਾ ਭਾ: ਜਯੋਤੀ ਸਿੰਘ ਚੌਕੜੀ ਮਾਰੇ ਬੈਠਾ ਅਪਣੇ ਅਨੰਦ ਵਿਚ ਮਗਨ ਸਾਯੰਕਾਲ ਦੇ ਸਮੇਂ ਪ੍ਰੇਮ ਦੇ ਸ਼ਬਦ ਗਾਉ ਰਿਹਾ

ਹੈ, ਦਿਲ ਪ੍ਰੇਮ ਵਿਚ ਮਗਨ ਹੈ, ਸੁਰਤ ਪੂਰਨ ਏਕਾਗ੍ਰਤਾ ਵਿਚ ਖਚਿਤ ਹੈ, ਜ਼ਬਾਨ ਪ੍ਰੇਮ ਰਸ ਦੀ ਰੱਤੀ ਐਸੇ ਦਿਲ ਖਿੱਚਵੇਂ ਸ਼ਬਦ ਗਾ ਰਹੀ ਹੈ ਕਿ ਚਲਦੇ ਜਲ ਨੂੰ ਮਾਨੋਂ ਬੰਨ੍ਹਣ ਵਾਲੀ ਗਲ ਹੋ ਰਹੀ ਹੈ। ਅੱਖਾਂ ਤੋਂ ਕਿਸੇ ਕਿਸੇ ਵੇਲੇ ਜਲ ਦੇ ਟੇਪੇ ਕਿਰਦੇ ਹਨ, ਸਰੀਰ ਸਾਰੇ ਤੇ ਲੂੰ ਕੰਡੇ ਹੋ ਹੋ ਜਾਂਦੇ ਹਨ, ਸ਼ੁਕਰ ਦਾ ਭਾਵ ਚਾਰ ਚੁਫੇਰੇ ਛਾ ਰਿਹਾ ਹੈ , ਜਲ ਦੇ ਤ੍ਰੰਗ ਮਨ ਦੇ ਪ੍ਰੇਮ ਦੀਆਂ ਲਹਿਰਾਂ ਨਾਲ ਇੱਕ ਸੁਰ ਹੋ ਰਹੇ ਹਨ। ਇਨ੍ਹਾਂ ਦੀ ਮਧੁਰ ਧੁਨ ਦਾ ਓਹ ਦਿਲ ਖਿੱਚਵਾਂ ਅਸਰ ਪੈ ਰਿਹਾ ਹੈ , ਕਿ ਇਕ ਨਵਾਬ ਸਾਹਿਬ ਥੋੜੀ ਵਿੱਥ ਉੱਤੇ ਅਪਨੇ ਜਸ਼ਨ ਵਿਚ ਰੱਤੇ ਹੋਏ ਤ੍ਰਬਕ ਉਠੇ। ਸ਼ਰਾਬ ਦਾ ਪਯਾਲਾ ਹੱਥੋਂ ਰਹ ਗਿਆ ਨਚਦੀ ਵੇਸਵਾ ਨੂੰ ਨੱਚਣ ਦਾ ਹੁਕਮ ਬੰਦ ਹੋ ਗਿਆ, ਹਾਹਾ ਹੀਹੀ ਦੀ ਥਾਂ ਚੁਪ ਵਰਤ ਗਈ, ਸੰਧਯਾ ਦੀ ਮਧਮ ਛਾਉ ਦੇ ਹਨੇਰੇ ਪਯਾਰੀ ਰੁਮਕਦੀ ਪੌਣ, ਤੇ ਮਿੱਠੀ ੨ ਪਸਰਦੀ ਠੰਢਕ ਅੱਖਾਂ ਅੱਗੇ ਸ਼ਾਂਤੀ ਨਾਲ ਵਗਦੀ ਸੀਤਲ ਤੇ ਸੁਹਾਉਣੀ ਨਦੀ ਨੇ ਐਸਾ ਪਿਆਰਾ ਸਮਾਂ ਬਣਾ ਦਿੱਤਾ ਸੀ, ਜਿਸ ਵਿਚ ਸਿੰਘ ਹੁਰਾਂ ਦੀ ਦਿਲ ਚੀਰਵੀਂ ਅਵਾਜ਼ ਨਾਲ ਰਾਗ ਵਿੱਦਯਾ ਦਾ ਸੁਰਤਾਰ ਠੀਕ, ਉਪਰੋਂ ਪ੍ਰੇਮ ਨਾਲ ਪ੍ਰੋਤੀ ਹੇਕ ਨੇ ਓਹ ਜਾਦੂ ਦਾ ਅਸਰ ਕੀਤਾ ਕਿ ਵਿਸ਼ਈ ਨਵਾਬ ਸਾਹਿਬ ਖਿੱਚੇ ਗਏ ਤੇ ਪੱਥਰ ਦੀ ਮੂਰਤ ਵਾਂਙ ਬੈਠੇ ਦੇਰ ਤਕ ਸੁਣਦੇ ਰਹੇ।

ਉਸ ਮਨ ਨੂੰ ਪ੍ਰੋਰ ਦੇਣ ਵਾਲੀ ਸੁਰ ਨੇ ਕੀ ਅਚਰਜ ਅਸਰ ਕੀਤਾ ਕਿ ਸਾਰਾ ਵਿਸ਼ਈ ਜਲਸਾ ਪੁਤਲੀਆਂ ਵਾਂਙ ਪੱਥਰ ਹੋ ਗਿਆ। ਜਿਸ ਵੇਲੇ ਸਿੰਘ ਹੁਰਾਂ ਨੇ ਚੁਪ ਕੀਤੀ, ਨਵਾਬ ਸਾਹਿਬ ਦੇ ਮੂੰਹੋਂ ਵਾਹ ਵਾਹ ਨਿਕਲੀ, ਚਾਰ ਚੁਫੇਰੇ ਤੱਕੇ, ਹੁਕਮ ਹੋਇਆ ਕਿ ਜਾਓ ਦੇਖੋ ਕੌਣ ਹੈ ? ਹੁਕਮ ਪਾਕੇ ਪਿਆਦੇ ਗਏ ਅਰ ਆਕੇ ਖਬਰ ਦਿਤੀ ਕਿ ਕੋਈ ਕਾਫਰ ਮਲੂਮ ਹੁੰਦਾ ਹੈ। ਹੁਕਮ ਹੋਇਆ ਹਾਜ਼ਰ ਕਰੋ, ਉਸੇ ਵੇਲੇ ਪਯਾਦਿਆਂ ਜਾ ਲਲਕਾਰਿਆ। ਸਤੋ ਗੁਣੀ ਸੁਮੰਦਰ ਵਿਚ ਗ਼ਰਕ ਹੋਏ ਹੋਏ ਸਿੰਘ ਜੀ ਸ਼ਾਂਤੀ ਨਾਲ ਤੱਕ ਕੇ ਸਹਜ ਨਾਲ ਬੋਲੇ, ਕੀ ਆਗਯਾ ਹੈ ? ਸਿਪਾਹੀਆਂ ਨੇ ਕਿਹਾ ਨਵਾਬ ਸਾਹਿਬ ਯਾਦ ਕਰਦੇ ਹਨ। ਆਪ ਨੇ ਕਿਹਾ ਸਾਡੇ ਗ਼ਰੀਬਾਂ ਨਾਲ ਉਨ੍ਹਾਂ ਦਾ ਕੀ ਪ੍ਰਯੋਜਨ ਹੋ ਸਕਦਾ ਹੈ ? ਪਰ ਉਨ੍ਹਾਂ ਦੀ ਬਹੁਤ ਖਿਚ

ਕਰਨੇ ਪਰ ਉਠਣਾ ਪਿਆ,। ਜਾਂ ਉਥੇ ਜਾ ਕੇ ਪਹੁੰਚੇ ਤਦ ਵਿਸ਼ਈ ਸਮਾਗਮ ਦੇਖ ਕੇ ਸਿੰਘ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿੱਚ ਇੱਕ ਨਿੱਕੀ ਜਿਹੀ ਬੇਨਤੀ ਕੀਤੀ ਕਿ 'ਹੇ ਦੀਨਾਂ ਬੰਧੂ ਇਸ ਸਮੇਂ ਆਪ ਦੀ ਸਹਾਇਤਾ ਹੀ ਦਾਸ ਦੀ ਵਾਹਰੂ ਹੋਵੇ, ਅਰ ਇਸ ਕੱਜਲ ਦੀ ਕੋਠੜੀ ਵਿਚੋਂ ਦਾਸ ਨਿਰੰਜਨ ਨਿਕਲ ਜਾਏ।' ਨਵਾਬ ਸਾਹਿਬ ਨੇ ਸੱਦ ਕੇ ਕਿਹਾ, 'ਵਾਹ ਖੂਬ! ਸਾਨੂੰ ਬੜਾ ਅਨੰਦ ਦਿਤਾ, ਧੰਨ ਹੋ ਆਪ! ਬਹੁਤ ਖੁਸ਼ ਕੀਤਾ ਹੈ! ਕੁਛ ਹੋਰ ਸੁਣਾਓ। ਪਰ ਓਹ ਸਾਡੀ ਸਮਝ ਵਿਚ ਨਹੀਂ ਆਯਾ, ਕੁਝ ਫਾਰਸੀ ਬੋਲੀ ਵਿਚ ਸੁਨਾਓ।' ਸਿੰਘ ਹੁਰਾਂ ਨੇ ਬੜੇ ਅਦਬ ਨਾਲ ਉਤਰ ਦਿਤਾ ਕਿ ਮੈਂ ਪਰਮੇਸ਼ੁਰ ਦੇ ਸ਼ੁਕਰ ਦੇ ਗੀਤ ਗਾਉਂਦਾ ਹਾਂ, ਜੋ ਮੇਰੀ ਬੋਲੀ ਵਿਚ ਹਨ, ਫਾਰਸੀ ਬੋਲੀ ਮੈਂ ਜਾਣਦਾ ਨਹੀਂ, ਇਸ ਕਰਕੇ ਮੈਨੂੰ ਮਾਫ ਕੀਤਾ ਜਾਵੇ। ਨਵਾਬ ਨੇ ਕਿਹਾ, ਅੱਛਾ ਸੁਣਾਓ ਸਾਨੂੰ ਤਾਂ ਅਵਾਜ਼ ਹੀ ਕਤਲ ਕਰਦੀ ਹੈ। ਸਿੰਘ ਹੁਰਾਂ ਨੇ ਕਿਹਾ ਪਰਮੇਸ਼ੁਰ ਦੇ ਭਜਨ ਸੁਣਨ ਵਾਸਤੇ ਆਪਣੇ ਆਪ ਨੂੰ ਤਿਆਰ ਕਰੋ, ਵਿਸ਼ਈ ਸਾਮਾਨ ਦੂਰ ਕਰੋ, ਮੈਂ ਹਾਜ਼ਰ ਹਾਂ ਪਰ ਇਸ ਤਰ੍ਹਾਂ ਨਹੀਂ। ਇਹ ਦੂਜੀ ਨਾਂਹ ਸੁਣਕੇ ਨਵਾਬ ਨੂੰ ਗੁਸਾ ਆ ਗਿਆ, ਹੁਕਮ ਦਿੱਤਾ ਡੇਰੇ ਲੈ ਚਲੋ। ਮੁਸਲਮਾਨ ਬਨਾਓ, ਫਾਰਸੀ ਪੜ੍ਹਾਓ, ਫਿਰ ਗਜ਼ਲਾਂ ਸੁਨਾਏਗਾ। ਹੁਕਮ ਹੁੰਦੇ ਹੀ ਸਿੰਘ ਜੀ ਬਦੋ ਬਦੀ ਬੰਨ੍ਹਕੇ ਪਹੁੰਚਾਏ ਗਏ।

ਇਸੇ ਸ਼ਹਰ ਵਿਚ ਇਕ ਮਾਈ ਕ੍ਰਿਸ਼ਨ ਕੌਰ ਨਾਮੇ ਸਿੰਘਣੀ ਰਹਿੰਦੀ ਸੀ, ਪਤੀ ਇਸ ਦਾ ਫੌਜ ਵਿਚ ਨੌਕਰ ਸੀ, ਜੋ ਥੋੜੇ ਦਿਨ ਹੋਏ ਤਦ ਚੜ੍ਹ ਗਿਆ ਸੀ, ਇਸ ਨੇ ਉਥੇ ਹੀ ਵਸੇਬਾ ਕਰ ਲਿਆ ਸੀ, ਨਿਰਬਾਹ ਜੋਗਾ ਪਦਾਰਥ ਹੈਗਾ ਸੀ, ਸਿੰਘ ਧਰਮ ਦੇ ਪ੍ਰਚਾਰ ਕਰਨ ਦਾ ਉਪਕਾਰ ਸਿਰ ਚੱਕ ਕੇ ਦੇਹ ਦੀ ਸਫਲਤਾ ਨੂੰ ਮੂਹਰੇ ਧਰ ਲਿਆ। ਹੁਣ ਏਹ ਗੁਰਪੁਰਬ ਮਨਾਣ ਦੀਆਂ ਤਿਆਰੀਆਂ ਕਰ ਰਹੀ ਸੀ ਕਿ ਸੱਤਮੀ ਦੀ ਪਹਲੀ ਰਾਤ ਭਾਈ ਜੋਤੀ ਸਿੰਘ ਦੀ ਖਬਰ ਪਹੁੰਚੀ। ਭਲਾ ਐਸੇ ਧਰਮਾਤਮਾਂ ਸਿੰਘ ਦੀ ਮੁਸੀਬਤ ਸੁਣ ਕੇ ਕਿਥੋਂ ਰਿਹਾ ਜਾਵੇ? ਰਾਤ ਹੀ ਭੇਸ ਵਟਾ ਕੇ ਮਰਦਾਵਾਂ ਤੇ ਮੁਸਲੱਕਾ ਵੇਸ ਕਰਕੇ ਨਵਾਬ ਦੇ ਮਹਲਾਂ ਦੇ ਪਿਛਵਾੜੇ ਚਲੀ ਗਈ ਅਰ ਫਾਰਸੀ ਬੋਲੀ ਦੇ ਗੀਤ ਬੜੀ ਮਨੋਹਰ ਧੁਨੀ ਵਿਚ ਗਾਉਣੇ ਲੱਗ

ਗਈ। ਤੜਕ ਸਾਰ ਇਸ ਦੀ ਕੋਇਲ ਵਰਗੀ ਅਵਾਜ ਕੰਨੀਂ ਜੁ ਪਈ, ਤਦ ਰਾਗ ਦੇ ਪਯਾਰੇ ਨਵਾਬ ਨੇ ਸੱਦ ਭੇਜਿਆ। ਸਾਈਂ ਲੋਕਾਂ ਨੇ ਬੜੇ ਪ੍ਰੇਮ ਨਾਲ ਮਨ ਮੰਨੇ ਗੀਤ ਸੁਣਾਏ, ਖੁਸ਼ ਹੋਕੇ ਨਵਾਬ ਸਾਹਿਬ ਨੇ ਪਦਾਰਥ ਇਨਾਮ ਦਿੱਤਾ, ਉਨ੍ਹਾਂ ਭੁਆ ਮਾਰਿਆ ਕਿ ਰੱਬ ਦੇ ਆਸ਼ਕਾਂ ਨੂੰ ਕੋਈ ਲੋੜ ਨਹੀਂ ਹੈ। ਫੇਰ ਨਵਾਬ ਨੇ ਜਯੋਤੀ ਸਿੰਘ ਦਾ ਹਾਲ ਸੁਣਾਇਆ। ਸਾਈਂ ਲੋਕਾਂ ਨੇ ਕਿਹਾ ਕਿ ਰੁਪੱਯਾਂ ਦੀ ਥਾਂ ਸਾਨੂੰ ਓਹ ਆਦਮੀ ਇਨਾਮ ਦੇ ਦਿਓ। ਨਵਾਬ ਮੁਸਲਮਾਨ ਫਕੀਰ ਦੀ ਫੁਰਮਾਇਸ਼ ਮੋੜ ਨਾਂ ਸਕੇ। ਜਯੋਤੀ ਸਿੰਘ ਨੂੰ ਉਸ ਦੇ ਹਵਾਲੇ ਕੀਤਾ, ਪਰ ਨਾਲ ਸਿਫ਼ਾਰਸ਼ ਕੀਤੀ ਕਿ ਤੁਸੀ ਕਦੀ ਕਦੀ ਆ ਕੇ ਗਜ਼ਲਾਂ ਸੁਣਾ ਜਾਇਆ ਕਰੋ, ਸਾਈਂ ਲੋਕਾਂ ਨੇ ਕਿਹਾ ਕਿ ਫ਼ਕੀਰ ਨੇਮ ਤਾਂ ਕਰ ਨਹੀ ਸਕਦੇ, ਪਰ ਜੇ ਕਦੇ ਮੌਜ ਆ ਗਈ ਤਦ ਫੇਰਾ ਪਾ ਜਾਯਾ ਕਰਾਂਗੇ। ਰਾਤ ਦੋ ਵਜੇ ਦੀ ਲੱਗੀ ਕ੍ਰਿਸ਼ਨ ਕੌਰਾਂ ਦਿਨ ਦੇ ੧੧ ਵਜੇ ਆਪਨੇ ਪੰਥ ਦੇ ਇਕ ਗੁਰਮੁਖ ਨੂੰ ਕੈਦੋਂ ਛੁਡਾਕੇ ਡੇਰੇ ਲੈ ਆਈ, ਅੱਗੇ ਸ਼ਹਰ ਦੇ ਸਿਖਾਂ ਦਾ ਦੀਵਾਨ ਲਗ ਰਿਹਾ ਸੀ, ਪਰ ਮਾਈ ਦੀ ਉਡੀਕ ਲਗ ਰਹੀ ਸੀ ਤੇ ਹੈਰਾਨੀ ਹੋ ਰਹੀ ਸੀ ਕਿ ਕਿਥੇ ਲੋਪ ਹੋ ਗਈ ਹੈ। ਜਦ ਜਯੋਤੀ ਸਿੰਘ ਸਮੇਤ ਪਹੁੰਚੀ ਤਾਂ ਸਾਰੇ ਗਦ ਗਦ ਹੋ ਗਏ, ਅਪਨੀ ਵਿਥਯਾ ਸਾਰੀ ਕੈਹ ਸੁਣਾਈ ਕਿ ਸੱਚੇ ਗੁਰਾਂ ਦੀ ਸਪਤਮੀ ਦੀ ਭੇਟ ਅੱਜ ਇਹੋ ਹੈ ਕਿ ਸਾਡਾ ਇਕ ਭਰਾ ਵਿਪਦਾ ਤੋਂ ਬਚ ਰਿਹਾ ਹੈ। ਸਾਰੀ ਸੰਗਤ ਨੇ ਧੰਨਵਾਦ ਕੀਤਾ, ਅਰ ਫੇਰ ਗੁਰਪੁਰਬ ਮਨਾਇਆ। ਸਾਰੀ ਸੰਗਤ ਨੂੰ ਪਤਾ ਲੱਗ ਗਿਆ, ਪਰ ਸ਼ਹਿਰ ਵਿਚ ਕਿਸੇ ਨੂੰ ਪਤਾ ਨਾਂ ਲੱਗਾ। ਮਾਈ ਤਾਂ ਉਸੇ ਸ਼ਹਰ ਪੰਥ ਸੇਵਾ ਕਰਦੀ ਰਹੀ, ਤੇ ਸਿੰਘ ਜੀ ਸਨੇ ਸਨੇ ਅਨੰਦ ਪੁਰ ਅੱਪੜੇ। ਸਤਗੁਰਾਂ ਨੂੰ ਵਿਥਿਆ ਸੁਨਾਈ, ਪ੍ਰਸੰਨ ਹੋ ਕੇ ਮਹਾਰਾਜ ਨੇ ਕਿਹਾ, 'ਜਿਸ ਬੀਬੀ ਨੇ ਮੇਰੇ ਸਿਖ ਦੀ ਬੰਦ ਖਲਾਸ ਕਰਾਈ ਹੈ, ਉਸਦੀ ਲੋਕ ਪ੍ਰਲੋਕ ਵਿਚ ਬੰਦ ਖ਼ਲਾਸ ਹੋਈ'। ਮਿਤ੍ਰੋ! ਗੁਰਪੁਰਬ ਮਨਾਵੋ ਤੇ ਏਸ ਤਰਾਂ ਮਨਾਓ, ਜੋ ਇਕ ਕੰਮ ਵਿਚ ਬੰਦ ਖਲਾਸ ਹੋ।

## ੨. ਸਾਡਾ ਤੇ ਗੁਰੂ ਦਾ ਵਾਸਤਾ ਕਦੋਂ ਹੁੰਦਾ ਹੈ

ਜਦੋਂ ਦੇਹ ਰੋਗੀ ਹੋਵੇ, ਪੁਤ ਮਰਨਾਊ ਹੋਵੇ, ਘਰ ਵਾਲਾ ਗੁਸੇ ਹੋਵੇ, ਵਹੁਟੀ ਤਿਆਰੀਆਂ ਵਿਚ ਹੋਵੇ, ਉਲਾਦ ਲੱਭੇ ਨਾਂ, ਧਨ ਮਿਲੇ ਨਾਂ, ਤਰਾਂ ੨ ਦੇ ਦੁਖ ਵੇੜ੍ਹ ਰਹੇ ਹੋਣ, ਤਦੋਂ "ਹੇ ਕਲਗੀ ਧਰ ! ਤੂੰ ਪਿਤਾ ਅਸੀ ਤੇਰੇ ਪੁਤ੍ਰ ਹਾਂ" ਬੇਨਤੀਆਂ ਕਰਾਂਗੇ, ਨੱਕ ਰਗੜਾਂਗੇ, ਹਾੜੇ ਕੱਢਾਂਗੇ, ਪਾਠ ਧਰਾਵਾਂਗੇ, ਭੋਗ ਪਾਵਾਂਗੇ, ਸਿੰਘਾਂ ਨੂੰ ਪ੍ਰਸਾਦ ਛਕਾਵਾਂਗੇ, ਸੁਖਣਾ ਸੁਖਾਂਗੇ। ਫੇਰ ਕਦੋਂ ?

ਮੁਕੱਦਮਾਂ ਪੈ ਜਾਵੇ, ਕੋਈ ਬਲਾ ਆ ਘੇਰੇ, ਸ਼ਰੀਕ ਦਬਾ ਲੈਣ, ਤਦੋਂ, ਹਾਂ ਤਦੋਂ ਸਤਗੁਰੂ ਤੇਰੇ ਹਾਂ, ਪੁਤ੍ਰ ਹਾਂ, ਸਾਡਾ ਨੱਕ ਨਾਂ ਰਖੇਂਗਾ ਤਾਂ ਤੇਰੇ ਬਿਰਦ ਨੂੰ ਲਾਜ ਲੱਗੇਗੀ। ਐਸੀਆਂ ਦੁਹਾਈਆਂ ਦੇਵਾਂਗੇ। ਫੇਰ ਕਦੋਂ ?

ਜਦੋਂ ਮੌਤ ਦਾ ਡਰ ਸਤਾਵੇਗਾ, ਜਦੋਂ ਸੰਬੰਧੀਆਂ ਮਿੱਤ੍ਰਾਂ ਦੇ ਧ੍ਰੋਹ ਦਿਲ ਤੋੜ ਕੇ ਵੈਰਾਗੀ ਬਣਾਣਗੇ, ਤਦੋਂ ਪਾਠ ਕਰਾਂਗੇ, ਤੜਕੇ ਉਠਾਂਗੇ, ਸੰਗਤਾਂ ਵਿਚ ਜੋੜੇ ਝਾੜਾਂਗੇ, ਆਏ ਗਏ ਸਿੱਖ ਅਭਯਾਗਤ ਦਾ ਆਦਰ ਕਰਾਂਗੇ, ਪੰਜੇ ਕੱਕੇ ਬੀ ਰਖਾਂਗੇ, ਨਿਤ ਨੇਮ ਪੂਰਾ ਕਰਾਂਗੇ। ਅੰਮ੍ਰਿਤ ਬੀ ਛਕਾਂਗੇ।

ਹੁਣ ਤਾਂ ਕੰਮ ਬਣ ਗਿਆ, ਹੁਣ ਤਾਂ ਵਾਸਤਾ ਪੱਕਾ ਹੋ ਗਿਆ ? ਨਹੀਂ ਜੀ ਨਹੀਂ, ਜਰਾ ਸਾਹ ਲਓ।

ਜਦ ਕਾਕੇ ਦਾ ਵਿਆਹ ਆਵੇਗਾ, ਜਦ ਕਾਕੇ ਦੀ ਕੁੜਮਾਈ ਢੁਕੇਗੀ, ਜਦ ਮਾਂ ਜੀ ਚਲਾਣਾ ਕਰਨਗੇ, ਤਦੋਂ ਸੱਭੋ ਤਦੋਂ ਐਵੇਂ ਰਤਾ ਕੁ ਗੁਰੂ ਜੀ ! ਤੁਹਾਡੀ ਵਲੋਂ ਕੰਡ ਮੋੜਾਂਗੇ, ਦੇਖੋ ਨਾਂ ਨੱਕ ਰਖਣਾ ਹੋਇਆ, ਤੁਸੀ ਤਾਂ ਜਾਣੀ ਜਾਣ ਹੋ, ਗੁਸੇ ਨਾਂ ਹੋਣਾ, ਅੰਦਰੋਂ ਤਾਂ ਤੁਹਾਡੇ ਹਾਂ, ਲੋਕ ਲਾਜ ਪਿੱਛੇ ਜਰਾ ਕੂ ਮੂੰਹ ਮੋੜਾਂਗੇ, ਸੋ ਤੁਸੀਂ ਪਤਤ ਪਾਵਨ ਹੋ, ਬਖਸ਼ਿੰਦ ਹੋ, ਬੇਪ੍ਰਵਾਹ ਹੋ, ਓਦੋਂ ਦੇਖੋ ਨਾ ਗੁਰੂ ਜੀ ! ਅਸੀ ਉਤੋਂ ਉਤੋਂ ਤੁਹਾਡੇ ਨਾਲ ਰੁਸਾਂਗੇ, ਤੁਸਾਂ ਨਾਂ ਗੁਸਾ ਕਰਨਾ। ਬਸ ਕੰਮ ਭੁਗਤੇ

ਤੇ ਅਸੀ ਫੇਰ ਤੁਹਾਡੇ, ਇਹ ਐਵੇਂ ਜਗਤ ਚਾਰੀ ਹੈ, ਜਗਤ ਤਿੰਨ ਕਾਲ ਮਿਥਿਆ ਹੈ, ਸੁਪਨਾਂ ਹੈ, ਸੋ ਤੁਸੀ ਆਪ ਸਤ ਸਰੂਪ ਹੋ, ਮਿਥਿਆ ਰਚਨਾ ਵਿਚ ਸਾਡਾ ਤੁਹਾਡੀ ਵਲੋਂ ਮੂੰਹ ਮੋੜਨਾ ਮਿਥਿਆ ਹੈ, ਤੇ ਤੁਹਾਡਾ ਰੁਸਣਾ ਮਿਥਿਆ ਹੈ।

ਭਲਾ ਜੀ ਅਸੀ ਕਿੰਨੀ ਕੁ ਪਿਠ ਮੋੜਾਂਗੇ ? ਕੁਝ ਬੀ ਨਾਂ, ਐਵੇ ਦਿਖਾਵੇ ਮਾਤ੍ਰ ਰਤਾ ਕੁ, ਵਿਆਹ ਵੇਲੇ ਜਤਨ ਕਰਾਂਗੇ ਕਿ ਸਾਡੇ ਘਰ ਤੋਂ ਸੌ ਸੌ ਕਦਮਾਂ ਤੀਕ ਪਰੇ ਸਬਦ ਦੀ ਅਵਾਜ਼ ਨਾ ਕੰਨੀਂ ਪਵੇ। ਘਰੋਂ ਗੁਰੂ ਮਹਾਰਾਜ ਦਾ ਅਸਵਾਰਾ ਓਸ ਦਿਨ ਧਰਮ ਸਾਲ ਭੇਜ ਦਿਆਂਗੇ। ਖਾਰਿਆਂ ਕੋਲ ਪੰਡਤ ਜੀ ਚੀਚ ਗਲੋਲੇ ਵਾਹ ਕੇ ਜਗਤ ਰਖਣੀ ਕਰ ਜਾਣਗੇ। ਤੜਕੇ ਡੋਲੀ ਤੋਰ ਦਿਤੀ। ਬੱਸ ਫੇਰ ਸੂਰਜ ਮਗਰੋਂ ਚੜ੍ਹ ਅਸੀ ਕਿ ਗੁਰੂ ਕੇ ਦਾਸ ਦੁਧ ਧੋਤੇ ਖਰੇ ਖਾਸੇ ਪਹਲੋਂ ਹੀ ਹਾਜ਼ਰ।

ਜਾਂ ਮਾਈ ਚੜ੍ਹੀ ਤਾਂ ਸਿਰੋਂ ਪੱਗ ਲਾਹ ਥੋੜੇ ਜੇਹੇ ਕੇਸ ਜਗਤ ਰਖਣੀ ਮੂਜਬ ਖੋਹ ਕੇ ਭਰਾਵਾਂ ਦੇ ਕਹੇ ਦੁਪੱਟਾ ਬੰਨ੍ਹ ਲਿਆ। ਕੜਾ ਜ਼ਰਾ ਕੁ ਕਿਲੀ ਨੂੰ ਪਹਰਾ ਦਿਤਾ, ਕ੍ਰਿਪਾਨ ਰਸੋਈ ਵਿਚ ਵਰਤੀਂਦੀ ਰਹੀ, ਕੱਛ ਧੋਬੀ ਦੇ ਭੇਜ ਦਿਤੀ, ਉਨੇ ਚਿਰ ਵਿਚ ਚਿੱਟੀ ਹੋ ਜਾਊ, ਕੁਸ਼ਾ ਦੇ ਬੀੜੇ ਪਾਏ, ਸੰਝ ਸਵੇਰੇ ਦੀਵੇ ਬਾਲ ਛੂਹ ਛਾਹ ਕੀਤੀ, ਜਗਤ ਦੀ ਅੱਖੀਂ ਘੱਟਾ ਪਾਯਾ, ਤੇਰਾਂ ਦਿਨ ਬਿਤਾ ਲਏ, ਕੁਝ ਜਗਤ ਚਾਰੀ ਸੌ ਪੰਜਾਹ ਦੀ ਚੀਜ਼, ਜਾਂ ਪੰਜਾਹ ਰੁਪਏ ਅਚਾਰਜ ਨੂੰ ਦੇ ਕੇ ਉਸੇ ਦੇ ਘਰ ਦੀ ਕਿਰਿਆ ਲਿਆ ਕੇ ਬਿਰਾਦਰੀ ਦਾ ਮੂੰਹ ਕਾਲਾ ਕੀਤਾ ਤੇ ਬਲਾ ਗਲੋਂ ਲਾਹੀ। ਸਤਾਹਰੀਏ ਤੋਂ ਦੂਜੇ ਦਿਨ ਉਹੋ ਦੂਹਰੀ ਪੌੜੀਆਂ ਵਾਲੀ ਦਸਤਾਰ, ਕੜੇ ਦੋ, ਕ੍ਰਿਪਾਨ ਬੀ ਵੱਡੀ, ਕਛੈਹਰਾ ਗੋਡਿਆਂ ਵਾਲਾ, ਸਤਸੰਗ ਵਿਚ ਹਾਜ਼ਰ, ਗੁਰੂ ਕੇ ਦਾਸ ਜਿਹੇ ਪਹਲੇ ਸੀ ਉਹੋ ਜਿਹੇ ਹੁਣ, ਵਿਚੋਂ ਐਵੇਂ ਇਕ ਹਨੇਰੀ ਦੇ ਘੱਟੇ ਤੋਂ ਡਰ ਕੇ ਰਤਾਕੁ ਅੱਖ ਮੀਟਕੇ ਚਾਨਣੇ ਤੋਂ ਵਾਂਜੇ ਜਾਈਦਾ ਹੈ, ਉਕਰ ਹੀ ਮਰਨੇ ਪਰਨੇ ਦੀ ਹਨੇਰੀ ਵੇਲੇ ਲੋਕ ਨਿੰਦਾ ਦੇ ਘੱਟੇ ਤੋਂ ਅੱਖ ਮੀਟੀ, ਜਦ ਬੁਲਾ ਲੰਘਿਆ ਫੇਰ ਗੁਰਾਂ ਦੇ ਹਾਜ਼ਰ।

ਪਿਆਰੇ ਪਾਠਕੋ ! ਜੇ ਆਪ ਐਸੇ ਸਿਖਾਂ ਵਿਚੋਂ ਹੋ ਜੋ ਸਤਗੁਰਾਂ ਨਾਲ

ਮਖੌਲ ਕਰਦੇ ਹਨ, ਜੋ ਸਿਦਕ ਦੀ ਬੇੜੀ ਨੂੰ ਚਲਾਕੀ ਦੇ ਚੱਪੇ ਲਾਉਂਦੇ ਹਨ, ਜੋ ਸੱਚ ਦੀ ਗੱਡੀ ਨੂੰ ਕਪਟ ਦੇ ਪਹੀਏ ਜੋੜਦੇ ਹਨ, ਜੋ ਗੁਰੂ ਨਾਲ ਬੀ ਮਤਲਬੀ ਯਾਰ ਹਨ, ਤਦ ਅੱਜ ਗੁਰਪੁਰਬ ਹੈ, ਏਸ ਦੁਬਿਧਾ ਨੂੰ ਮਾਰ ਕੇ ਦੂਰ ਕਰੋ, ਅੱਜ ਗੁਰੂ ਤੋਂ ਭੁਲ ਬਖਸ਼ਾਕੇ ਸਚੇ ਸਿੰਘ ਬਣੋ, ਪੀਰਾਂ ਨਾਲ ਪੰਜ ਨਾਂ ਕਰੋ, ਏਹ ਗੁਰਪੁਰਬ ਦਾ ਵੇਲਾ ਅਮੋਲਕ ਹੈ, ਖਿਮਾਂ ਮੰਗੋ, ਖਿਮਾਂ ਕਰਾਓ ਤੇ ਸੱਚ ਦੀ ਬੇੜੀ ਚੜ੍ਹੋ। ਤਨ, ਮਨ, ਧਨ ਇੱਜ਼ਤ ਸਤਗੁਰੂ ਨੂੰ ਅਰਪੋ, ਜਿਵੇਂ ਗੁਰੂ ਰਖੇ। ਉਸੇ ਤਰ੍ਹਾਂ ਖੁਸ਼ ਰਹੋ ਤੇ ਸ਼ੁਕਰ ਕਰੋ।

''ਜੇ ਗੁਰ ਝਿੜਕੇ ਤਾ ਮੀਠਾ ਲਾਗੈ
ਬਖਸ਼ੇ ਤਾ ਗੁਰ ਵਡਿਆਈ''

## ੩. ਗੁਰਪੁਰਬ ਮਨਾਉਣ ਦੇ ਗੁਣ

ਗੁਰਪੁਰਬ ਦਾ ਮਨਾਉਣਾ ਬੜਾ ਭਾਰਾ ਲਾਭਦਾਇਕ ਹੈ, ਕੌਮੀ ਜੀਵਨ ਦਾ ਆਸਰਾ ਗੁਰਪੁਰਬ ਹੈ, ਧਾਰਮਕ ਜੀਵਨ ਦਾ ਆਸਰਾ ਗੁਰਪੁਰਬ ਹੈ, ਧਾਰਮਕ ਜੀਵਨ ਦਾ ਆਸਰਾ ਗੁਰਪੁਰਬ ਹੈ, ਭਾਈਚਾਰਕ ਜੀਵਨ ਦਾ ਆਸਰਾ ਗੁਰਪੁਰਬ ਹੈ, ਗੁਰਪੁਰਬ ਇਕ ਚੁੰਬਕ ਸ਼ਕਤੀ ਹੈ ਜੋ ਸਾਨੂੰ ਖਿਲਰਿਆਂ ਨੂੰ ਕੱਠਿਆਂ ਕਰਦੀ ਹੈ, ਟੁਟਿਆਂ ਨੂੰ ਜੋੜਦੀ ਤੇ ਵਿਛੜਿਆਂ ਨੂੰ ਮੇਲਦੀ ਹੈ। ਗੁਰਪੁਰਬ ਮਨਾਣ ਲਈ ਜਦ ਅਸੀ ਇਕੱਠੇ ਹੁੰਦੇ ਹਾਂ ਤਾਂ ਅਸੀ ਸ਼ੁਕਰ ਗੁਜ਼ਾਰੀਦਾ ਰਸ ਅਨਭਵ ਕਰਦੇ ਹਾਂ। ਜਿਨ੍ਹਾਂ ਮਹਾਂ ਪੁਰਖਾਂ ਨੇ ਸਾਡੇ ਸਿਰ ਉਪਕਾਰ ਕੀਤੇ ਹਨ ਉਨ੍ਹਾਂ ਦੇ ਕ੍ਰਿਤੱਗਯ ਬਣਦੇ ਹਾਂ। ਸਿਖਾਂ ਦੇ ਦਿਲਾਂ ਵੱਲੋਂ ਗੁਰਪੁਰਬ ਮਨਾਉਣਾ ਇਕ ਐਸੀ ਨਿਮਾਣੀ ਤੇ ਪਯਾਰ ਭਰੀ ਕਾਰ ਹੈ, ਜੈਸੇ ਬਾਲਕ ਦੇ ਪਿਆਰ ਭਰੇ ਨਿੱਕੇ ੨ ਕੰਮ ਪਿਤਾ ਦੇ ਦਿਲ ਨੂੰ ਮੋਹ ਲੈਂਦੇ ਹਨ। ਗੁਰਪੁਰਬ ਮਨਾਣ ਵਿਚ ਅਸੀ ਦੁਨੀਆਂ ਵਿਚ ਸੁਰਖਰੂ ਹੁੰਦੇ ਹਾਂ ਕਿ ਅਸੀਂ ਅਪਨੇ ਉਪਕਾਰੀਆਂ ਦੇ ਉਪਕਾਰ ਯਾਦ ਕਰਨੇ ਵਾਲੇ ਹਾਂ। ਗੁਰਪੁਰਬ ਮਨਾ ਕੇ ਅਸੀਂ ਅਪਨੀਆਂ ਇਸਤ੍ਰੀਆਂ ਤੇ ਬੱਚਿਆਂ ਦਾ ਪਿਆਰ

ਅਪਨੇ ਗੁਰਾਂ ਤੇ ਧਰਮ ਨਾਲ ਕਰਵਾਉਂਦੇ ਹਾਂ, ਗੁਰਪੁਰਬ ਓਹ ਦਿਨ ਹੈ ਜਿਸ ਦਿਨ ਪੀਨਾਂਗ, ਪਸ਼ੌਰ, ਭਾਮੂ, ਨਰੋਬੀ, ਇਨਸੀਨ, ਹੈਦਰਾਬਾਦ, ਕਲਕੱਤੇ ਤੇ ਗਿਲਗਿਤ ਵਿਚ ਬੈਠੇ ਸਿੱਖ, ਹਜਾਰਾਂ ਕੋਹਾਂ ਦੀ ਵਿੱਥ ਦੇ ਹੁੰਦਿਆਂ ਇਕ ਕਾਰ ਵਿੱਚ ਲਗੇ ਹੋਏ ਇਕ ਮਨ ਹੋ ਰਹੇ ਹੁੰਦੇ ਹਨ। ਇਹ ਓਹ ਭਾਗੀ ਭਰਿਆ ਵਕਤ ਹੈ ਕਿ ਜਦ ਸਾਰੇ ਸਿੱਖ ਕੰਮ ਛਡਕੇ ਗੁਰੂ ਦੀ ਯਾਦ ਵਿਚ ਮਗਨ ਹੋ ਜਾਂਦੇ ਹਨ। ਇਹ ਵੁਹ ਪਵਿਤ੍ਰ ਸਮਾਂ ਹੈ ਕਿ ਜਦ ਅਸੀਂ ਸਾਰੇ ਇਕ ਦੀਵਾਨ ਵਿਚ ਭਰਾ ਬਣਕੇ ਬੈਠਦੇ ਹਾਂ, ਤੇ ਸਾਰੇ ਅਨਭਵ ਕਰਦੇ ਹਾਂ ਕਿ ਅਸੀਂ ਭਰਾ ਹਾਂ, ਅਰ ਅਪਨੇ ਸਾਂਝੇ ਇਸ਼ਟ ਦੇ ਇਕ ਆਸਾ ਤੇ ਉਪਾਸ਼ਨਾਂ ਦਵਾਰਾ ਉਪਾਸ਼ਯ ਹੋ ਰਹੇ ਹਾਂ। ਤਾਂ ਤੇ ਮਿਤ੍ਰੋ! ਸੌ ਕੰਮ ਛਡਕੇ ਵੀ ਗੁਰਪੁਰਬ ਮਨਾਇਆ ਕਰੋ।

## ੪. ਕੀ ਕੁਛ ਕੁਰਬਾਨੀ ਕਰੋਗੇ ?

(੧) ਸਤਿਗੁਰ ਕਲਗੀਧਰ ਜੀ ਦੇ ਸਮੇਂ ਅੱਜ ਦੇ ਦਿਨ ਸਿਖ ਅਪਨੇ ਪਯਾਰੇ ਪੁਤ੍ਰ ਮਹਾਰਾਜ ਜੀ ਨੂੰ ਅਰਪਣ ਕੀਤਾ ਕਰਦੇ ਸਨ, ਕੀ ਅੱਜ ਆਪ ਇਕ ਪੁਤ੍ਰ ਅਰਪਣ ਕਰੋਗੇ ? ਨਹੀਂ, ਨਹੀਂ, ਏਹ ਬਹੁਤ ਹੈ, ਗੁਰੂ ਕੇ ਹਜ਼ੂਰ ਪ੍ਰਣ ਕਰੋ ਅਰ ਅਰਦਾਸਾ ਸੁਧਾਓ ਕਿ ਅਸੀ ਅਪਨੇ ਪੁਤ੍ਰ ਦਾ ਵਿਆਹ ਗੁਰ ਮਰਯਾਦਾ ਨਾਲ ਕਰਾਂਗੇ। ਇਸ ਵਿਚ ਪੁਤ੍ਰ ਤੁਹਾਥੋਂ ਵਿਛੜਦਾ ਨਹੀਂ, ਉਸ ਦੀ ਜਾਨ ਜੋਖੋਂ ਵਿਚ ਨਹੀਂ ਪੈਂਦੀ, ਤੁਹਾਡਾ ਕੁਛ ਹਰਜ ਨਹੀਂ, ਸਗੋਂ ਲਾਭ ਹੈ ਕਿ ਤੁਸੀ ਅਪਨੇ ਇਸ਼ਟ ਨਾਲ ਸੱਚੇ ਹੁੰਦੇ ਹੋ।

(੨) ਗੁਰੂ ਸਾਹਬ ਦੇ ਹਜ਼ੂਰ ਅਨੇਕ ਸਿੰਘ ਅਪਨਾ ਜੀਵਨ ਅਰਪਨ ਕਰਦੇ ਸਨ, ਅਰ ਫੌਜਾਂ ਵਿਚ ਸੀਸ ਦੇਂਦੇ ਸਨ, ਤੁਸੀ ਕੇਵਲ ਇਤਨੀ ਕੁਰਬਾਨੀ ਕਰੋ ਕਿ ਨੇਮ ਪੱਤ੍ਰ ਲਿਖ ਕੇ ਵਾਰਸਾਂ ਨੂੰ ਵਸੀਅਤ ਕਰ ਦਿਓ ਕਿ ਤੁਹਾਡਾ ਤੇ ਤੁਹਾਡੀ ਸਿੰਘਣੀ ਦਾ ਚਲਾਣਾ ਗੁਰਮਰਯਾਦਾ ਨਾਲ ਹੋਵੇ, ਇਸ ਵਿਚ ਆਪ ਦਾ ਵਿਗੜਦਾ ਕੁਝ ਨਹੀਂ, ਉਮਰ ਦੇ ਦਿਨ ਬੀ ਘਟਣ ਦਾ ਡਰ ਨਹੀਂ, ਸਗੋਂ ਮਨਮੁਖਤਾ ਦੀ ਅਟਕ

ਨਿਕਲ ਕੇ ਆਪਨੇ ਗੁਰੂ ਨਾਲ ਗੁਰਮੁਖ ਬਣੋਂਗੇ।

# ੫. ਖੇੜਾ ਪੰਜਵਾਂ

(ਸੰਮਤ ੪੩੫ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾ)

## ੧. ਸਾਨੂੰ ਗੁਰਪੁਰਬ ਕਰਨ ਜੋਗਾ ਕਿਸ ਨੇ ਰੱਖਿਆ ?

ਭਾਈ ਮਹਾਂ ਸਿੰਘ ਜੀ ਸੱਚੇ ਸ਼ਹੀਦ ਦੀ ਆਤਮਾ ਆਪਣੇ ਅੰਤਮ ਸੁਆਸਾਂ ਵੇਲੇ ਇਸ ਪ੍ਰਕਾਰ ਸੰਬਾਦ ਕਰਦੀ ਹੈ:

ਆਤਮਾ:—

ਹੋ ਜ਼ਿੰਦਗੀ ਦੀ ਕਾਰ ਚੁੱਕੀ, ਦੇਸ ਨਿਜ ਹੁਣ ਚੱਲੀਏ,
ਦੇ ਆਗਯਾ ਹੁਣ ਦੇਹ ਪਯਾਰੀ, ਨਾਲ ਖੁਸ਼ੀਆਂ ਘੱਲੀਏ।
ਧੰਨ ਹੈਂ ਤੂੰ ਧੰਨ ਪਯਾਰੀ, ਧੰਨ ਤੇਰਾ ਆਖੀਏ!
ਉਪਕਾਰ ਤੇਰੇ ਸਦਾ ਪਿਆਰੇ, ਰਿਦੇ ਅਪਨੇ ਰਾਖੀਏ!
ਤੂੰ ਧੰਨ ਹੈਂ ਜਿਨ ਕਰੀ ਕਿਰਪਾ, ਮੁਝ ਜੇਹੇ ਨੀਚ ਤੇ!
ਗੁਰ ਸੇਵ ਸੰਦਾ ਸਮਾਂ ਦਿੱਤਾ, ਰੱਖਿਆ ਜਗ ਕੀਚ ਤੇ।
ਦਾਸ ਕੋਲੋਂ ਸੇਵ ਕਲਗੀ, ਵਾਲੇ ਦੀ ਤੂੰ ਸੋਹਣੀਏਂ,
ਲੈ, ਰੋਗ ਬੇਮੁਖ ਹੋਣ ਦਾ, ਤੂੰ ਕੱਟਿਆ ਮਨ ਮੋਹਣੀਏਂ!
ਹਾਂ ਵਾਰਨੇ ਮੈਂ ਤੁਧ ਦੇ, ਤੂੰ ਸਫਲ ਗੁਰੂ ਸਵਾਰੀਏ!
ਹੁਣ ਦੇਹ ਛੁਟੀ ਚੱਲੀਏ, ਹੈ ਵਾਟ ਲੰਮੀ ਪਯਾਰੀਏ!

ਹੈ ਆਗਯਾ ਹੁਣ ਪ੍ਰਭੂ ਸੰਦੀ, ਪਹੁੰਚ ਪਈਏ ਘਰਾਂ ਨੂੰ,
ਹੈ ਸਿੱਕ ਦਰਸ਼ਨ ਪਿਤਾ ਕੇਰੀ, ਉੜ ਚਲਾਂ ਲਾ ਪਰਾਂ ਨੂੰ।

ਦੇਹ:—

ਹੋ ਤੁਰੇ ਜਾਂਦੇ ਲਾਲ ਜੀ ਨਹੀਂ ਅਟਕ ਸਕਦੇ ਜਰਾ ਬੀ,
ਜੀ ਨਹੀਂ ਚਾਹੇ ਵਿਛੜਨਾਂ, ਮੈਂ ਰੋਂਵਦੀ ਹਾਂ ਕਰਾਂ ਕੀ ?
ਚਲ ਸਕਾਂ ਨਾਹੀਂ ਨਾਲ ਮੈਂ, ਹਾਂ ਅੰਧ ਮਿੱਟੀ ਨੀਚ ਮੈਂ,
ਛਡ ਸਕਾਂ ਨਾਹੀਂ ਸੰਗ ਸੋਹਣਾ, ਰਿਦੇ ਖਾਵਾਂ ਪੀਚ ਮੈਂ।
ਹੋ ਤੁਸੀਂ ਆਤਮ ਰੂਪ ਜੀ, ਨਿਤ ਸਦਾ ਹੀ ਅਵਿਨਾਸ਼ ਹੋ।
ਮੈਂ ਖਿਣੇਂ ਹੋਰੋ ਹੋਰ ਹੁੰਦੀ, ਵਿਗੜਦੀ ਖਿਣ ਰਾਸ ਹੋ,
ਕਿਵੇਂ ਵਿਛੜਾਂ ਆਪ ਤੋਂ, ਮੈਂ ਆਪ ਦੇ ਬਿਨ ਨਾਸ ਹਾਂ,
ਸੁਰਜੀਤ ਸਾਂ ਮੈਂ ਲਗੀ ਚਰਨੀਂ, ਚਰਨ ਵਿਛੜੀ ਘਾਸ ਹਾਂ।

ਆਤਮਾ:

ਤੂੰ ਸਫਲ ਹੋਈ ਸਫਲ ਹੋਈ, ਨਹੀਂ ਛੁਟੜ ਪਿਆਰੀਏ।
ਹੁਕਮ ਹੈ ਗੁਰ ਰੱਬ ਦਾ ਏ, ਕਿਵੇਂ ਇਸਨੂੰ ਟਾਰੀਏ ?
ਟਾਰੀਏ ਨਾਂ ਧਾਰੀਏ, ਏ ਧਾਰ ਕੇ ਉਠ ਚੱਲੀਏ,
ਰਾਤ ਆਈ ਸਿਰੇ ਉੱਤੇ, ਜਾਇ ਪਤਣ ਮੱਲੀਏ।
ਦੇ ਆਗਯਾ ਹੁਣ ਚੱਲੀਏ, ਹੁਣ ਚਲੀਏ ਹੁਣ ਚੱਲੀਏ,
ਹੁਣ ਰੈਹਣ ਨਾਹੀਂ ਬਣੇ ਸਾਨੂੰ, ਚੱਲੀਏ ਹੁਣ ਚਲੀਏ।

ਦੇਹ:—

ਇਕ ਸੋਚ ਸੋਚੇ ਲਾਲ ਜੀ, ਹੈ ਕੌਮ ਟੁੱਟੀ ਗੁਰਾਂ ਤੋਂ,
ਇਉਂ ਛੱਡ ਟੁਟੀ ਤੁਰੇ ਜਾਂਦੇ, ਟੁੱਟੜੀ ਜੋ ਗੁਰਾਂ ਤੋਂ।
ਹੈ ਤੁਸਾਂ ਸੇਵਾ ਸਿਰੇ ਚਾੜ੍ਹੀ, ਆਪ ਸਨਮੁਖ ਚਲੇ ਹੋ,

ਕੌਮ ਬੇਮੁਖ ਰਹੀ ਪਿੱਛੇ, ਤੁਰਨ ਨੂੰ ਕਿਉਂ ਖਲੇ ਹੋ ?
ਹੁਣ ਤੁਰ ਚਲੇ ਹੋ ਆਪ, ਪਿਆਰੇ ਕੌਮ ਡੁੱਬੀ ਰਹੀ ਹੈ
ਧੰਨ ਸਿੱਖੀ ਆਪ ਦੀ ਹੈ, ਸਫਲ ਸਿੱਖੀ ਇਹੀ ਹੈ ?

ਆਤਮਾ:—

ਹਾਂ ਸੱਚ ਹੇ, ਏ ਸੱਚ ਪਿਆਰੀ, ਸਿੱਖ ਨਾਂ ਏ ਰਿਹਾ ਹੈ ।
ਆਪ ਹਾਂ ਉਠ ਚੱਲਿਆ , ਮੈਂ ਪੰਥ ਟੁਟਾ ਰਿਹਾ ਹੈ ।
ਹਾਂ ਧੰਨ ਹੈਂ ਤੂੰ ਦੇਹ ਮੇਰੀ, ਸਦਾ ਕੀਨ ਸਹਾਇਤਾ ।
ਸਦਾ ਦਿੱਤੀ ਡਾਢ ਚੰਗੀ, ਸਦਾ ਰਸਤੇ ਪਾਇਤਾ ।
ਹਾਂ ਪ੍ਰਭੂ ਪਿਆਰੇ, ਸੁਣੀਂ ਬਿਨਤੀ, ਮੌਤ ਰੋਕੀਂ ਪਯਾਰਿਆ ।
ਭੇਜ ਕਲਗੀ ਵਾਲੜੇ ਨੂੰ , ਭੇਜ ਲਾਲ ਦੁਲਾਰਿਆ ।
ਦੇਹ ਦਰਸ ਕਲਗੀ ਵਾਲਿਆ, ਆ ਬਹੁੜ ਵੇਲੇ ਅੰਤ ਦੇ ।
ਹੁਣ ਢਿੱਲ ਦਾ ਕੁਛ ਸਮਾਂ ਨਾਹੀਂ, ਦਰਸ ਸੱਚੇ ਕੰਤ ਦੇਹ ।
ਹਾਂ ਚੱਲਿਆ ਹਾਂ ਬਹੁੜ ਸਤਿਗੁਰ, ਬਹੁੜ ਕਲਗੀ ਵਾਲਿਆ ।
ਆਸ ਪੂਰੋ ਆਪ ਆ ਕੇ, ਆਇ ਫੌਜਾਂ ਵਾਲਿਆ ।
ਆ ਕਰੋ ਔਕੜ ਦੂਰ ਮੇਰੀ, ਕਰੋ ਸਨਮੁਖ ਆਪ ਹੀ ।
ਮੇਲ ਲੇਵੋ ਟੁਟ ਚੁਕੀ, ਆਪ ਮੇਲੋ ਆਪ ਹੀ ।
ਹਾ ! ਜਿੰਦ ਨਾਂ ਹੈ ਤੁਰੇ ਮੇਰੀ, ਹੁਕਮ ਨੂੰ ਹੈ ਟਾਲਦੀ ।
ਜੇ ਹੁਕਮ ਮੰਨੇ ਕਾਰ ਸਿੱਖੀ, ਰਤਾ ਨਾਹੀਂ ਪਾਲਦੀ ।
ਮੈਂ ਤੁਰਾਂ ? ਰਹਾਂ ਉਡੀਕ ਕਰਦਾ ? ਫਸ ਗਿਆ ਦੋ ਥੌੜ ਹਾਂ ।
ਝੁਕਾਂ ਜੇਕਰ ਇੱਕ ਪਾਸੇ, ਦੂਜਿਓਂ ਫਿਰ ਚੌੜ ਹਾਂ ।
ਤਿਲ ਨ ਵਧਣੀ ਉਮਰ ਹੈ ਵੇ, ਸਮੇਂ ਅਪਣੇ ਜਾਵਸੇਂ,
ਉਸ ਸਮੇਂ ਨਾਲੋਂ ਰਤਾ ਪੈਹਲੇ, ਪਯਾਰਿਆਂ ਜੇ ਆਵਸੇਂ ।
ਸੁਰਖ ਰੋਈ ਸਿੱਖ ਸੰਦੀ, ਹੋਇ ਕਲਗੀ ਵਾਲਿਆ ।
ਕਰ ਦਯਾ ਆਵੀਂ ਗੁਰੂ ਪਯਾਰੇ, ਬਹੁੜ ਬਹੁੜਨ ਵਾਲਿਆ ।

ਕਵੀ:—

ਇਸ ਸੋਚ ਦੇ ਵਿਚ ਸਿਖ ਸੀਗਾ, ਪਿਆ ਘਾਇਲ ਲੋਟਦਾ।
ਦੁੱਖ ਅਪਣੇ ਚਿੱਤ ਨਾਹੀਂ, ਕੌਮ ਮੇਲਣ ਲੋਚਦਾ।
ਜਾਨ ਟੁਟਦੀ ਕੜਕ ਮੁੜਦੀ, ਸਿੱਖ ਨੂੰ ਪਰਵਾਹ ਨਾਂ,
ਕਿਵੇਂ ਸਿਖੀ ਜਾਇ ਬਖਸ਼ੀ, ਰੜਕਦੀ ਏ ਚਾਹਿਨਾਂ।
ਮੇਲ ਜਾਵਾਂ ਕੌਮ ਟੁੱਟੀ, ਆਪ ਪਹਲੇ ਮਰਨ ਤੋਂ।
ਰਹੇ ਨਾਹੀਂ ਵਿਛੜ ਸਿੱਖੀ, ਗੁਰੂ ਸੰਦੀ ਸਰਨ ਤੋਂ
ਬਿਨੈ ਕਰਦਾ ਗੁਰੂ ਅੱਗੇ, ਪਿਆ ਧਰ ਸਿਰ ਮੂਧ ਹੈ।
ਲਹੂ ਵਗਦਾ ਫੱਟ ਚੀਸਣ, ਪਰ ਨ ਇਸਦੀ ਸੂਧ ਹੈ।
ਸੂਧ ਹੈ ਇਸ ਬਾਤ ਸੰਦੀ, ਦਰਸ ਗੁਰ ਦਾ ਪਾ ਲਵਾਂ।
ਚਰਨ ਪਕੜਾਂ ਗੁਰੂ ਕੇਰੇ, ਪੰਥ ਨੂੰ ਬਖਸ਼ਾ ਲਵਾਂ।
ਓ ਪੰਥ ਪਾਲਕ ਗੁਰੂ ਪਯਾਰੇ, ਪਯਾਰ ਕਰਦੇ ਸਾਰਿਆਂ,
ਪਯਾਰਦੇ ਹਰ ਸਿੱਖ ਨੂੰ, ਜੋ ਗਿਆ ਸੀਗਾ ਮਾਰਿਆ।
ਆ ਸਹਕਦੇ ਦੇ ਪਾਸ ਬੈਠੇ, ਲਹੂ ਪੂੰਝਣ ਚਿਹਰਿਓਂ।
ਗਰਦ ਝਾੜਨ ਆਪ ਹੱਥੀਂ, ਧੰਨ ਤੇਰੀ ਮੇਹਰ ਓ।
ਗੋਦ ਅਪਨੀ ਸਿੱਖ ਸੰਦੇ, ਆਪ ਸਿਰ ਨੂੰ ਰੱਖਿਆ।
ਨੈਨ ਖੁੱਲ੍ਹੇ ਦੇਖਦੇ ਹੈ, ਸਿੱਕ ਪੂਰੀ ਗਈ ਹੈ,
ਚਿਤ ਜੋ ਮੈਂ ਚਿਤਵਦਾ ਸਾਂ, ਚਿਤਵਨੀ ਓਹ ਲਈ ਹੈ।
ਅੱਖ ਦੇ ਤਿਲ ਵਿਚ ਗੁਰ ਦਾ, ਰੂਪ ਹੈ ਪਰਕਾਸ਼ਦਾ।
ਮਿਹਰ ਦਾ ਝਲਕਾਰ ਹੈ, ਹੈ ਪ੍ਰੇਮ ਰੰਗ ਬਿਗਾਸਦਾ।
ਗੁਰ ਹੋਇ ਬਿਹਬਲ ਕਹਨ ਪਯਾਰੇ, ਮੰਗ ਜੋ ਤੂੰ ਚਾਹਿ ਹੈ।
ਚਾਹਿੰਗਾ ਸੋ ਪਾਹਿੰਗਾ, ਘਰ ਮੈਂਡੜੇ ਨਹੀਂ ਨਾਂਹਿ ਹੈ।
ਉਸ ਧੰਨ ਮੁਖ ਸਿੱਖ ਧੰਨ ਤੋਂ, ਬਲਿਹਾਰ ਹੋਵੇ ਖਾਲਸਾ।
ਓਹ ਬੁੱਲ੍ਹ ਖੁਲ੍ਹੇ ਅੰਤ ਦੇ, ਓਹ ਬੋਲਦੇ ਕੀ ਖਾਲਸਾ।

ਓਹ ਆਖਦੇ ਕੀ ਬੁੱਲ੍ਹ ਪਾਵਨ, ਬੋਲਦੇ ਕੀ ਬੈਨ ਹੈ।
ਉਸ ਬੋਲਨੇ ਦਾ ਖਾਲਸਾ ਜੀ, ਅੱਜ ਸਾਨੂੰ ਚੈਨ ਹੈ।
ਓਹ ਬੁੱਲ੍ਹ ਮਿਟਣੇ ਪਹਿਲਿਓਂ, ਕੀ ਬੋਲਦੇ ਹਨ ਸੋਹਿਣਾ।
ਓਹ ਬੋਲਨਾਂ ਸੀ ਅੰਤ ਦਾ, ਅਤਿ ਪਯਾਰ ਦਾ ਮਨ ਮੋਹਿਣਾ।
ਦੋ ਹੱਥ ਨਿਰਬਲ ਨਾਲ ਜੁੜਦੇ, ਅੱਖੀਆਂ, ਵਿਰਲਾਪ ਕੇ।
ਏਹ ਮਧੁਰ ਬੋਲੀ ਬੋਲਦੇ, ਤੇ ਰਾਗ ਮੇਲ ਅਲਾਪ ਕੇ।
ਹੇ ਬਿਨੈ ਆਖਣ ਗੁਰੂ ਅੱਗੇ, ਵਾਜ ਸੁਣੀਂ ਨਾ ਜਾਂਵਦੀ।
ਕੰਨ ਨੀਵੇਂ ਗੁਰੂ ਕਰਦੇ, ਵਾਜ ਕੀ ਮੈਂ ਆਂਵਦੀ?
''ਟੁਟੜੀ ਨੂੰ ਮੇਲ ਲੇਵੋ, ਗੰਢ ਲੇਵੋ ਉਛੜੀ''।
ਬੇਦਾਵ ਪਤ੍ਰ ਪਾੜ ਸੱਟੋ, ਕਜ ਲੇਵੋ ਉਛੱੜੀ''।
ਏਹ ਨਰਮ ਧੀਮੀਂ ਵਾਜ ਸੀਗੀ, ਮਲ੍ਹਮ ਮੇਲਣ ਵਾਲੜੀ,
ਏਹ ਪ੍ਰੇਮ ਦੀ ਸੀ ਰਾਗਣੀ, ਸਭ ਪਾੜ ਮੇਲਣ ਵਾਲੜੀ।
ਓਹ ਗੁਰੂ ਹਿਰਦਾ ਪ੍ਰੇਮ ਵਾਲਾ, ਦੇਖ ਸਿੱਖੀ ਪਯਾਰ ਨੂੰ।
ਦ੍ਰਵ ਗਿਆ ਹੱਦੋਂ ਲੰਘਕੇ, ਪਿਖ ਸਿੱਖ ਦੀ ਇਸ ਕਾਰ ਨੂੰ।
ਝਟ ਕੱਢ ਕਾਗਤ ਖੀਸਿਓਂ, ਦਿਖਲਾਇ ਪਯਾਰੇ ਸਿੱਖ ਨੂੰ।
ਓਹ ਪਾੜ ਦਿੱਤਾ ਉਸੀ ਵੇਲੇ, ਠੰਢ ਪਾਈ ਸਿੱਖ ਨੂੰ।
ਫਿਰ ਲਾਇ ਛਾਤੀ ਨਾਲ ਸਿਰ ਨੂੰ, ਗੁਰੂ ਉਸਨੂੰ ਆਖਦੇ।
ਤੈਂ ਲਈ ਸਿੱਖੀ ਵਾਸਤੇ, ਕੁਝ ਮੰਗ ਅਪਨੇ ਵਾਸਤੇ।
ਓਹ ਮੰਗਦਾ ਕੀ ? ਆਪ ਸੀ ਓ ਗੁਰੂ ਦਾ ਤੇ ਗੁਰੂ ਨੂੰ,
ਉਨ ਸੌਂਪ ਦਿਤਾ ਸੀਗ ਆਪਾ ਪੰਥ ਨੂੰ ਅਰ ਗੁਰੂ ਨੂੰ।
ਓਹ ਆਖਦਾ ਹੇ ਗੁਰੂ ਦੇਵੋ, ਦਾਨ ਮੈਨੂੰ ਅੰਤ ਨੂੰ।
ਮੇਲ ਲੇਵੋ ਮੇਲ ਲੇਵੋ, ਬਖਸ਼ ਲੇਵੋ ਪੰਥ ਨੂੰ।

ਗੁਰੂ ਜੀ:—

ਮੇਲ ਲੀਤੀ ਸਿਖ ਪਿਆਰੇ, ਵਿਥ ਰਹੀ ਨਾ ਰਤਾ ਹੈ,

ਧੰਨ ਸਿੱਖੀ ਧੰਨ ਸਿੱਖੀ ਧੰਨ ਸਿੱਖੀ ਮਾਤਾ ਹੈ।
ਤੂੰ ਜਾਉ ਸੌਖਾ ਪਾਇ ਵਾਸਾ, ਵਿਚ ਖਾਸ ਸਰੂਪ ਦੇ,
ਸਚਖੰਡ ਵਾਸੀ ਹੋਇ ਪਯਾਰੇ, ਦਰਸ ਕਰ ਪ੍ਰਭ ਰੂਪ ਦੇ।
ਤੂੰ ਮੇਲ ਲੀਤਾ ਟੁਟਿਆਂ ਨੂੰ, ਆਪ ਮਿਲਿਓਂ ਕੰਤ ਨੂੰ,
ਸਦਾ ਮਿਲਿਓਂ ਸਦਾ ਮਿਲਿਓਂ ਸਦਾ ਮਿਲਿਓਂ ਕੰਤ ਨੂੰ।
''ਧੰਨ ਸਤਗੁਰ '' ਸਿੱਖ ਆਖੇ, ਮੀਟਿਆ ਮੁਖ ਗਿਆ ਸੀ,
ਨੈਣ ਮੀਟੇ ਗਏ ਸੇ ਜੁਟ, ਹੱਥ ਦਾ ਖੁਲ੍ਹ ਪਿਆ ਸੀ।
ਸਿੱਖ ਪੂਰਾ ਹੋ ਗਿਆ, ਗੁਰ ਗੋਦ ਪਯਾਰਾ ਵੱਸਿਆ,
ਦਰਬਾਰ ਉਜਲ ਮੁਖੜਾ ਲੈ, ਜਾ ਸਰੂਪੇ ਵੱਸਿਆ
ਫਿਰ ਆਪ ਕਲਗੀ ਵਾਲੜੇ ਲੇ, ਸਿਖ ਸਾਰੀ ਦੇਹੀਆਂ,
ਆਪ ਕਰ ਸਸਕਾਰ ਸਭੇ, ਸਫਲ ਆਪ ਕਰੇਹੀਆਂ।
ਹੈ ਅੱਜ ਸਿੱਖੀ ਅਸਾਂ ਪਾਸੇ ਨਜ਼ਰ ਮਿਤ੍ਰੋ ਆਂਵਦੀ।
ਇਹ ਬਖਸ਼ਸੀ ਇਸ ਸਿੱਖਦੀ ਜਿਨ ਮੌੜਆਂਦੀ ਜਾਂਵਦੀ।
ਗੁਰਪੁਰਬ ਦੇ ਆਨੰਦ ਦੇ, ਜੋ ਅਸੀ ਭਾਗੇ ਹੋ ਰਹੇ,
ਉਪਕਾਰ ਹੈ ਇਸ ਸਿੱਖ ਦਾ, ਜਿਸ ਕਾਰਣੇ ਸਭ ਬਚ ਰਹੇ।
ਸ਼ੁਕਰ ਇਸਦੀ ਆਤਮਾਂ ਦਾ, ਕਰੋ ਸਾਰੇ ਖਾਲਸਾ!
ਇਹ ਮੱਤ ਸਿੱਖੋ ਸਿਖ ਵਾਲੀ, ਇਹੋ ਰੱਖੋ ਲਾਲਸਾ।
ਮਿਲ ਆਪ ਗੁਰ ਨੂੰ ਮੇਲ ਲਈਏ ਵਿਛੜੇ ਗੁਰ ਤੋਂ ਜੋ ਰਹੇ,
ਧੰਨ ਧੰਨ ਹੋਈਏ ਖਾਲਸਾ, ਗੁਰ ਅਸਾਂ ਤਾਈਂ ਸਿਖ ਕਹੇ।

# ੬. ਖੇੜਾ ਛੇਵਾਂ

(ਸੰਮਤ ੪੩੬ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾਂ)

## ੧. ਅੱਜ ਕੀ ਹੋਣਾ ਚਾਹੀਦਾ ਹੈ !

ਅੱਜ ਗੁਰਪੁਰਬ ਸਪਤਮੀ ਹੈ ਅਰ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਾ ਦਿਨ ਹੈ। ਮੂਰਤੀ ਪੂਜਕ ਕੌਮਾਂ ਦੀ ਤਰਾਂ ਖਾਲਸੇ ਨੇ ਅੱਜ ਇਹ ਨਹੀਂ ਸਮਝਣਾ ਕਿ ਓਹ ਅੱਜ ਜਨਮ ਰਹੇ ਹਨ ਅਰ ਕੋਈ ਐਸੀ ਰਸਮ ਕੀਤੀ ਜਾਵੇ। ਨਾ ਹੀ ਕੇਵਲ ਪੱਛਮੀ ਲੋਕਾਂ ਵਾਂਗ ਮਠਿਆਈ ਫਲਾਂ ਵਿਚ ਮਸਤ ਰਹਿਣਾ ਹੈ, ਨਾਂ ਈਦ ਦੀ ਤਰਾਂ ਚਿੱਟੇ ਕਪੜੇ ਤੇ ਚਾਨਣੀਆਂ ਜੁਤੀਆਂ ਦੀ ਮਸਤੀ ਵਿਚ ਝੁਕ ਜਾਣਾ ਹੈ, ਨਾਂ ਹੀ ਸੁਤੰਤ੍ਰ ਖਯਾਲ ਲੋਕਾਂ ਵਾਂਗ ਨਿਰਾ ਯਾਦਗਾਰ ਦਾ ਦਿਨ ਜਾਣਕੇ ਅਪਨੇ ਮਤਲਬ ਦੇ ਗਹਰੇ ਗੱਫੇ ਰੰਗ ਤਮਾਸ਼ਿਆਂ ਵਿਚ ਰਹ ਜਾਣਾ ਹੈ, ਪਰ ਅਸਾਂ ਨੇ ਅੱਜ ਕ੍ਰਿਤੱਗਯ ਬਣਕੇ ਦਿਖਾਣਾ ਹੈ, ਅਰਥਾਤ ਸਪਤਮੀ ਨੂੰ ਅਸਾਂ ਏਹ ਕਰਨਾ ਹੈ ਕਿ ਅਸੀਂ ਕਲਗੀਧਰ ਜੀ ਦੇ ਉਪਕਾਰਾਂ ਨੂੰ ਜਾਣਨ ਵਾਲੇ ਹਾਂ ਅਰ ਮੰਨਣ ਵਾਲੇ ਹਾਂ। ਇਸ ਪਰ ਹੁਣ ਦੋ ਸ਼ੰਕਾਂ ਹੁੰਦੀਆਂ ਹਨ:— ਕੀ ਕਲਗੀਧਰ ਜੀ ਨੂੰ ਸਾਡੇ ਕ੍ਰਿਤੱਗਯ ਹੋਣ ਦਾ ਲਾਭ ਪਹੁੰਚਦਾ ਹੈ, ਅਰ ਕ੍ਰਿਤਗਯ ਹੋ ਕੇ ਅਸਾਂ ਉਨ੍ਹਾਂ ਦੇ ਉਪਕਾਰਾਂ ਦਾ ਅਹਸਾਨ ਉਤਾਰਨਾ ਹੈ ? ਦੂਜਾ ਇਹ ਹੈ ਕਿ ਕੇਵਲ ਕੀਤਾ ਜਾਣਨ ਨਾਲ ਸਾਨੂੰ ਕੀ ਲਾਭ ਪਹੁੰਚ ਸਕਦਾ ਹੈ ? ਇਨ੍ਹਾਂ ਦੋਹਾਂ ਬਾਤਾਂ ਦੀ ਵਿਚਾਰ ਇਕ ਗੱਲ ਦੇ ਸਮਝਣ ਨਾਲ ਖੁਲ੍ਹ ਸਕਦੀ ਹੈ। ਓਹ ਇਹ ਕਿ ਸਾਡੇ ਕ੍ਰਿਤੱਗਯ ਹੋਣ ਦਾ ਕੀ ਸਰੂਪ ਹੈ ? ਅਰਥਾਤ ਕਿਸ ਗੱਲ ਨੂੰ ਅਸੀਂ ਆਖਦੇ ਹਾਂ ਕਿ ਇਹ

ਗੁਰਾਂ ਦਾ ਕੀਤਾ ਜਾਣਨਾ ਹੈ ? ਕੇਵਲ ਇਤਹਾਸ (ਸਾਖੀਆਂ) ਨੂੰ ਕੰਠ ਕਰ ਲੈਣਾ ਏਹ ਕ੍ਰਿਤੱਗਯਤਾ ਨਹੀਂ ਹੈ, ਲੈਕਚਰ ਦੇ ਲੈਣੇ ਯਾ ਸੁਣ ਲੈਣੇ ਏਹ ਕ੍ਰਿਤੱਗਤਾ ਨਹੀਂ ਹੈ, ਕੇਵਲ ਜਾਣ ਲੈਣਾ ਕਿ ਅਸੀ ਕੀਤਾ ਜਾਣਦੇ ਹਾਂ, ਏਹ ਕ੍ਰਿਤੱਗਤਾ ਨਹੀਂ ਹੈ, ਨਹੀਂ ਨਹੀਂ, ਅੰਤਹ ਕਰਨ ਵਿਚ ਅਨੁਭਵ ਕਰ ਲੈਣਾ ਅਰ ਉਸ ਯਾਦ ਨਾਲ ਦ੍ਰਵ ਜਾਣ ਨਾਲ ਬੀ ਓਹ ਪੂਰੀ ਕ੍ਰਿਤੱਗਯਤਾ ਨਹੀਂ ਆਉਂਦੀ ਜੋ ਕ੍ਰਿਤੱਗਯਤਾ ਕਿ ਕਲਗੀਧਰ ਜੀ ਸਾਥੋਂ ਚਾਹੁੰਦੇ ਹਨ ਕਿ ਜੋ ਅਸੀਂ ਸੰਸਾਰ ਨੂੰ ਬਣਾਉਣਾ ਚਾਹੁੰਦੇ ਹਾਂ, ਲੋਕੀ ਓਹ ਕੁਝ ਬਣ ਜਾਣ। ਜੇਹੜਾ ਸਿੱਖ ਵੈਸਾ ਸਿੱਖ ਬਣ ਗਿਆ ਹੈ ਕਿ ਜੈਸਾ ਹਰੇਕ ਪ੍ਰਾਣੀ ਮਾਤ੍ਰ ਨੂੰ ਕਲਗੀਧਰ ਜੀ ਬਣਾਇਆ ਲੋਚਦੇ ਹਨ ਸੋ ਕ੍ਰਿਤੱਗਯ ਹੋ ਗਿਆ ਹੈ। ਉਸ ਨੇ ਜਾਣ ਲਿਆ ਹੈ ਕਿ ਕਲਗੀਧਰ ਜੀ ਨੇ ਮੇਰੇ ਸਿਰ ਕੀ ਉਪਕਾਰ ਕੀਤਾ ਹੈ। ਸਾਡੇ ਸਤਗੁਰੂ ਹਉਮੈ ਅਤੀਤ ਸੇ, ਓਹ ਦਾਤੇ ਸਾਥੋਂ ਬਦਲਾ ਨਹੀਂ ਚਾਹੁੰਦੇ, ਸਾਡੀ ਸ਼ੁਕਰ ਗੁਜ਼ਾਰੀ ਬੀ ਓਹ ਅਪਨੀ ਮਹਿੰਮਾ ਦੀ ਸ਼ਕਲ ਵਿਚ ਲੋਚਦੇ ਹਨ। ਜਿਸ ਸਿੱਖ ਨੇ ਸ੍ਰੀ ਕਲਗੀਧਰ ਜੀ ਦੇ ਹੁਕਮ ਅਨੁਸਾਰ ਅਪਨਾ ਜੀਵਨ ਬਣਾ ਲਿਆ ਹੈ, ਉਸ ਨੂੰ ਕਲਗੀਧਰ ਜੀ ਕ੍ਰਿਤੱਗਯ ਜਾਣਦੇ ਹਨ। ਜਦ ਗੁਰੂ ਜੀ ਸਾਡੀ ਕ੍ਰਿਤੱਗਯਤਾ ਦਾ ਏਹ ਸਰੂਪ ਦੇਖਦੇ ਹਨ ਤਾਂ ਪਿਛੇ ਕਹੇ ਦੋਨੋਂ ਪ੍ਰਸ਼ਨਾਂ ਦੇ ਉਤਰ ਆ ਗਏ। ਹੁਣ ਆਪ ਵਿਚਾਰ ਲਓ ਕਿ ਉਨ੍ਹਾਂ ਨੂੰ ਕੀ ਲਾਭ ਪਹੁੰਚਦਾ ਹੈ, ਜਿਨ੍ਹਾਂ ਤੋਂ ਸਾਰੇ ਲਾਭ ਨਿਕਲਦੇ ਹਨ ? ਉਨ੍ਹਾਂ ਦਾ ਇਹੋ ਲਾਭ ਹੈ ਕਿ ਉਨ੍ਹਾਂ ਦੇ ਬਖਸ਼ੇ ਲਾਭ ਤੋਂ ਅਸੀ ਫਾਇਦਾ ਉਠਾਈਏ। ਉਨ੍ਹਾਂ ਲੋਚਾ ਪੂਰਨ ਸਤਗੁਰਾਂ ਨੂੰ ਇਹੋ ਲੋੜ ਹੈ ਕਿ ਅਸੀਂ ਅਪਨੀਆਂ ਲੋੜਾਂ ਉਨ੍ਹਾਂ ਦੀਆਂ ਬਖਸ਼ਸ਼ਾਂ ਨਾਲ ਪੂਰ ਲਈਏ। ਸਿੱਟਾ ਕੀ ਨਿਕਲਿਆ ਕਿ ਹਰ ਤਰਾਂ ਸਾਨੂੰ ਹੀ ਲਾਭ ਪਹੁੰਚਦਾ ਹੈ। ਹੁਣ ਜੇ ਅਸੀਂ ਐਸੇ ਦਾਤੇ ਤੋਂ ਜੋ ਸਭ ਤਰਾਂ ਸਾਨੂੰ ਲਾਭ ਪੁਚਾਵੇ, ਲਾਭ ਨਾ ਉਠਾਈਏ ਤਦ ਅਸੀਂ ਅਪਨੇ ਆਪ ਦੇ ਆਪ ਵੈਰੀ ਹਾਂ। ਤਾਂ ਤੇ ਆਓ ਮਿਤ੍ਰ ! ਕ੍ਰਿਤੱਗਯ ਬਣੀਏਂ, ਇਸ ਵਿਚ ਨਿਰਾ ਸਾਡਾ ਹੀ ਲਾਭ ਹੈ। ਜੇ ਅਸੀਂ ਅਪਨਾ ਜੀਵਨ ਵੈਸਾ ਪਵਿੱਤ੍ਰ, ਵੈਸਾ ਬੀਰ, ਵੈਸਾ ਉਪਕਾਰੀ, ਵੈਸਾ ਸ਼ਬਦ ਪਯਾਰਾ ਨਾ ਬਣਾਈਏ ਕਿ ਜੈਸਾ ਸਤਗੁਰਾਂ ਨੇ ਕਿਹਾ ਹੈ, ਤਾਂ ਅਸੀਂ ਬੜੇ ਭਾਰੇ ਕ੍ਰਿਤਘਣ ਹਾਂ, ਜਿਨ੍ਹਾਂ ਨੇ ਸਾਰੇ ਉਪਕਾਰ ਵਿਸਾਰ ਦਿੱਤੇ ਹਨ। ਯਾਦ ਕਰੋ ਉਨ੍ਹਾਂ ਦੁਖਾਂ ਨੂੰ, ਚੇਤੇ ਕਰੋ ਉਨ੍ਹਾਂ ਖੇਦਾਂ

ਨੂੰ, ਸਿਮਰਨ ਕਰੋ, ਉਨ੍ਹਾਂ ਤਕਲੀਫਾਂ ਨੂੰ, ਅਗੇ ਲਿਆਓ ਉਨ੍ਹਾਂ ਸਾਰਿਆਂ ਦੁਖ ਭਰੇ ਨਕਸ਼ਿਆਂ ਨੂੰ ਜੋ ਸਾਡੀ ਖਾਤਰ ਕਲਗੀਧਰ ਜੀ ਨੇ ਅਪਨੇ ਤੇ ਅਪਨੇ ਪਰਵਾਰ ਉਪੱਰ ਝੱਲੇ, ਇਸ ਲਈ ਨਹੀਂ ਕਿ ਅਸੀਂ ਰਾਜੇ ਹੋ ਕੇ ਵਿਸ਼ੇ ਵਿਕਾਰਾਂ ਵਿਚ ਪੈ ਜਾਈਏ ਅਰ ਖੁਦਗਰਜ਼ ਐਹਲਕਾਰਾਂ ਦੀਆਂ ਉਗਲਾਂ ਦੀਆਂ ਬੁਲਬੁਲਾਂ ਬਣ ਜਾਈਏ ; ਇਸ ਲਈ ਨਹੀਂ ਕਿ ਅਸੀਂ ਬੋਤਲਾਂ ਦੇ ਪ੍ਰੇਮੀ, ਪੇਰਨੀਆਂ ਦੇ ਦਾਤੇ, ਮਿਰਾਸੀਆਂ ਦੇ ਸ਼ਾਹ ਸਰਦਾਰ ਬਣ ਜਾਈਏ, ਇਸ ਲਈ ਨਹੀਂ ਕਿ ਅਸੀਂ ਸੁਦਾਗਰੀਆਂ ਕਰਕੇ ਨਾਚਾਂ ਰੰਗਾਂ ਦੇ ਮਤਵਾਲੇ, ਕਪਟੀ ਅਰ ਲੁਟੇਰੇ ਹੋ ਜਾਈਏ, ਇਸ ਲਈ ਨਹੀਂ ਕਿ ਕਿਰਤੀ ਹੋਕੇ ਸਾਡਾ ਦਿਨ ਮਜ਼ੂਰੀ ਤੇ ਰਾਤ ਆਲਸ ਵਿਚ ਗਰਕ ਹੋ ਜਾਏ, ਇਸ ਲਈ ਨਹੀਂ ਕਿ ਅਸੀਂ ਉਪਦੇਸ਼ਕ ਬਣਕੇ ਗੁਰ ਉਪਕਾਰਾਂ ਦੀਆਂ ਟਾਹਰਾਂ ਮਾਰੀਏ ਤੇ ਅੰਦਰ ਕਾਲੀ ਰਾਤ ਘੁਪ ਪਈ ਰਹੇ, ਇਸ ਲਈ ਨਹੀਂ ਕਿ ਪੰਥ ਦੇ ਕਾਮੇ ਅਖਵਾ ਕੇ ਤੇ ਫੂਟ ਦੇ ਰਾਹਕ ਬਣੀਏਂ ਅਰ ਹੰਕਾਰ ਨਾਲ ਲੂਸੇ ਜਾਈਏ। ਪਰ ਇਸ ਲਈ ਕਿ ਉਸ ਪਿਤਾ ਦੇ ਯੋਗ ਪੁਤ੍ਰ ਬਣੀਏਂ ਕਿ ਜਿਸਨੇ ਅਪਨੇ ਜਾਏ ਪੁਤ੍ਰ ਸਾਥੋਂ ਵਾਰ ਸਿਟੇ, ਜਿਸ ਦੈਵੀ ਪਿਤਾ ਨੇ ਸਾਨੂੰ ਰੁਲਦਿਆਂ ਨੂੰ ਗੋਦੀ ਪਾਯਾ ਤੇ ਅਪਨੇ ਗੋਦੀ ਖੇਡਦਿਆਂ ਨੂੰ ਸਾਡੀ ਖਾਤਰ ਬਲੀ ਦਾਨ ਦੇ ਦਿਤਾ। ਕਿਆ ਇਹ ਪਰਮ ਜਰੂਰੀ ਨਹੀਂ ਹੈ ਕਿ ਸਾਡਾ ਜੀਵਨ ਉਨ੍ਹਾਂ ਦੀ ਜ਼ਿੰਦਾ ਤਸਵੀਰ ਹੋਵੇ ? ਕਿਆ ਸਾਡੀ ਆਤਮਾ, ਸਾਡਾ ਮਨ, ਸਾਡਾ ਸਰੀਰ ਉਨ੍ਹਾਂ ਦੁਲਾਰਿਆਂ ਵਰਗਾ ਪ੍ਰਬੀਨ ਪਵਿਤ੍ਰ ਤੇ ਪੂਰਨ ਨਹੀਂ ਹੋਣਾ ਲੋੜੀਂਦਾ ? ਹੁਣ ਜ਼ਰਾ ਸਾਰੇ ਜਣੇਂ ਹੰਕਾਰ ਤੇ ਮਾਣ ਛਡਕੇ ਸੱਚੇ ਦਿਲ ਨਾਲ ਸੋਚੋ ਕਿ ਅਸੀਂ ਕਿੱਥੇ ਹਾਂ, ਸਾਡੀਆਂ ਜੀਵਾਂ ਦਾ ਉਨ੍ਹਾਂ ਪਵਿਤ੍ਰ ਆਤਮਾਂ ਨਾਲ ਕੀ ਮੁਕਾਬਲਾ ਹੈ ? ਕਿਆ ਅਸੀਂ ਇਸ ਦਸ਼ਾ ਵਿਚ ਉਸ ਪਿਤਾ ਦੇ ਪੁਤ੍ਰ ਕਹਲਾ ਸਕਦੇ ਹਾਂ ? ਜੇ ਅਸਾਂ ਅਪਨੇ ਵਿਚ ਪੁਤ੍ਰ ਪਣੇ ਦੀ ਯੋਗਤਾ (ਲਾਇਕ) ਕੱਢ ਦਿਤੀ ਹੈ, ਤਦ ਆਪ ਹੀ ਦੱਸੋ ਅਸੀਂ ਕੀਤਾ ਜਾਣਨ ਵਾਲੇ ਹਾਂ ? ਜਿਸ ਪਿਤਾ ਨੇ ਅਪਨੇ ਅਮੋਲਕ ਲਾਲ ਸਾਥੋਂ ਵਾਰੇ , ਜੇ ਅਸੀਂ—ਜਿਨ੍ਹਾਂ ਦੀ ਏਡੀ ਖਾਤਰ ਹੋਈ—ਕੱਚੇ ਬਣ ਗਏ ਤਦ ਅਸੀਂ ਕਿਆ ਕ੍ਰਿਤੱਗਯ ਹਾਂ ? ਕਿਆ ਪੁਸਤਕਾਂ ਲਿਖ ਕੇ, ਲੈਕਚਰ ਦੇ ਕੇ, ਦੀਵਾਨ ਵਿਚ ਬੈਠ ਕੇ, ਰੁਪਯੇ ਦੇ ਕੇ, ਨੁਕਤਾ ਚੀਨੀ ਕਰਕੇ, ਅਪਨੇ ਜੀਵਨਾਂ ਨੂੰ ਗੰਦਿਆਂ ਰਖਦੇ ਹੋਏ ਅਸੀਂ ਉਮੈਦ ਕਰ ਸਕਦੇ

ਹਾਂ ਕਿ ਅਸੀਂ ਕ੍ਰਿਤੱਗਯ ਹੋ ਗਏ ਹਾਂ ? ਸਤਗੁਰੂ ਅਪਨੀ ਕੀਰਤੀ ਦੇ, ਅਪਨੇ ਜੱਸ ਦੇ, ਅਪਨੀ ਮਹਿਮਾਂ ਦੇ ਭੁੱਖੇ ਨਹੀਂ ਹਨ, ਗੁਰੂ ਜੀ ਬਦਲੇ ਨਹੀਂ ਚਾਹੁੰਦੇ, ਗੁਰੂ ਜੀ ਸਾਡੀ ਕਲਯਾਨ ਚਾਹੁੰਦੇ ਹਨ। ਪਰ ਅਸੀਂ ਹਾਂ ਕਿ ਅਪਨਾ ਬੁਰਾ ਲੋਚਦੇ ਹਾਂ। ਪਿਤਾ ਜੋ ਐਸਾ ਹੋਵੇ ਜੋ ਸਰਬੰਸ ਸਾਥੋਂ ਵਾਰੇ, ਜੋ ਝੋਲੀ ਅੱਡ ਕੇ ਸਾਨੂੰ ਹਾਕਰਾਂ ਮਾਰੇ, ਜੋ ਔਕੜਾਂ ਤੋਂ ਕੱਢਕੇ ਅਪਨੇ ਵਿਹੜੇ ਵਾੜੇ ਤਾਂ ਧ੍ਰਿਕਾਰ ਹੈ ਸਾਡੇ ਕਿ ਜੇ ਅਸੀ ਉਸ ਯੋਗ ਪਿਤਾ ਦੇ ਯੋਗ ਪੁਤ੍ਰ ਬਣਨ ਦਾ ਸੱਚਾ ਯਤਨ ਨਾ ਕਰੀਏ ? ਪਿਤਾ ਸੱਦੇ ਅਪਨੀ ਗੋਦ ਵਿਚ ਪਰ ਅਸੀਂ ਜਾਈਏ ਚਿੱਕੜਾਂ ਵਿਚ, ਇਹ ਸਾਡੀ ਕ੍ਰਿਤੱਗਯਾਤਾ ਹੈ। ਗੁਰੂ ਤਾਂ ਕਹੇ ਏਹ ਮੇਰੇ ਪੁਤ੍ਰ ਹਨ, ਤੇ ਅਸੀਂ ਓਹ ਜੀਵਨ ਬਸਰ ਕਰੀਏ ਕਿ ਜਦ ਪੁੱਤ੍ਰ ਪਣੇ ਦੀ ਕਸਵੱਟੀ ਦਾ ਸਮਾਂ ਆਵੇ ਤਦ ਅਸੀਂ ਧ੍ਰਿਕਾਰੇ ਜਾਣ ਦੇ ਲਾਇਕ ਨਿਕਲੀਏ। ਤੇ ਓਹ ਸਦਾ ਦਿਆਲ ਪਿਤਾ ਫੇਰ ਬੀ ਕਹੇ, "ਮੇਰੇ ਲਾਲੋ! ਮੇਰੇ ਪੁਤ੍ਰ ਬਣੋ, ਮੈਂ ਅਪਨੀ ਗੋਦ ਵਿਚ ਲੈਣ ਲਈ ਭੁਜਾਂ ਪਸਾਰੀ ਬੈਠਾ ਹਾਂ, ਆਓ ਹੇ ਅਣਜਾਣ ਪੁਤ੍ਰੋ ! ਹੇ ਮਾਯਾ ਤੇ ਵਿਸ਼ਯਾਂ ਨਾਲ ਭੁੱਲੇ ਪੁਤ੍ਰੋ ! ਆਓ ਮੇਰੀ ਗੋਦ ਵਿਚ ਬਿਸਰਾਮ ਪਾਓ।" ਪਰ ਅਸੀਂ ਧੰਨ ਹਾਂ ਜੋ ਕਦੀ ਨਾ ਸੋਚੀਏ ਕਿ ਉਸ ਗੋਦ ਵਿਚ ਵੱਸਣ ਨਾਲ ਕਿੰਨੇ ਕੁ ਲਾਭ ਹਨ।

ਮਿਤ੍ਰੋ ! ਇਹ ਸਾਡੀ ਕ੍ਰਿਤੱਗਯਾਤਾ ਹੈ। ਅਸੀਂ ਦੀਪਮਾਲਾ ਕਰਾਂਗੇ, ਵਾਜੇ ਵਜਾਵਾਂਗੇ, ਖਾਣੇ ਖਾਵਾਂਗੇ, ਭੋਗ ਪਾਵਾਂਗੇ, ਗੋਲੇ ਚਲਾਵਾਂਗੇ, ਕੀਰਤਨ ਕਰਾਂਗੇ, ਕਥਾ ਵਖਿਆਨ ਸੁਣਾਵਾਂਗੇ, ਪਰ ਹਾਇ! ਸਾਡਾ ਅਪਨਾ ਆਪ ਬਾਹਰਲੇ ਮੰਡਲ ਵਿਚ ਹੀ ਖੇਡਦਾ ਹੋਵੇਗਾ। ਅਸੀਂ ਸਮਝਾਂਗੇ ਕਿ ਅਸੀਂ ਕ੍ਰਿਤੱਗਯ ਹੋ ਗਏ ਹਾਂ, ਪਰ ਕਲਗੀਧਰ ਕਹੇਗਾ "ਅਪਨਾ ਜੀਵਨ ਮੇਰੇ ਪੁਤ੍ਰਾਂ ਵਰਗਾ ਬਨਾਓ, ਫੇਰ ਤੁਹਾਡਾ ਸਭ ਕੁਛ ਸਫਲ ਹੈ। ਜੋ ਕਰੋ ਸੋ ਉੱਤਮ ਹੈ, ਪਰ ਮੇਰੇ ਪੁੱਤ੍ਰ ਬਣ ਕੇ ਕਰੋ। ਕੰਮ ਪੁੱਤ੍ਰਾਂ ਵਾਲੇ, ਮਲ ਓਪਰਿਆਂ ਵਾਲਾ ਰਖਕੇ ਨਾ ਸਮਝੋ ਕਿ ਮੈਂ ਰੀਝ ਰਿਹਾ ਹਾਂ। ਮੇਰਾ ਰੀਝਣਾ ਇਸ ਬਾਤ ਵਿੱਚ ਹੈ ਕਿ ਮੇਰਾ ਕਿਹਾ ਮੰਨ ਕੇ ਜੋ ਜੀਵਨ ਮੈਂ ਚਾਹੁੰਦਾ ਹਾਂ ਉਹੋ ਜਿਹਾ ਬਣਾਓ, ਤੇ ਵਾਹਿਗੁਰੂ ਦੀ ਸਰਨ ਵਿਚ ਵਾਸਾ ਪਾਓ, ਤਦ ਤੁਸੀਂ ਮੇਰੇ ਹੋ, ਮੈਂ ਤੁਹਾਡਾ ਹਾਂ, ਤੁਸੀਂ ਵਾਹਿਗੁਰੂ ਦੇ ਹੋ ਅਰ ਤੁਹਾਡੇ ਸਾਰੇ

ਮੰਗਲ ਸਫਲ ਹਨ ॥''

ਮਿਤ੍ਰ ਜਨੋਂ ! ਆਓ ਅਸੀਂ ਸਪਤਮੀ ਨੂੰ ਗੁਰੂ ਜੀ ਦੇ ਕ੍ਰਿਤਗੱਯ ਹੋ ਕੇ ਸਪੁਤ੍ਰ ਬਣੀਏਂ, ਅਰ ਵਾਹਿਗੁਰੂ ਦੀ ਸ਼ਰਨ ਨੂੰ ਪ੍ਰਾਪਤ ਹੋਈਏ ॥

## ੨. ਭਾਈ ਰੁਣੀਆਂ (ਰਣਜੁੱਧ ਸਿੰਘ)

ਇਹ ਇਕ ਵਿਦਯਾ ਦਾ ਜਾਣੂੰ ਆਦਮੀ ਦਿਲੋਂ ਬੜਾ ਘਾਬਰਿਆ ਰਹਿੰਦਾ ਸੀ, ਅਨੇਕ ਪ੍ਰਕਾਰ ਦੇ ਪੰਡਤ ਸਾਧੂ ਸੰਤ ਵੇਖੇ, ਸੇਵੇ, ਸਿੱਖਯਾ ਲਈਆਂ, ਪਰ ਘਾਬਰ ਨਾ ਗਈ। ਇਸਦੇ ਦਿਲ ਵਿੱਚ ਸ਼ੌਕ ਸੀ ਕਿ ਮੈਨੂੰ ਪਰਮੇਸੁਰ ਮਿਲ ਪਵੇ। ਇਹ ਸ਼ੌਕ ਇਡਾ ਤਿੱਖਾ ਸੀ ਜਿੱਡਾ ਕੋਈ ਨਾਲਾ ਪਹਾੜ ਤੋਂ ਪਰਨਾਲੇ ਵਾਙੂੰ ਉਤਰੇ। ਫਿਰਦਾ ਫਿਰਦਾ ਇਹ ਅਨੰਦ ਪੁਰ ਆਯਾ, ਸਤਗੁਰਾਂ ਦੇ ਦਰਸ਼ਨ ਦਿਦਾਰ ਕੀਤੇ, ਸੁਆਦ ਆਯਾ, ਪਰ ਸ਼ੌਕ ਦੇ ਵਧੇਰੇ ਹੋਣ ਨੇ ਦਿਲ ਵਿਚ ਹਲਚਲੀ ਦਾ ਖੌਂਚਾ ਫੇਰੀ ਹੀ ਰੱਖਿਆ। ਇਕ ਦਿਨ ਸਤਗੁਰਾਂ ਨੂੰ ਏਕਾਂਤ ਵੇਖਕੇ ਆਖਣ ਲੱਗਾ '' ਮੈਂ ਕੀ ਕਰਾਂ ਜੋ ਪਰਮੇਸੁਰ ਵਿਚ ਘੁਲ ਮਿਲ ਜਾਵਾਂ''? ਸਤਗੁਰ ਕਹਣ ਲਗੇ, ''ਅੱਧ ਸੇਰ ਪੱਕਾ ਪਾਰਾ ਅਰ ਅੱਧ ਸੇਰ ਪੱਕਾ ਪਾਣੀ ਲਿਆ।'' ਸ਼ੌਕ ਦਾ ਕੁੱਠਾ ਨੱਠਾ ਗਿਆ ਕਿ ਸ਼ਾਇਦ ਗੁਰੂ ਜੀ ਕੋਈ ਦਾਰੂ ਬਣਾਣਗੇ ਜਿਸ ਨਾਲ ਕਾਰਜ ਸਿਧ ਹੋ ਜਾਏਗਾ। ਜਾਂ ਓਹ ਲੇ ਆਯਾ ਤਾਂ ਗੁਰੂ ਜੀ ਨੇ ਕਿਹਾ'' ਪਾਣੀ ਬਾਟੀ ਵਿਚ ਪਾ, '' ਉਸ ਨੇ ਪਾ ਦਿਤਾ। ਫੇਰ ਫੁਰਮਾਣ ਲਗੇ '' ਵਿਚ ਪਾਰਾ ਪਾ ਦੇਹ।'' ਜਦ ਪਾ ਦਿਤਾ ਤਾਂ ਕਹਣ ਲੱਗੇ '' ਹੈਂ ਇਹ ਘੁਲ ਮਿਲ ਕਿਉਂ ਨਹੀਂ ਗਏ ?'' ਤਦ ਓਹ ਭੌਂਦੂ ਬੋਲਿਆ : '' ਮਹਾਰਾਜ ਜੀ ! ਇਹ ਪਾਰਾ ਓਹ ਪਾਣੀ, ਘੁਲੇ ਕਿੱਕੁਰ ?'' ਤਾਂ ਸਤਗੁਰਾਂ ਕਿਹਾ '' ਤੂੰ ਦੇਹ ਧਾਰੀ, ਪਰਮੇਸੁਰ ਵਿਦੇਹ, ਤੂੰ ਤੇ ਓਹ ਕਿੱਕੁਰ ਘੁਲ ਮਿਲੋ ?'' ਇਹ ਕਹਣਾਂ ਸੀ ਕਿ ਉਸਦੀ ਤਾਂ ਮਾਨੋ ਨੀਂਦ ਖੁਲ੍ਹ ਗਈ। ਕਹਿਣ ਲਗਾ '' ਠੀਕ ਹੈ, ਤਦ ਤਾਂ ਮੈਂ ਐਵੇਂ ਵਾਹਿਮ ਵਿਚ ਰਿਹਾ ਹਾਂ'' ਗੁਰਾਂ ਨੇ ਕਿਹਾ '' ਨਹੀਂ, ਤੂੰ ਬੀ ਵਿਦੇਹ ਹੋ।'' ਰੁਣੀਏਂ ਕਿਹਾ '' ਜੀ ਮੈਂ ਇਸਨੂੰ ਮਾਰ ਦਿਆਂ ?

ਤਦ ਰੱਬ ਮਿਲ ਪਵੇਗਾ ?'' ਸਤਗੁਰਾਂ ਕਿਹਾ ਨਹੀਂ, 'ਵਿਦੇਹ ਹੋ।' ਤਦ ਉਸਨੂੰ ਚੇਤਾ ਆ ਗਿਆ, ਕਹਣ ਲੱਗਾ 'ਹੱਛਾ! ਵਿਦੇਹ, ਸਭ ਕੁਛ ਛੱਡ ਕੇ, ਸਨਯਾਸੀ ਹੋ ਕੇ ਬਨ ਵਿਚ ਪੈ ਰਹਾਂ ਤੇ ਜੜ੍ਹ ਭਰਥ ਵਾਂਙੂੰ ਨਾਂ ਹਿਲਾਂ, ਨਾਂ ਬੋਲਾਂ, ਨਾਂ ਖਾਵਾਂ ਨਾਂ ਤੁਰਾਂ, ਤੇ ਪਰਾਣਾਂ ਨੂੰ ਸਿਰ ਵਿਚੋਂ ਨਾਂ ਉਤਰਨ ਦਿਆਂ ?'' ਸਤਗੁਰਾਂ ਕਿਹਾ ''ਨਹੀਂ, ਵਿਦੇਹ ਹੋ। ਇਉਂ ਤਾਂ ਦੇਹ ਬਣੀ ਰਹੀ, ਤੇ ਭੁਖ ਦੇ ਹੋਟੇ ਮੌਤ ਆ ਗਈ, ਵਿਦੇਹ ਨਾਂ ਹੋਯਾ।'' ਤਾਂ ਉਸ ਕਿਹਾ 'ਜੀ ਆਪ ਦੱਸੋ। ਸਤਿਗੁਰਾਂ ਕਿਹਾ 'ਜਿੱਦਾਂ ਵਾਹਗੁਰੂ ਵਿਦੇਹ ਹੈ, ਉਦਾਂ ਤੂੰ ਵਿਦੇਹ ਹੋ।' ਰੁਣੀਏਂ ਕਿਹਾ ਜੀ ਉਹ ਕਿਦਾਂ ਹੋਵਾਂ?' ਸਤਗੁਰ ਬੋਲੇ,' ਦੇਖ! ਸਾਰਾ ਸੰਸਾਰ ਉਸਨੇ ਰਚਿਆ ਹੈ, ਸਾਰੇ ਨੂੰ ਪਾਲਦਾ ਸੰਭਾਲਦਾ ਹੈ, ਪਰ ਫੇਰ ਅਤੀਤ ਹੈ, ਅਡੋਲ ਹੈ, ਰਤਾ ਲਿਪਾਇਮਾਨ ਨਹੀਂ। ਤੂੰ ਬੀ ਸੰਸਾਰ ਦਾ ਸਾਰਾ ਕੰਮ ਕਰ, ਪਰ ਅੰਦਰ ਜੋ ਤੇਰਾ ਅਪਨਾ ਆਪ ਹੈ ਉਸਨੂੰ ਅਡੋਲ ਤੇ ਅਤੀਤ ਰੱਖ, ਕਰਦਾ ਹੋਯਾ ਅਣ ਕਰਦਾ ਹੈ, ਕਰ ਪਰ ਖਚਤ ਨਾਂ ਹੋ। ਕਿਤਨਾ ਮੁਸ਼ਕਲ ਕੰਮ ਹੋਵੇ, ਕੈਸੀ ਔਕੜ ਹੋਵੇ, ਕਿਤਨਾ ਬਲ ਬੁਧ ਖਰਚ ਹੋਵੇ, ਓਹ ਜੋ ਅੰਦਰ ਤਾਕਤ ਹੈ, ਜੋ ਰਸਤੇ ਪਾਉਂਦੀ ਹੈ, ਉਸਨੂੰ ਕਿਸੇ ਵੇਲੇ ਨਾ ਹਿੱਲਣ ਦੇਹ। ਨਾ ਭੈ, ਨਾ ਵੈਰ, ਨਾ ਮੋਹ ਨਾ ਚਿੰਤਾ ਨਾ ਨਿਰਾਸਾ ਨਾ ਚਾਉ ਉਸ ਤਾਕਤ ਨੂੰ ਡੁਲਾਵੇ। ਤੂੰ ਕਰਦਾ ਰਹੁ, ਪਰ ਐਉਂ'। ਫੇਰ ਦੇਖ! ਵਾਹਿਗੁਰੂ ਦੇਂਦਾ ਹੈ, ਲੈਂਦਾ ਕਦੇ ਨਹੀਂ ਤੂੰ ਬੀ ਦੇਈਂ, ਲਵੀਂ ਨਾ, ਦੇਈਂ , ਦੇਖੀਂ ਇਹਨਾਂ ਸਮਝੀਂ ਕਿ ਮੈਂ ਦੇਂਦਾ ਹਾਂ। ਕੀਹ ਦੇ ਦੇਈਂ ? ਇਹ ਸਰੀਰ ਅਰ ਇਸ ਸਰੀਰ ਦਾ ਜੋ ਕੁਝ ਹੈ ਸਭ ਵਾਹਿਗੁਰੂ ਦੀ ਸੰਗਤ ਦੇ ਸਿੱਖ ਵਾਸਤੇ ਦੇ ਦੇਈਂ ਤਦ ਤੂੰ ਵਿਦੇਹ ਹੋ ਜਾਏਗਾ। ਵਿਦੇਹ ਓਹ ਹੈ ਜੋ ਸਦਾ ਅਡੋਲ ਹੈ, ਜੋ ਅਪਨਾ ਸਭ ਕੁਛ ਤਯਾਗਦਾ ਪਰ ਸਿੱਟਦਾ ਨਹੀਂ, ਉਸਨੂੰ ਭਲੇ ਅਰਥ ਲਾਉਂਦਾ ਹੈ, ਆਪ ਅਸੰਗ ਹੋ ਜਾਦਾ ਹੈ, ਆਲਸ ਦੀ ਪੰਡ ਨਹੀਂ, ਪਰ ਹਰਖ ਸ਼ੋਕ ਨਹੀਂ। ਹਿੱਲਦਾ ਨਹੀਂ, ਸੁਸਤੀ ਮਾਰੇ ਵਾਙੂ ਨਿਕਾਰਾ ਨਹੀਂ ਹੋ ਜਾਂਦਾ, ਪਰ ਜਿਕੂੰ ਅਤਿ ਤਿਖਾ ਭੌਂਦਾ ਲਾਟੂ ਖਲੋਤਾ ਜਾਪਦਾ ਹੈ ਇੱਕੁਰ ਓਹ ਅਤੀ ਬਲਵਾਨ ਹੁੰਦਾ ਹੈ ਪਰ ਅਲੋਲ। ਆਲਸੀ ਨਹੀਂ ਹੁੰਦਾ। ਫੇਰ ਤੂੰ ਆਪ ਦੇਖੀਂ ਕਿ ਵਾਹਿਗੁਰੂ ਤੇ ਤੂੰ ਕਿਸ ਤਰ੍ਹਾਂ ਮਿਲਦੇ ਹੋ।''

ਰੁਣੀਏਂ ਕਿਹਾ 'ਮੈਂ ਤੇ ਓਹਦੇ ਵਿਚ ਏਹ ਦੇਹ ਵਿੱਥ ਨਾ ਪਾਏਗੀ ?' ਗੁਰਾਂ ਨੇ ਕਿਹਾ' ਤੇਰੇ ਓਸ ਦੇ ਵਿਚ ਕੋਈ ਵਿਥ ਦੇਹ ਦੀ ਨਹੀਂ ਪੈ ਰਹੀ। ਦੇਹ ਦਾ ਮਾਣ, ਦੇਹ ਦਾ ਪਯਾਰ, ਦੇਹ ਦੇ ਕਾਰਣ, ਉਸਨੂੰ ਦੂਰ ਜਾਣਨ ਦੀ ਭੁਲ, ਏਹੋ ਪਰਦੇ ਹਨ, ਇਹੋ ਵਿੱਥ ਹੈ, ਵੇਖ! ਵਾਹਿਗੁਰੂ ਤੇਰੇ ਲੂੰ ਲੂੰ ਵਿਚ ਵਯਾਪਕ ਹੈ। ਤੇਰੇ ਮਨ ਵਿਚ ਵਯਾਪਕ ਹੈ, ਤੇਰੇ ਆਤਮਾਂ ਵਿਚ ਵਯਾਪਕ ਹੈ, ਕਿਥੇ ਵਯਾਪਕ ਨਹੀਂ ਹੈ ? ਜਦ ਐਸਾ ਨੇੜਾ ਹੈ ਤਾ ਵਿੱਥ ਕਿਥੇ ਹੈ ?''

ਰੁਣੀਆਂ–ਜੀ ਫੇਰ ਮਿਲਦਾ ਨਹੀਂ ਹੈ।

ਗੁਰੂ ਜੀ–ਤੇਰੀ ਭੁਲ ਜੋ ਤੂੰ ਇਹ ਬਾਤ ਕਿ ''ਉਹ ਮੇਰੇ ਨਾਲ ਹੈ'' ਛਿਨ ਛਿਨ ਵਿਚ ਭੁਲ ਜਾਦਾ ਹੈਂ। ਇਸ ਭੁਲ ਨੂੰ ਛਿਨ ਛਿਨ ਵਿਚ ਦੂਰ ਕਰ, ਇੱਕ ਛਿਨ ਇਸ ਡਾਇਣ ਨੂੰ ਨੇੜੇ ਨਾ ਫਟਕਣ ਦੇਹ, ਜਦ ਹਰ ਦਮ ਯਾਦ ਹੈ ਤਾਂ ਵਾਹਿਗੁਰੂ ਦੇ ਚਰਨਾਂ ਵਿਚ ਸਾਡਾ ਵਾਸ ਹੈ। ਇਹ ਸੁਣਕੇ ਸਿੱਖ ਦੀ ਦਸ਼ਾ ਪਲਟ ਗਈ ਤੇ ਰੁਕਦੇ ਗਲੇ ਨਾਲ ਤੇ ਭਰੇ ਨੇਤ੍ਰਾਂ ਨਾਲ ਬੋਲਯਾ : ਸਮਝਿਆ ਹਾਂ ਪਰ ਲਖਿਆ ਨਹੀਂ। ਤਦ ਦੀਨਾ ਨਾਥ ਜੀ ਨੇ ਪਰਮ ਕ੍ਰਿਪਾਲ ਹੋ ਕੇ ਉਸਨੂੰ ਅੰਮ੍ਰਤ ਛਕਾ ਨਾਮ ਦਾਨ ਦੇ ਕੇ (ਰਣਜੁੱਧ ਸਿੰਘ ਕਹਕੇ) ਅਜੇਹਾ ਨਿਹਾਲ ਕੀਤਾ ਕਿ ਉਸਦਾ ਲੂੰ ਲੂੰ ਫੇਰ ਏਹ ਗਾਉਂਦਾ ਸੀ :–

'ਹਉ ਢੂੰਡੇਦੀ ਸਜਣਾ ਸਜਣ ਮੈਡੇ ਨਾਲ।
ਜਨ ਨਾਨਕ ਅਲਖ ਨ ਲਖੀਐ ਗੁਰਮੁਖਿ ਦੇਹਿ ਦਿਖਾਲ।'

ਹੇ ਪਾਠਕ ਜੀ! ਕਿਆ ਆਪ ਬੀ ਅੱਜ ਗੁਰਪੁਰਬ ਵਾਲੇ ਦਿਨ ਇਹ ਤੁਕ ਸਚਾਈ ਨਾਲ ਗਾਉ ਸਕਦੇ ਹੋ ?

## ੩. ਕਲਗੀਧਰ ਜੀ ਦੇ ਉਪਕਾਰੀ ਉਪ ਬਨ

ਉਪ ਬਨ ਬਾਗ ਨੂੰ ਕੰਹਦੇ ਹਨ, ਮਾਲੀ ਭਾਂਤ ਭਾਂਤ ਦੇ ਫਲ ਫੁੱਲ ਦਾਰ ਬ੍ਰਿਛ ਲਗਾ ਕੇ ਰੜਾ ਜਮੀਨ ਵਿਚ ਇਕ ਲਹ ਲਹ ਕਰਦਾ ਬਾਗ ਲਗਾ ਦਿੰਦਾ ਹੈ, ਜਿਥੋਂ ਅਨੇਕ ਤਰਾਂ ਦੇ ਸੁਖ ਸੰਸਾਰ ਨੂੰ ਪ੍ਰਾਪਤ ਹੁੰਦੇ ਹਨ। ਪ੍ਰੰਤੂ ਗੁਰੂ ਰੂਪ ਮਾਲੀ ਸੁਖਾਂ ਦੇ ਬੂਟੇ ਲਾ ਕੇ ਭਵ ਸਾਗਰ ਵਿਚ ਬਾਗ ਲਗਾਉਂਦੇ ਹਨ। ਗੁਰੂ ਜੀ ਨੇ ਸਿੱਖੀ ਰੂਪ ਬਗੀਚਾ ਲਾਯਾ ਜਿਸ ਵਿਚ ਦੈਵੀ ਗੁਣ, ਭਜਨ ਬੰਦਗੀ ਤੋਂ ਵੱਖਰੇ ਸੰਸਾਰਕ ਕਲੇਸ਼ਾਂ ਦੀ ਨਵਿਰਤੀ ਦੇ ਉਪਰਾਲੇ ਬੀ ਕੀਤੇ। ਸਭ ਤੋਂ ਪਹਲੀ ਗੱਲ ਤਾਂ ਇਹ ਹੈ ਕਿ ਵਾਹਿਗੁਰੂ ਦੇ ਪਿਆਰੇ ਸੁਖੀਏ ਹੋ ਜਾਂਦੇ ਹਨ। ਗੁਰ ਗਲੀ ਦੇ ਤੁਰਨ ਵਾਲੇ ਸਾਰੇ ਧੁਰ ਮੰਜਲ ਤੇ ਨਹੀ ਪਹੁੰਚੇ ਹੁੰਦੇ, ਕੋਈ ਕਿਤੇ ਕੋਈ ਕਿਤੇ ਤੁਰਦਾ ਜਾ ਰਿਹਾ ਹੁੰਦਾ ਹੈ। ਹਰ ਹਿਕ ਦੇ ਅਧਕਾਰ ਮੂਜਬ ਗੁਰੂ ਜੀ ਸੁਖਾਂ ਦਾ ਸਾਮਾਨ ਬਨਾਉਂਦੇ ਹਨ, ਜਿਹਾ ਕੁ ਅੰਨਿਆਂ ਨੂੰ ਵਿਦਯਾ ਦਾਨ ਦੇ ਕੇ ਰਾਗੀ ਸਿੰਘ, ਗਯਾਨੀ ਸਿੰਘ ਬਨਾ ਕੇ ਭਜਨ ਦੇ ਨਾਲ ਸੰਸਾਰ ਵਿਚ ਬੀ ਸੁਖ ਪ੍ਰਦਾਨ ਕਰ ਦਿਤਾ। ਇਸੀ ਤਰਾਂ ਤਰਨ ਤਾਰਨ ਵਿਚ ਜੋ ਕੋੜ੍ਹਿਆਂ ਦਾ ਘਰ ਹੈ, ਇਹ ਬੀ ਸਤਗੁਰਾਂ ਦਾ ਬਨਾਯਾ ਹੋਯਾ ਹੈ, ਅਰ ਸਿਖ ਸਰਦਾਰ ਇਸਨੂੰ ਪਾਲਦੇ ਰਹੇ, ਮਹਾਰਾਜਾ ਰਣਜੀਤ ਸਿੰਘ ਜੀ ਜਾਗੀਰ ਦੇਂਦੇ ਰਹੇ ਜੋ ਸ਼ਾਇਦ ਅਜ ਤਕ ਜਾਰੀ ਹੈ। ਅੱਜ ਕੱਲ ਸਰਕਾਰ ਦੀ ਮਦਦ ਹੈ ਤੇ ਇੰਤਜ਼ਾਮ ਕਿਸੇ ਪਾਦਰੀ ਦੇ ਹੱਥ ਹੈ। ਇਸੀ ਪ੍ਰਕਾਰ ਦੁਖੀਆਂ, ਦਰਦਵੰਦਾਂ, ਅਪਾਹਜਾਂ, ਰੰਡੀਆਂ, ਮਹਿੱਟਰਾਂ, ਅਨਾਥਾਂ ਦੀ ਪਾਲਨਾਂ ਪੰਥ ਵੱਲੋਂ ਹੁੰਦੀ ਰਹੀ, ਪਰ ਜਦ ਪਦਾਰਥ ਆਯਾ, ਸ਼ਰਾਬ ਮੂੰਹ ਲੱਗੀ, ਬ੍ਰਾਹਮਣ ਤੇ ਰਾਜਪੂਤ ਤੇ ਹੋਰ ਲੋਕ ਕੇਸਾਂ ਦੇ ਭੇਖ ਧਾਰ ਸਿਖੀ ਵਿਚ ਵੜ ਗਏ ਤਦ ਸ਼ੁਭ ਗੁਣਾਂ ਦਾ ਬਗੀਚਾ ਦਲ ਦਿਤਾ ਗਿਆ, ਅਰ ਖੂਬੀਆਂ ਦੇ ਸਿਰ ਪਾਣੀ ਪੈ ਗਿਆ। ਹੁਣ ਗੁਰੂ ਕਿਰਪਾ ਨਾਲ ਜਦ ਪੰਥ ਵਿਚ ਥਾਉਂ ਥਾਉਂ ਫੇਰ ਪੁਰਾਣੀ ਸਿੱਖੀ ਵੱਲ ਧਿਆਨ ਗਿਆ ਤਦ ਉਨ੍ਹਾਂ ਪੈਰਾਂ ਤੇ ਆਉਣ ਦੇ ਯਤਨ ਹੋਣ ਲੱਗੇ। ਭਾਵੇਂ ਭਗਤੀ ਭਾਵਨਾ ਸ਼ੁਭ ਆਚਰਨ ਵੱਲ ਪਿਛਲੇ ਛੇ ਬਰਸਾਂ ਵਿਚ ਸਿਖਾਂ ਦਾ ਬਹੁਤ ਧਿਆਨ ਆਯਾ ਹੈ, ਪਰ ਅਜੇ ਭਾਰੀ

ਲੋੜ ਹੋਰ ਧਿਆਨ ਦੀ ਹੈ। ਸਦਾ ਚਾਰ ਤੇ ਧਰਮ ਬਿਨਾਂ ਸਭ ਤਰੱਕੀਆਂ ਧੂੰਏਂ ਦੇ ਬੱਦਲ ਵਾਂਙੂ ਹਨ। ਜਿੰਨਾਂ ਹੋ ਸਕੇ ਆਚਰਨ ਸੁਧ ਕਰਨਾ ਚਾਹੀਦਾ ਹੈ।

ਇਨ੍ਹਾਂ ਦੇ ਨਾਲ ਹੀ ਪੰਥ ਨੂੰ ਆਸ਼੍ਰਮਾਂ ਵੱਲ ਬੀ ਧਿਆਨ ਪਿਆ। ਵਿੱਦਯਾ ਲਈ ਖਾਲਸਾ ਕਾਲਜ ਅੰਮ੍ਰਿਤਸਰ, ਖਾਲਸਾ ਸਕੂਲ ਗੁਜਰਾਂ ਵਾਲੇ, ਸੁਖੋ, ਪਿੰਡੀ ਘੇਪ ਆਦਿ ਥਾਂਈਂ ਬਣੇ। ਗੁਜਰਾਂਵਾਲੇ ਉਪਦੇਸਕ ਕਲਾਸ ਖੋਲ੍ਹੀ, ਚੀਫ ਖਾਲਸਾ ਦੀਵਾਨ ਨੇ ਜਦ ਸਰੂਪ ਧਾਰਿਆ ਤਦ ਧਰਮ ਪ੍ਰਚਾਰ ਦੇ ਨਾਲ ਖਾਲਸਾ ਕਾਲਜ ਦੀ ਸਹਾਇਤਾ, ਉਪਦੇਸ਼ਕਾਂ ਦਾ ਰਖਣਾ ਆਦਿ ਕੰਮ ਤੇ ਯਤੀਮ ਖਾਨਾ ਖੋਲ੍ਹ ਕੇ ਅਨਾਥ ਬੱਚਿਆਂ ਦੀ ਰਖਵਾਲੀ ਕੀਤੀ।

ਹੁਣ ਇਕ ਹੋਰ ਭਾਰੀ ਤਕਲੀਫ ਹੈ। ਹਿੰਦੂ ਲੋਕ ਇਸਤ੍ਰੀਆਂ ਨੂੰ ਵਿਧਵਾ ਰਖਦੇ ਹਨ ਅਰ ਉਨ੍ਹਾਂ ਦੇ ਸੁਖ ਦਾ ਕੋਈ ਸਾਮਾਨ ਨਹੀਂ ਕਰਦੇ। ਇਨ੍ਹਾਂ ਦੀ ਇਹ ਬੀਮਾਰੀ ਖਾਲਸੇ ਵਿਚ ਭੀ ਅਕਸਰ ਦਬਾ ਪਾਈ ਬੈਠੀ ਹੈ। ਸੰਸਾਰੀ ਰੰਗਾਂ ਤੋਂ ਵਾਂਞੀਆਂ, ਸਾਕਾਂ ਤੋਂ ਦੁਰਕਾਰੀਆਂ ਇਹ ਗਰੀਬ ਅਕਸਰ ਥਾਂਈਂ ਟੁਕੜਿਓਂ ਆਤਰ ਹਨ। ਇਨ੍ਹਾਂ ਦੀ ਇਸ ਦਸ਼ਾ ਪਰ ਈਸਾਈਆਂ ਨੇ ਇਕ ਆਸ਼੍ਰਮ ਖੋਲਿਆ ਹੋਯਾ ਹੈ, ਜਿਥੋਂ ਹਿੰਦੂ ਸਿੱਖ ਵਿਧਵਾ ਤ੍ਰੀਮਤਾਂ ਜਾ ਕੇ ਚਰਖੇ ਕੱਤਦੀਆਂ, ਨਵਾਰਾਂ ਉਣਦੀਆਂ ਈਸਾਈ ਉਪਦੇਸ਼ ਸਿੱਖਦੀਆਂ ਤੇ ਡੇਢ ਦੋ ਤਿੰਨ ਰੂਪੈ ਮਹੀਨਾ ਵਜ਼ੀਫਾ ਪਾਕੇ ਉਦਰ ਭਰਦੀਆਂ ਹਨ। ਇਸ ਈਸਾਈਆਂ ਦੇ ਆਸ਼੍ਰਮ ਦਾ ਹੋਣਾ ਅਰ ਉਸ ਵਿਚ ਚੋਖੀ ਗਿਣਤੀ ਹਿੰਦੂ ਸਿੱਖ ਤ੍ਰੀਮਤਾਂ ਦਾ ਜਾ ਕੇ ਸ਼ਾਮਿਲ ਹੋਣਾ ਸਾਬਤ ਕਰਦਾ ਹੈ ਕਿ ਫਿਰ ਵਾਕਿਆ ਏਹਨਾਂ ਤ੍ਰੀਮਤਾਂ ਨੂੰ ਦੁਖ ਵਿਆਪ ਰਿਹਾਹੈ। ਇਹ ਇਲਾਜ ਜੋ ਹੋਯਾ ਹੈ ਸੋ ਬੀਮਾਰੀ ਨਾਲੋਂ ਬੀ ਮਾੜਾ ਹੈ, ਬੇਸ਼ਕ ਈਸਾਈਆਂ ਨੇ ਮਦਦ ਕੀਤੀ ਪਰ ਇਸ ਦਾ ਇਹ ਫਲ ਨਹੀਂ ਹੁੰਦਾ ਕਿ ਰੰਡੇਪੇ ਦੇ ਦੁਖ ਦੀ ਕੁਹੀੜ ਉਚੇਰੀ ਹੋਵੇ, ਪਰ ਈਸਾਈ ਵਾੜੇ ਵਿਚ ਇਸ ਢੰਗ ਨਾਲ ਹੋਰ ਗਿਣਤੀ ਵਧਦੀ ਹੈ, ਜਿਸਦਾ ਨਤੀਜਾ ਮਾੜਾ ਹੈ। ਇਸ ਤਰਾਂ ਕਿ ਇਕ ਤ੍ਰੀਮਤ ਦੇ ਈਸਾਈ ਹੋਣ ਨਾਲ ਉਸਦੇ ਸਾਕਾਂ ਅੰਗਾਂ ਵਿਚ ਹਨੇਰ ਦਾ ਦੁਖ ਕਲੇਸ਼ ਫੈਲਦਾ ਹੈ। ਦੂਸਰੇ ਜੇ ਇਹ ਖਿਆਲ ਛੱਡ ਬੀ ਦਿਤਾ ਜਾਵੇ, ਤਦ ਜਿਨ੍ਹਾਂ ਲੋਕਾਂ ਦੀਆਂ ਓਹ ਤ੍ਰੀਮਤਾਂ ਹਨ, ਅਰ ਜਿਸ

ਕੌਮ ਤੇ ਦੇਸ ਦੀਆਂ ਏਹ ਹਨ, ਓਹ ਲੋਕ ਓਹ ਕੌਮ ਯਾ ਉਸ ਦੇਸ ਦੇ ਹੋਰ ਆਦਮੀ ਅਪਨੀਆਂ ਦੁਖਯਾਰੀਆਂ ਦੀ ਵਾਤ ਨਾ ਪੁੱਛਣ ! ਇਹ ਕੋਮੀ ਆਚਾਰਨ ਨੂੰ ਕੈਸਾ ਧੱਬਾ ਹੈ ? ਫੇਰ ਪੰਥ ਖਾਲਸਾ ਪੰਜਾਬ ਵਿਚ ਹੋਵੇ ਜਿਸ ਦੇ ਸਤਗੁਰਾਂ ਦੇ ਜਤਨ ਦੀ ਤੁਫੈਲ ਪੰਜਾਬ ਦੀਆਂ ਵਿਧਵਾਂ ਆਪਣੀਆਂ ਬੰਗਾਲਣ ਭੈਣਾਂ ਨਾਲੋਂ ਹਜ਼ਾਰ ਦਰਜੇ ਅੱਛੀ ਦਸ਼ਾ ਵਿਚ ਹਨ, ਓਹ ਪੰਥ ਜੀਉਂਦਾ ਜਾਗਦਾ ਹੋਵੇ ਅਰ ਹਮਸਾਈਆਂ ਕੌਮਾਂ ਤੇ ਅਪਨੇ ਭਾਈਚਾਰੇ ਦੀਆਂ ਤ੍ਰੀਮਤਾਂ ਦੁਖੀ ਹੋਣ ਅਰ ਖਾਲਸੇ ਨੂੰ ਬੱਘੀਆਂ ਦੀਆਂ ਸੈਰਾਂ ਸੁਝਣ ? ਪਯਾਰੇ ਮਿੱਤਰੋ ! ਸਾਡੀ ਕੋਮ ਦੇ ਪਰੋਪਕਾਰੀ ਜੀਵਨ ਲਈ ਇਹ ਕੈਸਾ ਕਾਲਾ ਦਾਗ਼ ਹੈ ? ਕਦੇ ਓਹ ਦਿਨ ਸੀ ਕਿ ਮਹੱਲੇ ਵਿਚ ਇਕ ਘਰ ਸਿੱਖ ਦਾ ਹੋਵੇ ਤਾਂ ਉਸ ਦਾ ਦਾਨੀ ਹੱਥ ਸਾਰੇ ਮਹੱਲੇ ਦੀਆਂ ਵਿਧਵਾਂਤੇ ਯਤੀਮਾਂ ਦੇ ਦੁਖ ਵੰਡਾਣ ਵਿਚ ਲੱਗਦਾ ਸੀ ਕਿਥੇ ਅੱਜ ਦਾ ਦਿ ਨ ਹੈ ਕਿ ਨਾਲ ਦੇ ਘਰ ਵਿਧਵਾ ਹਾਉਕੇ ਭਰਦੀ ਭੁਖੀ ਰਾਤ ਕਟੇ ਅਰ ਖਾਲਸਾ ਜੀ ਬਹੁਤ ਖਾਣ ਦੇ ਕਾਰਣ ਸੋਡੇ ਤੇ ਚੂਰਨ ਮੰਗਾ ਰਹੇ ਹੋਨ। ਕਿਆ ਅੱਛਾ ਹੁੰਦਾ ਕਿ ਇਕ ਰੋਟੀ ਘੱਟ ਖਾਂਦੇ, ਆਪ ਦਾ ਹਾਜਮਾਂ ਭੀ ਠੀਕ ਰਹਿੰਦਾ ਅਰ ਨਾਲ ਦੇ ਘਰ ਭੁਖਾ ਪੇਟ ਡਾਬੂ ਵੀ ਨਾਂ ਲੈਂਦਾ। ਜੇ ਕਿਸੇ ਨੂੰ ਇਨ੍ਹਾਂ ਬਾਤਾਂ ਪਰ ਸ਼ੱਕ ਹੋਵੇ ਤਦ ਸੋਚ ਲਵੋ ਕਿ ਈਸਾਈਆਂ ਦੇ ਆਸ਼੍ਰਮ ਵਿਚ ਡੇਢ ਦੋ ਯਾ ਤਿੰਨ ਰੂਪੈ ਲਈ ਪੰਜ ਯਾ ਛੇ ਘੰਟੇ ਮੇਹਨਤ ਕਰਨ ਕਿਉਂ ਕੋਈ ਜਾਵੇ ?

ਅੱਜ ਕਲਗੀਧਰ ਜੀ ਦੇ ਅਵਤਾਰ ਦਾ ਦਿਨ ਹੈ ਉਸ ਦੁਖ ਦੂਰ ਕਰਨ ਵਾਲੇ ਦਾਤੇ ਦੇ ਨਾਮ ਤੇ ਐ ਪੰਥ !ਇਨ੍ਹਾਂ ਦੀ ਪਾਲਨਾ ਵਾਸਤੇ ਵਿਧਵਾ ਆਸ਼੍ਰਮ ਬਨਾ ਕਿ ਜਿਥੇ ਉਨ੍ਹਾਂ ਨੂੰ ਕੰਮ ਕਰਨ ਦੀ ਜਾਚ ਕਈ ਇਕ ਹੁਨਰ ਸੀਊਣਾ ਪ੍ਰੋਣਾ, ਰੰਗਣਾ ਆਦਿ ਸਿਖਾਏ ਜਾਣ ਤੇ ਨਾਲ ਵਿੱਦਯਾ ਦਿਤੀ ਜਾਵੇ, ਤਾਂ ਜੋ ਉਨ੍ਹਾਂ ਦਾ ਹਿਰਦਾ ਖਿੜੇ। ਨਾਲ ਹੀ ਭਗਤੀ ਭਾਵ, ਭਜਨ, ਗੁਰਸਿਖੀ ਦੀ ਧਾਰਨਾ ਸਿਖਾਈ ਜਾਵੇ ਜੋ ਉਨ੍ਹਾਂ ਦਾ ਆਤਮਾਂ ਕਲਯਾਨ ਪਾਵੇ। ਕਿਆ ਚੀਫ ਖਾਲਸਾ ਦੀਵਾਨ ਜਿਸ ਵਿਚ ਅਸੀਂ ਸੁਣਦੇ ਹਾਂ ਕਿ ਇਸ ਵਿਸ਼ੇ ਪਰ ਵਿਚਾਰ ਹੋ ਰਹੀ ਹੈ ਕੋਈ ਉਪਰਾਲਾ ਇਨ੍ਹਾਂ ਲਈ ਬੀ ਕਰੇਗਾ ? ਕਿਆ ਅੱਛਾ ਹੋਵੇ ਜੇ ਇਨ੍ਹਾਂ ਨਿਮਾਣੀਆਂ ਲਈ ਬੀ

ਆਸ਼੍ਰਮ ਬਨਾ ਦੇਵੇ ਅਰ ਹਮਦਰਦ ਦਿਲਾਂ ਵਾਲੇ ਅਪਨੀ ਕਮਾਈ ਵਿਚੋਂ ਕੁਝ ਹਿੱਸਾ ਦੇ ਕੇ ਖਾਲਸੇ ਦੇ ਬਗੀਚੇ ਵਿਚ ਸੁਖਦਾਈ ਆਸ਼੍ਰਮਾਂ ਦੀ ਕਤਾਰ ਵਿਚ ਇਕ ਏਹ ਬੂਟਾ ਪਰਮ ਦੁਖੀਆਂ ਦੀ ਰੱਖਯਾ ਹਿਤ ਲਗਾ ਦੇਵੇ।

# ੭. ਖੇੜਾ ਸੱਤਵਾਂ

(ਸੰ: ੪੩੭ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾਂ)

## ੧. ਗੁਰ ਅਵਤਾਰ ਦੀ ਕਥਾ

ਕਰਤਾਰ ਦੇ ਰੰਗ, ਕਿੱਥੇ ਪੰਜਾਬ ਅਰ ਪੰਜਾਬ ਦਾ ਕੇਂਦ੍ਰ ਰਾਮਦਾਸ ਪੁਰਾ, ਅਰ ਇਸ ਦੇ ਪਾਸ ਦਾ ਪਿੰਡ ਗੁਰੂ ਕੀ ਰੌੜ, ਜਿੱਥੇ ਨਵਮੇਂ ਗੁਰੂ ਜੀ ਬਿਰਾਜ ਰਹੇ ਸਨ, ਕਿੱਥੇ ਵਾਹਿਗੁਰੂ ਦੇ ਗਯਾਨ ਨੂੰ ਪ੍ਰਕਾਸ਼ ਕਰਨ ਦਾ ਉਦਮ ਤੇ ਉਸ ਉਦਮ ਦਾ ਉਤਸ਼ਾਹ

'ਬ੍ਰਹਮ ਗਿਆਨੀ ਪਰ ਉਪਕਾਰ ਉਮਾਹਾ'

ਸ੍ਰੀ ਗੁਰੂ ਜੀ ਨੂੰ ਆਸਾਮ ਦੇਸ ਵਿਚ ਪ੍ਰਚਾਰ ਕਰਨ ਲਈ ਅਪਨੇ ਸੀਸ ਪਰ ਬਿਰਾਜਮਾਨ ਕਰਵਾਕੇ ਲੈ ਤੁਰਿਆ। ਉਸ ਧਰਤੀ ਵਿਚ ਆਦਮੀ ਇਸਤ੍ਰੀਆਂ ਵਤ ਘਰਾਂ ਜੋਗੇ ਅਕਸਰ ਰਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਤਿਨਾਮ ਦਾ ਛੱਟਾ ਦਿੱਤਾ ਸੀ, ਓਹ ਅੰਗੂਰੀ ਹੁਣ ਕੁਝ ਕੁਮਲਾਉਂਦੀ ਸੀ, ਜਿਸ ਨੂੰ ਹਰੀ ਭਰੀ ਕਰਨੇ ਨਮਿੱਤ ਸ੍ਰੀ ਗੁਰੂ ਜੀ ਤਿਆਰ ਹੋਏ। ਪੰਜਾਬ ਛੱਡਿਆ ਅਰ ਆਨੰਦ ਭਵਨ ਆਨੰਦ ਪੁਰ ਬੀ ਛਡਿਆ, ਸ੍ਰੀ ਗੁਰੂ ਤੇਗ਼ ਬਹਾਦਰ ਸ੍ਰਿਸ਼ਟੀ ਦੀ ਚਾਦਰ

ਪੂਰਬ ਰੁਖ ਨੂੰ ਤੁਰ ਪਏ। ਥਾਂ ਥਾਂ ਧਰਮ ਉਪਦੇਸ਼ ਕਰਦੇ ਅਨੇਕ ਤੀਰਥੀਂ ਅੱਪੜ ਕੇ ਤੀਸਰੇ ਜਾਮੇਂ ਦੇ ਕੌਤਕ ਵਾਂਙੂੰ

'ਤੀਰਥ ਉਦਮ ਸਤਿਗੁਰੂ ਕੀਆ
ਸਭ ਲੋਕ ਉਧਰਣ ਅਰਥਾ'

ਸ੍ਰਿਸ਼ਟੀ ਨੂੰ ਤਾਰਦੇ ਭੈ ਭਰਮ ਵਿਚੋਂ ਕਢਦੇ ਸਤਿਨਾਮ ਦੇ ਪੂਲ ਪਰ ਚੜ੍ਹਾਉਂਦੇ , ਜੀਅ ਦਾਨ, ਨਾਮ ਦਾਨ, ਵਿਸਾਹ ਦਾਨ, ਭਰੋਸਾ ਦਾਨ, ਸਿਦਕ ਦਾਨ, ਅੰਨ ਦਾਨ, ਬਸਤ੍ਰ ਦਾਨ, ਮਿਠ ਬਚਨ ਦਾਨ, ਪ੍ਰੇਮ ਦਾਨ ਦੇਂਦੇ ਤ੍ਰਿਬੇਣੀ ਪਹੁੰਚ ਕੇ ਉਸ ਥਾਂ ਦੇ ਵਾਸੀਆਂ ਨੂੰ ਸੱਚੀ ਤ੍ਰਿਬੇਣੀ ਦਾ ਮਾਰਗ ਦੱਸਿਆ :—

''ਗੰਗ ਜਮਨ ਕੇ ਬੀਤਰੇ ਸਹਜ ਸੁੰਨ ਕੇ ਘਾਟ।
ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿਜਨ ਬਾਟ''

ਉਸ ਸਹਜ ਪਦ ਦੀ ਤ੍ਰਿਬੇਣੀ ਵਿਚ ਅਨੇਕਾਂ ਤ੍ਰਿਬੇਣੀ ਨਦੀ ਵਿਚ ਫਸਿਆਂ ਨੂੰ ਕੱਢ ਕੇ ਪੁਚਾਯਾ ਤੇ ਭਾਰੀ ਪੁੰਨ ਤੇ ਦਾਨ ਕੀਤਾ।

''ਜੀਅ ਦਾਨ ਦੇ ਭਗਤੀ ਲਾਇਨ
ਹਰਿ ਸਿਉ ਲੈਨ ਮਿਲਾਏ।''

ਫੇਰ ਆਪ ਪਟਣੇ ਸ਼ੈਹਰ ਪਹੁੰਚੇ। ਚਾਚੇ ਫੱਗੂ ਵਰਗੇ ਪਯਾਰੇ ਤੇ ਅਨੇਕਾਂ ਸਿਦਕੀ ਇਸ ਦੇਸ ਵਿਚ ਵਸਦੇ ਸੇ, ਉਸ ਦੇਸ ਨੂੰ ਕ੍ਰਿਤਾਰਥ ਕਰਦੇ ਹੋਏ ਪਟਣੇ ਠਹਿਰ ਗਏ। ਇਸ ਧਰਤੀ ਨੇ ਅੱਗੇ ਇੱਕ ਬੁਧੀਮਾਨ ਦਾ ਦਰਸ਼ਨ ਕੀਤਾ ਸੀ, ਜਿਸ ਨੇ ਨੇਕੀ ਦੇ ਚਸ਼ਮੇਂ ਵਲੋਂ ਅੱਖ ਨੀਵੀਂ ਰੱਖ ਕੇ ਨੇਕੀ ਪ੍ਰਚਾਰੀ ਸੀ, ਹੁਣ ਉਸ ਧਰਤੀ ਦੀ ਓਹ ਭੁੱਖ ਜੋ ਕਾਦਰ ਵਿਹੂਣੇ ਕੁਦਰਤ ਦੇ ਪ੍ਰੇਮੀਆਂ ਵਿਚ ਰਹਿੰਦੀ ਹੈ ਪੂਰੀ ਹੋਣੀ ਸੀ, ਹੁਣ ਉਸ ਧਰਤੀ ਵਿਚ ਉਸ ਨੇ ਅਵਤਾਰ ਲੈਣਾ ਸੀ ਜੋ ਨੇਕੀ ਨੂੰ ਸੰਪੂਰਨ ਜਾਣਦਾ ਸੀ, ਪਰ ਜਿੱਥੋਂ ਨੇਕੀ ਨਿਕਲੀ ਹੈ ਉਸ ਦਾ ਬੀ ਪੱਕਾ ਸਿਞਾਣੂੰ ਸੀ। ਜੋ ਇਹ ਕਹਿਣ ਦੀ ਲੋੜ ਨਹੀਂ ਸੀ ਰਖਦਾ ਕਿ 'ਪਰਦੇ ਦੇ ਬਾਦ ਪਰਦਾ ਹੈ'

ਗਿ: ਸਰੂਪ ਸਿੰਘ ਕੰਡਿਆਣਾ (ਪੰਥਕ ਢਾਡੀ ਜੱਥਾ)
ਫੋਨ:- 01826-235075,98150-03075



ਸਗੋਂ ਜੋ ਇਹ ਕਹਿ ਸਕਦਾ ਸੀ ਕਿ :—

''ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ।

ਨਾਨਕ ਕਾ ਪਾਤਸਾਹ ਦਿਸੈ ਜਾਹਰਾ।''

ਜਿਸ ਨੇ ਹੁਕਮ (ਕਾਨੂਨ—ਲਾ) ਦਾ ਬਹੁ ਹੀ ਨਿਰਾ ਨਹੀਂ ਸੀ ਦੱਸਣਾ ਪਰ ਹਾਕਮ (ਕਾਨੂਨ ਦਾਤਾ ਲਾ ਗਿਵਰ) ਦਾ ਪੂਰਨ ਗਿਆਨ ਦੇ ਕੇ ਇਹ ਦੱਸਣਾ ਸੀ :—

''ਮਾਈ ਰੀ ਪੇਖ ਰਹੀ ਬਿਸਮਾਦ। ਅਨਹਦ ਧੁਨੀ ਮੇਰਾ ਮਨ ਹੋਇਆ ਅਚਰਜ ਤਾਕੇ ਸਾਦ''

ਹਾਂ, ਉਸ ਧਰਤੀ ਨੂੰ ਇਹ ਫ਼ਖ਼ਰ ਮਿਲਨਾਂ ਸੀ ਕਿ ਸੰਸਾਰ ਦਾ ਸਭ ਤੋਂ ਵਡਾ ਅਵਤਾਰ, ਸਭ ਤੋਂ ਵੱਡਾ ਮੁਕਤ ਦਾਤਾ, ਸਭ ਤੋਂ ਵਡਾ ਬੀਰ, ਸਭ ਤੋਂ ਵੱਡਾ ਸੁਤੰਤ੍ਰਤਾ ਦਾ ਦਾਤਾ ਸਭ ਤੋਂ ਵਡਾ ਸੰਸਾਰ ਵਿਚ ਵਟਾਉ ਪੈਦਾ ਕਰਨੇ ਵਾਲਾ ਗੁਰੂ, ਅਵਤਾਰ, ਕਵੀ, ਵਿਦਵਾਨ, ਨੀਤੀ ਵੇਤਾ, ਸੈਨਾਪਤ (ਜਰਨੈਲ) ਗ੍ਰਹਸਤੀ, ਸਾਧੂ, ਸਿੱਧ, ਤਯਾਗੀ, ਉਪਦੇਸ਼ ਦਾਤਾ, ਕਰਨੀ ਤੇ ਕਹਣੀ ਦਾ ਸੂਰਾ ਏਥੇ ਪ੍ਰਗਟ ਹੋਇਆ ਹੈ। ਏਸੇ ਨਮਿੱਤ੍ਰ ਪ੍ਰਕਾਸ਼ ਦੇ ਪੁੰਜ ਸ੍ਰੀ ਗੁਰੂ ਤੇਗ ਬਹਾਦਰ ਜੀ

'ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ'

ਇਸ ਸਥਲ ਤੇ ਬਿਰਾਜਮਾਨ ਹੋ ਗਏ॥

ਇਥੇ ਹੀ ਸੰਮਤ ੧੭੨੩ ਦਾ ਭਾਗੇ ਭਰਿਆ ਪੋਹ ਦਾ ਮਹੀਨਾਂ ਆ ਗਿਆ, ਅੱਗੇ ਬੀ ਕਈ ਪੋਹ ਸੱਤ ਸਦੀਆਂ ਤੋਂ ਇਸ ਭਾਰਤ ਪਰ ਆ ਰਹੇ ਸੇ, ਪਰ ਜ਼ੁਲਮ ਦਾ ਕੱਕਰ ਸਦਾ ਹੀ ਪੈਂਦਾ ਰਿਹਾਂ। ਅਰ ਏਹ ਸਤੀ ਹੋਈ ਭਾਰਤ ਭੂਮੀ ਪਯਾਰੇ ਦੇ ਪ੍ਰੇਮ ਵਿਚ ਮਾਨੋਂ ਐਉ ਕੁਰਲਾਉਂਦੀ ਰਹੀ :—

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ। ਆਵਤ

ਕੀ ਨਾਹੀ ਮਨਿ ਤਨਿ ਵਸਹਿ ਮੁਖੇ । ਮਨਿ ਤਨਿ
ਰਵਿ ਰਹਿਆ ਜਗ ਜੀਵਨੁ ਗੁਰ ਸਬਦੀ ਰੰਗੁ
ਮਾਣੀ । ਅੰਡਜ ਜੇਰਜ ਸੇਤਜ ਉਤਭੁਜ ਘਟਿ
ਘਟਿ ਜੋਤਿ ਸਮਾਣੀ । ਦਰਸਨ ਦੇਹੁ ਦਇਆ
ਪਤਿ ਦਾਤੇ ਗਤਿ ਪਾਵਉ ਮਤਿ ਦੇਹੋ । ਨਾਨਕ
ਰੰਗ ਰਵੈ ਰਸ ਰਸੀਆ ਹਰਿ ਸਿਉ ਪ੍ਰੀਤ ਸਨੇਹੋ ॥੧੪॥

ਪਰ ਹੁਣ ਕਿਹੋ ਜਿਹਾ ਪੋਹ ਆਯਾ ? ਦੁਖ ਹਰਨ ਵਾਲਾ, ਪਿਆਰੇ ਨੂੰ ਸੰਸਾਰ ਪਰ ਲੈ ਆਉਣ ਵਾਲਾ। ਇਸ ਪੋਹ ਦੀਅ ਮਹਿਮਾਂ ਐਉ ਫਬ ਰਹੀ ਹੈ :—

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ
ਹਰਿ ਨਾਹੁ । ਮਨ ਬੇਧਿਆ ਚਰਨਾਰ ਬਿੰਦ
ਦਰਸਨਿ ਲਗੜਾ ਸਾਹੁ । ਓਟ ਗੋਵਿੰਦ ਗੋਪਾਲ
ਰਾਇ ਸੇਵਾ ਸੁਆਮੀ ਲਾਹੁ । ਬਿਖਿਆ
ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ।
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤ ਸਮਾਹੁ ।
ਕਰੁ ਗਹਿ ਲੀਨੀ ਪਾਰ ਬ੍ਰਹਮਿ ਬਹੁੜ ਨ
ਵਿਛੁੜੀਆਹੁ । ਬਾਰਿ ਜਾਉ ਲਖ ਬੇਰੀਆ
ਹਰਿ ਸਜਣੁ ਅਗਮ ਅਗਾਹੁ । ਸਰਮ ਪਈ
ਨਾਰਾਇਣੈ ਨਾਨਕ ਦਰਿ ਪਈਆਹੁ । ਪੋਖੁ
ਸੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥

ਐਸੇ ਪਿਆਰੇ ਪੋਹ ਦਾ ਜਿਸ ਵਿਚ ''ਬਿਖਿਆ ਪੋਹ ਨ ਸਕਈ'' ਦਾ ਬਾਨ੍ਹਣੂ ਬੰਨ੍ਹਣ ਵਾਲਾ ਤੇਜਸ੍ਵੀ ਮਹਾਰਾਜ ਪ੍ਰਗਟ ਹੋਯਾ, ਇਕ ਐਤਵਾਰ ਆਯਾ, ਜਿਸ ਦਿਨ ਸਪਤਮੀ ਥਿੱਤ ਸੀ । ਇਸ ਭਾਗੇ ਭਰੇ ਦਿਨ ਸਵਾ ਪੈਹਰ ਰਾਤ ਰਹਿੰਦੀ

ਸ੍ਰੀ ਗੁਰੂ ਤੇਗ ਬਹਾਦਰ, ਧਰਮ ਦੀ ਚਾਦਰ, ਧਰਮ ਧੁਰੰਧਰ, ਪੂਰਨ ਗੁਰ ਅਵਤਾਰ ਜੀ ਦੇ ਗ੍ਰਿਹ ਮਾਤਾ ਗੁਜਰੀ ਜੀ ਦੇ ਸੁਲੱਖਣੇ ਗ੍ਰਹਿ ਸ੍ਰੀ ਕਲਗੀਧਰ ਮੀਰੀ ਪੀਰੀ ਦੇ ਮਾਲਕ ਗੁਰੂ ਗੋਬਿਦ ਸਿੰਘ ਜੀ ਅਵਤਾਰ ਧਾਰੀ ਹੋਏ। ਮਹਾਂ ਪੁਰਖਾਂ ਦੇ ਅਵਤਾਰ ਧਰਤੀ ਦੇ ਉਧਾਰ ਨਮਿਤ ਹੋਇਆ ਕਰਦੇ ਹਨ, ਜਦ ਕਦੇ ਪ੍ਰਿਥਵੀ ਪਰ ਪਾਪ ਅਤਿ ਹੋ ਜਾਵੇ ਤਦ ਆਤਮ ਸ੍ਰਿਸ਼ਟੀ ਵਿੱਚੋਂ ਕੋਈ ਉਪਕਾਰੀ ਆਉਂਦਾ ਹੈ, ਪਰ ਐਤਕੀ ਤਾਂ ਉਪਕਾਰੀਆਂ ਦੇ ਸਿਰ ਤਾਜ ਆ ਗਏ ਅਰ ਇੱਕੋ ਵਾਰੀ ਆ ਕੇ ਚਲੇ ਨਹੀਂ ਗਏ। ਦਸ ਜਾਮੇਂ ਧਾਰੇ। ਇਹ ਹੁਣ ਦਸਵਾਂ ਜਾਮਾਂ ਧਾਰ ਕੇ ਸੰਸਾਰ ਨੂੰ ਤਾਰ ਦਿੱਤਾ। ਆਤਮ ਸ੍ਰਿਸ਼ਟੀ ਵਿਚ ਆਤਮ ਪਰਕਾਸ਼ ਹੋਣੇ ਕੁਦਰਤੀ ਬਾਤ ਸੀ। ਸਰੀਰਕ ਸ੍ਰਿਸ਼ਟੀ ਵਿਚ ਕੋਈ ਰਾਜਾ ਪਾਤਸ਼ਾਹ ਕਿਤੇ ਜਾਵੇ ਤਾਂ ਸਰੀਰਕ ਉਤਸ਼ਾਹ ਹੁੰਦੇ ਹਨ ਜਿਨ੍ਹਾਂ ਨੂੰ ਕਰਨੇ ਵਾਲਾ ਸਰੀਰ ਵਿਚ ਲੁਕਿਆ ਬੈਠਾ ਮਨ ਹੁੰਦਾ ਹੈ ਤੇ ਮਨ ਨੂੰ ਸਦਾ ਆਤਮ ਸੱਤਾ ਦੇਂਦਾ ਹੈ। ਸੋ ਜਦ ਆਤਮ ਸ੍ਰਿਸ਼ਟੀ ਦੇ ਤੇਜਸ੍ਵੀ ਮਹਾਂ ਪੁਰਖ ਆਏ ਤਾਂ ਆਤਮ ਕੌਤਕ ਪ੍ਰਗਟ ਹੋਣੇ ਜਰੂਰੀ ਸੇ, ਤੇ ਆਤਮ ਰਸੀਆਂ ਪਰ ਇਸ ਦਾ ਅਸਰ ਹੋਣਾ ਬੀ ਕੁਦਰਤੀ ਬਾਤ ਸੀ। ਸੋ ਉਸ ਵੇਲੇ ਇਕ ਤਪੀ ਫਕੀਰ ਨੇ ਇਸ ਪ੍ਰਕਾਸ਼ ਨੂੰ ਤੱਕ ਕੇ ਸੇਧ ਕੀਤੀ, ਅਰ ਉਸੇ ਸੇਧ ਤੇ ਪਟਣੇ ਪਹੁੰਚਾ। ਦਵਾਰੇ ਜਾ ਕੇ ਦਰਸ਼ਨ ਵਾਸਤੇ ਅਰਜ਼ ਗੁਜ਼ਾਰੀ। ਅੱਗੇ ਆਤਮ ਰਸੀਆਂ ਦਾ ਇਸ ਘਰ ਆਉਣਾਂ ਤਾਂ ਐਉਂ ਕਦਰ ਪਾਉਣ ਵਾਲਾ ਸੀ ਜਿੱਕੂੰ ਸੋਨਾਂ ਚਾਂਦੀ ਸਰਾਫ ਦੇ ਘਰ ਜਾ ਕੇ ਯੋਗ ਮੁੱਲ ਪਾਉਂਦੇ ਹਨ। ਦੈਵੀ ਬਾਲਕ ਨੂੰ ਕੁਛੜ ਲੈ ਕੇ ਦਾਈ ਆਈ ਤੇ ਸਾਈਂ ਜੀ ਨੇ ਨਮਸਕਾਰ ਕਰਕੇ ਅਪਨਾਂ ਮੱਥਾ ਸਫਲ ਕੀਤਾ। ਸਰੀਰ ਦੇ ਹੁੰਦਿਆਂ ਕਈ ਫੇਰ ਰਹਿੰਦੇ ਹਨ, ਹੁਣ ਸਾਈਂ ਦੇ ਜੀ ਵਿੱਚ ਪ੍ਰੀਖਿਆ ਦਾ ਸ਼ੌਕ ਆਯਾ ਉਨ੍ਹਾਂ ਨੇ ਇਹ ਦੇਖਣ ਦੀ ਆਸ਼ਾ ਧਾਰ ਕੇ ਦੋ ਕੁੱਜੀਆਂ ਇੱਕ ਵਿੱਚ ਦੁੱਧ ਦੂਈ ਵਿੱਚ ਪਾਣੀ ਪਾ ਕੇ ਮਹਾਰਾਜ ਦੇ ਅਗੇ ਕੀਤਾ, ਜੇ ਦੁਧ ਡੋਹਲਣਗੇ ਤਦ ਮੁਸਲਮਾਨ , ਜੇ ਪਾਣੀ ਡੋਹਲਣ ਗੇ ਤਾਂ ਹਿੰਦੂ ਸਮਝਾਂਗੇ। ਪਰ ਕੌਤਕ ਹਾਰ ਬਾਲਕ ਨੇ ਇਕ ਪੈਰ ਨਾਲ ਦੋਨੋਂ ਉਲਟਾ ਦਿੱਤੀਆਂ, ਤਦ ਦੇਖੋ ਕਿ ਪਾਣੀ ਤੇ ਦੁੱਧ ਦੋਵੇਂ ਡੁਲ੍ਹ ਕੇ ਰਲ ਮਿਲ ਕੇ ਇੱਕ ਹੋ ਗਏ। ਪਰਤੱਖ ਉਪਦੇਸ਼ ਦੇ ਦਿੱਤਾ ਕਿ ਤਅੱਸਬ ਦੀ ਕੁੱਜੀ ਮੁਸਲਮਾਨਾਂ ਦੀ ਅਰ ਵਰਣਾਸ਼ਰਮ ਦੇ ਹਠ ਦੀ ਕੁੱਜੀ ਹਿੰਦੂਆਂ ਦੀ ਤੋੜ ਕੇ ਜਲ ਦੁੱਧ ਨੂੰ ਇੱਕ

ਕਰ ਦਿਆਂਗੇ, ਜਲ ਦੀ ਦੁੱਧ ਦੀ ਪ੍ਰੀਤ ਮਸ਼ਹੂਰ ਹੈ। ਸ੍ਰੀ ਗੁਰ ਵਾਕ ਹੈ:—

''ਰੇ ਮਨ ਐਸੀ ਪ੍ਰੀਤ ਕਰਿ ਜੈਸੀ ਜਲ ਦੁਧ ਹੋਇ।
ਆਵਟਣ ਆਪੇ ਖਿਵੈ ਦੁਧ ਕਉ ਖਿਵਣ
ਨ ਦੇਇ''।

ਐਉਂ ਹਿੰਦੂ ਤੇ ਮੁਸਲਮਾਨ ਇਕ ਦੂਏ ਨਾਲ ਪਿਆਰ ਕਰਨ ਵਾਲੇ ਬਨਾਵਾਂਗਾਂ। ਦੁੱਧ ਅੱਗ ਤੇ ਧਰੋ ਤਾਂ ਪਾਣੀ ਸੜਦਾ ਹੈ, ਦੁੱਧ ਨੂੰ ਨਹੀਂ ਸੜਨ ਦੇਂਦਾ, ਦੁਧ ਅਪਨੇ ਪਿਆਰੇ ਦਾ ਦੁੱਖ ਦੇਖ ਕੇ ਉਛਲਦਾ ਤੇ ਆਪ ਅੱਗ ਤੇ ਪੈ ਕੇ ਉਸ ਨੂੰ ਬੁਝਾ ਦੇਂਦਾ ਹੈ, ਤੇ ਉਛਲਦੇ ਨੂੰ ਫੇਰ ਪਾਣੀ ਮਿਲ ਜਾਏ ਤਾਂ ਖੁਸ਼ ਹੋ ਕੇ ਮੁੜ ਜਾਂਦਾ ਹੈ। ਫਕੀਰ ਜੀ ਸਮਝ ਗਏ ਕਿ ਇਹ ਪ੍ਰੇਮ ਅਵਤਾਰ ਦੁਹਾਂ ਨੂੰ ਨਿਮ੍ਰਤਾ ਦੀ ਧਰਤ ਤੇ ਪਾ ਕੇ ਪਰੇਮ ਨਾਲ ਗੁੰਨ੍ਹੇਗਾ। ਫੇਰ ਤਾਂ ਉਸ ਦਾ ਪ੍ਰੇਮ ਹੋਰ ਵੈਹ ਤੁਰਿਆ ਕਿ ਸ਼ੁਕਰ ਹੈ ਇਸ ਦੁਖੀ ਸ੍ਰਿਸ਼ਟੀ ਦਾ ਪਾਰ ਉਤਾਰਾ ਹੋਵੇਗਾ, ਆਪਣੇ ਹੋਰ ਬੀ ਧੰਨ ਭਾਗ ਜਾਣ ਕੇ ਮੱਥਾ ਟੇਕ ਕੇ ਵਿਦਾ ਹੋਇਆ। ਫਕੀਰ ਦੀ ਆਯੂ ਹੋ ਚੁਕੀ ਸੀ, ਨਹੀਂ ਤਾਂ ਵੇਖਦਾ ਕਿ ਇਸ ਵਾਹਿਗੁਰੂ ਦੇ ਨਿਵਾਜੇ ਬਾਲਕ ਨੇ ਕਿਸ ਤਰਾਂ ਲੋਕਾਂ ਵਿਚੋਂ 'ਮੈਂ' ਕੱਢ ਕੇ ਸੀਸ ਭੇਟਾ ਲੀਤੇ ਅਰ ਕਿਸ ਤਰ੍ਹਾਂ 'ਅੰਮ੍ਰਿਤ' ਸਾਜ ਕੇ ਸ੍ਰਿਸਟੀ ਮਾਤਰ ਨੂੰ ਜੋੜਨ ਲਈ ਮਾਨੋਂ ਸੀਮਿੰਟ ਤਿਆਰ ਕਰ ਦਿੱਤੀ, ਕਿਸ ਤਰਾਂ ਹਿੰਦੂ ਸਿੱਖ ਹੋ ਗਏ, ਅਰ ਕਿਸ ਤਰ੍ਹਾਂ ਮੁਸਲਮਾਨ ਬੁੱਧੂ ਸ਼ਾਹ ਵਰਗੇ ਸਿੱਖੀ ਧਾਰ ਕੇ ਅਪਨੇ ਸਪੁੱਤ੍ਰ ਭੇਟ ਕਰ ਕੇ ਕ੍ਰਿਤ ਕ੍ਰਿਤ ਸਿੱਖ ਹੋਏ ? ਕਿਸ ਤਰਾਂ ਅੰਮ੍ਰਿਤ ਦਾ ਦਰਵਾਜ਼ਾ ਪ੍ਰਾਣੀ ਮਾਤਰ ਲਈ ਖੁਲ੍ਹ ਗਿਆ, ਕਿਸ ਤਰਾਂ ਦੇਸ ਨੂੰ ਸੁਤੰਤ੍ਰਤਾ ਮਿਲੀ? ਕਿਸ ਤਰ੍ਹਾਂ ਸੰਸਾਰ ਨੂੰ ਸੱਚਾ ਧਰਮ ਮਿਲਿਆ ? ਸ੍ਰੀ ਗੁਰੂ ਜੀ ਨੇ ਅਪਨੇ ਅਵਤਾਰ ਨੂੰ ਆਪਨੇ ਮੁਖਾਰਬਿੰਦ ਥੀਂ ਐਉਂ ਵਰਨਣ ਕੀਤਾ ਹੈ :—

ਮੁਰ ਪਿਤ ਪੂਰਬ ਕੀਅਸੁ ਪਿਆਨਾ। ਭਾਂਤ ਭਾਂਤ
ਕੇ ਤੀਰਥ ਨ੍ਹਾਨਾ। ਜਬ ਹੀ ਜਾਤ ਤ੍ਰਿਬੇਣੀ ਭਏ।
ਪੁੰਨ ਦਾਨ ਦਿਨ ਕਰਤ ਬਿਤਏ। ਮਦਰ ਦੇਸ ਹਮ

ਕੋ ਲੈ ਆਏ। ਭਾਂਤ ਭਾਂਤ ਦਾਈਅਨ ਦੁਲਰਾਏ।
ਤਹੀ ਪ੍ਰਕਾਸ਼ ਹਮਾਰਾ ਭਇਓ। ਪਟਨੇ ਸ਼ਹਿਰ
ਬਿਖੈ ਭਵ ਲਇਓ।

## ੨. ਗੁਰ ਅਵਤਾਰ ਪਰ ਲੈਕਚਰ

ਖਾਲਸਾ ਜੀ! ਹੁਣ ਇਹ ਬਾਤ ਤਾਂ ਆਪ ਨੂੰ ਓਪਰੀ ਨਹੀਂ ਰਹੀ ਕਿ ਗੁਰਪੁਰਬ ਕੀ ਹੁੰਦੇ ਹਨ ? ਪਰ ਇਸ ਬਾਤ ਵਿਚ ਬਹੁਤ ਹੀ ਸਮਝ ਦੀ ਲੋੜ ਹੈ ਕਿ ਗੁਰਪੁਰਬ ਮਨਾਈ ਦੇ ਕਿਕੁਰ ਹਨ ? ਗੁਰਪੁਰਬ ਮਨਾਉਣ ਵਿੱਚ ਸਰੀਰ ਤੇ ਮਨ ਦੋਵੇਂ ਹੀ ਹਿੱਸੇ ਲੈਂਦੇ ਹਨ। ਸਰੀਰਕ ਕੰਮ ਤਾਂ ਇਹ ਕਰਦੇ ਹਾਂ, ਨਗਰ ਕੀਰਤਨ, ਲੰਗਰ, ਮਿੱਤ੍ਰਾਂ ਨੂੰ ਸੁਗਾਤਾਂ, ਸੱਜਨਾਂ ਨੂੰ ਪ੍ਰੀਤੀ ਭੋਜਨ, ਦੀਨਾਂ ਦੀ ਪਾਲਨਾਂ, ਦੀਪ ਮਾਲਾ, ਵਿਦਯਾਰਥੀਆਂ ਨੂੰ ਇਨਾਮ ਆਦਿਕ। ਪਰ ਇਨ੍ਹਾਂ ਕੰਮਾਂ ਦੇ ਕਰਾਉਣ ਵਾਲਾ ਬੀ ਸਰੀਰ ਦੇ ਅੰਦਰ ਲੁਕਿਆ ਬੈਠਾ ਮਨ ਹੈ, ਜੋ ਖੁਸ਼ੀ ਤੇ ਅਨੰਦ ਦਾ ਭਰਿਆ ਉਤਸ਼ਾਹ ਦੇ ਹੁਲਾਰੇ ਲੈਂਦਾਂ ਅੱਜ ਓਹ ਓਹ ਕਾਰਜ ਕਰ ਰਿਹਾ ਹੈ ਕਿ ਮਨ੍ਹਾਂ ਤੋਂ ਅਨੰਦ ਹੀ ਅਨੰਦ ਫੁਹਾਰਿਆਂ ਵਾਂਙ ਫੁਟ ਫੁਟ ਪਿਆ ਨਿਕਲੇ। ਬਸਤ੍ਰ ਹਨ ਤਾਂ ਨਵੇਂ, ਘਰ ਹਨ ਤਾਂ ਸੁਥਰੇ, ਲੰਗਰ ਹੈ ਤਾਂ ਨਵੇਂ ਨਵੇਂ ਭੋਜਨਾਂ ਨਾਲ ਭਰਪੂਰ, ਕੋਈ ਸਾਮਾਨ ਨਹੀਂ ਜੋ ਅੱਜ ਸੁਥਰਾ ਨਹੀਂ, ਪਰ ਸੱਜਨੋਂ! ਏਸ ਮਨ ਦਾ ਸੁਭਾਵ ਹੈ ਕਿ ਅੰਦਰਲੇ ਨਿਰਦੋਖ ਉਤਸ਼ਾਹ ਨਾਲ ਜੋ ਬਾਹਰਲੇ ਅਨੰਦਮਈ ਕੰਮ ਕਰਦਾ ਹੈ, ਕਈ ਵੇਰ ਉਨ੍ਹਾਂ ਦੇ ਆਨੰਦ ਵਿਚ ਹੀ ਮਗਨ ਹੋ ਕੇ ਅੰਦਰਲੀ ਪਟੜੀ ਤੋਂ ਉਖੜ ਖਲੋਂਦਾ ਹੈ। ਪਹਿਲੇ ਉਨ੍ਹਾਂ ਆਨੰਦਾਂ ਵਿਚ ਤੇ ਫੇਰ ਉਨ੍ਹਾਂ ਅਨੰਦਾਂ ਨੂੰ ਹੋਰ ਹੋਰ ਸ਼ਕਲਾਂ ਵਿਚ ਪਲਟਦਾ ਅਯੋਗ ਖੁਸ਼ੀ ਦੇ ਸਾਮਾਨ ਕਰਨ ਲੱਗ ਪੈਂਦਾ ਹੈ, ਜਿਨ੍ਹਾਂ ਨੂੰ ਸਿਆਣੇ ਲੋਕ ਵਿਕਾਰ ਵਾਲੇ ਆਖਦੇ ਹਨ। ਅਸੀਂ ਅਪਨੇ ਆਲੇ ਦੁਆਲੇ ਦੇਖਦੇ ਹਾਂ ਕਿ ਕਈ ਹਮਸਾਈ ਕੌਮਾਂ ਦੇ ਸੱਜਨ ਅਪਨੇ ਪੁਰਬਾਂ ਪਰ ਵਿਕਾਰੀ ਖੁਸ਼ੀਆਂ ਵਿਚ ਪੈ ਜਾਂਦੇ ਹਨ, ਕਈ ਆਪਣੀ ਖੁਸ਼ੀ ਵਿਚ ਹੋਰਨਾਂ ਨੂੰ ਰੰਜ ਕਰਦੇ ਹਨ ਤੇ ਕਈ ਮੂਰਖਤਾ ਦੇ ਕਾਰਜਾਂ ਵਿੱਚ ਲੱਗ ਜਾਂਦੇ ਹਨ। ਇਨ੍ਹਾਂ ਭੁਲਾਂ ਦਾ ਕਾਰਨ

ਇਹੋ ਹੈ ਕਿ ਮਨ ਜਦ ਨਿਰਦੋਖ ਖੁਸ਼ੀ ਦੇ ਸਾਮਾਨ ਕਰ ਲਵੇ, ਤਦ ਆਪ ਅੰਦਰੋਂ ਸੱਚਾ ਗੁਰਪੁਰਬ ਬੀ ਮਨਾਵੇ, ਤਾਂ ਜੋ ਅੰਦਰੋਂ ਬਾਹਰੋਂ ਅਨਿੰਨ ਸੱਚਾ ਸਿੱਖ ਮੰਨਿਆ ਜਾਵੇ ਇਸ ਦੀ ਵਿਉਂਤ ਇਹ ਹੈ ਕਿ ਜਦ ਨੇਮ ਦੇ ਕਾਰਜਾਂ ਦਾ ਸਾਮਾਨ ਕਰ ਲਵੋ, ਤਦ ਇਨ੍ਹਾਂ ਕਾਰਜਾਂ ਦੀ ਆਪਨੇ ਆਪ ਨੂੰ ਫਦੋਕੜ ਨਾਂ ਬਨਾਓ ਕਿ ਬਿੰਦੂ ਵਾਂਙੂ ਓਹ ਤੁਹਾਨੂੰ ਪਟਕਾਈ ਫਿਰਨ, ਪਰ ਤੁਸੀ ਦੇਖਣ ਵਾਲੇ, ਸਾਖੀ ਬਣ ਕੇ ਅਨੰਦ ਲਓ। ਜਿਕੂੰ ਨਗਰ ਕੀਰਤਨ ਕੀਤਾ, ਹੁਣ ਤੁਸੀ ਵਾਜੇ ਸੁਣਨ, ਫੁਲ ਉਡਾਉਣ ਤੇ ਹੋ ਹੋ ਕਰਨ ਵਿੱਚ ਹੀ ਬੇ ਸੁਧ ਨਾਂ ਹੋ ਜਾਓ। ਪਰ ਤੁਹਾਡਾ ਮਨ ਵਾਜੇ ਦੀ ਧੁਨ ਵਿੱਚ ਕਲਗੀ ਧਰ ਦੀ ਮਹਿਮਾਂ ਸੁਣੇ, ਫੁਲ ਸਿਟਦਾ ਹੋਇਆ ਪਯਾਰੇ ਨੂੰ ਅਨੁਭਵ ਕਰੇ, ਪਯਾਰੇ ਤੋਂ ਸਦਕੇ ਹੋਵੇ, ਸਬਦ ਮੰਡਲੀਆਂ ਦੇ ਸਬਦਾਂ ਨੂੰ ਸਮਝ ਕੇ ਜੀਵਨ ਸੁਧਾਰੇ, ਅਰ ਇਹ ਸਮਝੇ ਕਿ ਹੇ ਗੁਆਂਢੀ ਭਰਾਵੋ ! ਆਓ ਸਾਡੇ ਗੁਰਾਂ ਦੇ ਕੀਰਤਨ ਸੁਣ ਕੇ ਸੋਚੋ ਕਿ ਕੈਸਾ ਸੁਗਮ ਮਾਰਗ ਹੈ, ਸੁਣੋਂ ਤੇ ਆਪਣੀ ਕਲਯਾਨ ਕਰੋ। ਅਸੀ ਅੱਜ ਬਜਾਰਾਂ ਵਿੱਚ ਫਿਰ ਕੇ ਇਸ ਲਈ ਕੀਰਤਨ ਕਰ ਰਹੇ ਹਾਂ ਕਿ ਜਿਸ ਦਾਤੇ ਨੇ ਏਹ ਦਾਨ ਦਿੱਤਾ ਹੈ , ਉਸ ਦੇ ਅਵਤਾਰ ਦੀ ਅੱਜ ਯਾਦਗਾਰ ਹੈ, ਅਰ ਉਸ ਯਾਦਗਾਰ ਦੀ ਇੱਜ਼ਤ ਵਿਚ ਅਸੀ ਰਤਨਾਂ ਦੀ ਲੁਟ ਬਜਾਰਾਂ ਵਿੱਚ ਕਰ ਰਹੇ ਹਾਂ। ਸਾਲ ਭਰ ਤਾਂ ਤੁਸਾਨੂੰ ਮੌਕਿਆਂ ਸੀ ਕਿ ਤੁਸੀਂ ਭਾਲ ਕਰਦੇ, ਪਰ ਅੱਜ ਅਸੀ ਆਪ ਫਿਰ ਫਿਰ ਕੇ ਛੱਟਾ ਦੇ ਰਹੇ ਹਾਂ ਕਿ ਭਲਾ ਜੇ ਸਾਰੇ ਨਗਰ ਵਿਚੋਂ ਇੱਕ ਆਤਮਾਂ ਦੀ ਨਰਕ ਦੀ ਸੜਕ ਤੇ ਤੁਰੀ ਜਾਂਦੀ ਕਿਸੇ ਗੁਰਬਾਣੀ ਦੇ ਨਿਸ਼ਾਨੇ ਯਾ ਸੱਟ ਲਾਲ ਪਰਤ ਪਵੇ ਅਰ ਸੱਚ ਇਸੀ ਪ੍ਰਕਾਰਜੇ ਕੱਪੜੇ ਵਟਾਂਦੇ ਹੋ ਤਦ ਮਨ ਤੋਂ ਵਰ੍ਹੇ ਭਰ ਦੀ ਮੈਲ ਦੇ ਛੌੜ ਬੀ ਲਾਹੋ, ਜੇ ਭੋਜਨ ਦਾਨ ਦੇਂਦੇ ਹੋ, ਤਾਂ ਇਹ ਨਾਂ ਸਮਝੋ ਕਿ ਮੈਂ ਦਾਨ ਦੇਂਦਾ ਹਾਂ, ਪਰ ਇਹ ਕਿ ਗੁਰੂ ਦੀ ਦਾਤ ਗੁਰੂ ਦੇ ਸਿੱਖ ਛਕਦੇ ਹਨ, ਧੰਨ ਭਾਗ ਮੇਰੇ ਹਨ ਜੋ ਸੇਵਾ ਮੇਰੇ ਹਿੱਸੇ ਆਈ ਹੈ। ਜੇ ਸੱਜਨਾਂ ਨੂੰ ਸੁਗਾਤਾਂ ਭੇਜਦੇ ਹੋ ਤਾਂ ਦਿਖਾਵੇ ਅਰ ਸੁਦਾਗਰੀ ਵਿਚ ਨਾਂ ਪੈ ਜਾਓ ਪਰ ਸੱਚੀ ਪ੍ਰਾਰਥਨਾਂ ਅਪਨੇ ਮਿੱਤ੍ਰਾਂ ਲਈ ਭੇਜੋ। ਜੇ ਦੀਪਮਾਲਾ ਕਰਦੇ ਹੋ ਤਾਂ ਤੇਲ ਵੱਟੀ ਦੇ ਫੇਰ ਵਿਚ ਭੁਲੱਕੜ ਨਾਂ ਹੋ ਜਾਓ, ਪਰ ਵਿਚਾਰੋ ਜਿਕੂੰ ਹਨੇਰੇ ਨੂੰ ਏਹ ਦੀਵੇ ਪ੍ਰਕਾਸ਼ਦੇ ਹਨ ਉਕੱਰ ਗੁਰੂ ਨੇ ਭੌਜਲ ਦੇ ਅੰਧਕਾਰ ਨੂੰ ਸੂਰਜ ਹੋ ਕੇ ਚਾਨਣਾ ਕੀਤਾ ਸੀ। ਜਿਕੂੰ ਸੂਰਜ ਦੀ ਸੱਤਾ ਤੋਂ ਤੇਲ,

ਰੂੰ ਆਦਕ ਬਣੇ ਤੇ ਅਗੋਂ ਚਾਨਣਾਂ ਕਰ ਰਹੇ ਹਨ, ਇੱਕੁਰ ਗੁਰੂ ਦੀ ਸੱਤਾ ਤੋਂ ਮੈਂ ਹੋਰ ਸਿੱਖ ਸੱਚੇ ਸਿਖ ਹੋ ਕੇ ਦੀਪਮਾਲ ਵਾਂਗੂ ਆਪੋ ਵਿਚ ਇੱਕ ਲੜੀ ਵਿੱਚ ਪ੍ਰੋਤੇ ਜਾ ਕੇ ਗੁਰਮਤ ਦਾ ਚਾਂਨਣਾਂ ਸੰਸਾਰ ਵਿੱਚ ਕਰੀਏ ॥

ਐਉ ਸੱਜਨੋਂ ! ਆਪ ਨੂੰ ਸੁਚੇਤ ਰਖੋ। ਖੁਸ਼ੀ ਮਨਾਉਣ ਵਾਲੇ ਹੋਕੇ, ਖੁਸ਼ੀ ਵਿੱਚ ਬੇ ਸੁਧ ਹੋ ਕੇ ਰੋੜ੍ਹੀਂ ਨਾਂ ਪੈ ਜਾਓ , ਸਗੋਂ ਜਿਕੂੰ ਮਨ ਨੇ ਸਰੀਰ ਨਾਲ ਮਿਲ ਕੇ ਇਹ ਕਾਰਜ ਕੀਤੇ ਹਨ ਅਰ ਫੇਰ ਨਿਜ ਵਿਚ ਸਾਖੀ ਸਾਵਧਾਨ ਹੋ ਕੇ ਵਰਤਿਆ ਹੈ, ਤਿਵੇਂ ਮਿਲ ਕੇ ਬੀ ਆਤਮ ਖੁਸ਼ੀਂ ਮਨਾਓ। ਸਚ ਓਹ ਦਿਨ ਹੈ ਜੋ ਯਾਦ ਕਰਾਉਂਦਾ ਹੈ ਕਿ ਅੱਜ ਮੇਰੇ ਗੁਰੂ ਜੀ ਨੇ ਅਵਤਾਰ ਲਿਆ ਸੀ। ਮੇਰੇ ਗੁਰੂ ਦਾ ਸਰੂਪ ਕੀ ਹੈ ? ਗੁਰਬਾਣੀ ਉਨ੍ਹਾਂ ਦਾ ਸਰੂਪ ਦੱਸ ਰਹੀ ਹੈ। ਹੁਣ ਇਕਾਂਤ ਬਹਿ ਕੇ ਬਾਣੀ ਤੋਂ ਗੁਰੂ ਦੇ ਗੁਣਾਂ ਦਾ ਚਿੰਤਨ ਕਰੋ, ਗੁਰੂ ਜੀ ਦੀਆਂ ਕਰਨੀਆਂ ਤੋਂ ਉਨ੍ਹਾਂ ਦੇ ਗੁਣਾਂ ਦਾ ਖਿਆਲ ਕਰੋ। ਇਨ੍ਹਾਂ ਸਾਰੇ ਗੁਣਾਂ ਨੂੰ ਧਯਾਨ ਵਿੱਚ ਕੱਠਾ ਕਰਕੇ ਇਕ ਗੁਣਾਂ ਦਾ ਪੁਤਲਾ ਬਨਾਓ, ਇਸ ਗੁਣਾਂ ਦੇ ਪੁਤਲੇ ਦੇ ਨਿਰਮਲ ਚਿੱਤ ਦਾ ਧਯਾਨ ਕਰੋ ਤੇ ਅਪਨੇ ਚਿੱਤ ਨੂੰ ਇਸ ਚਿੱਤ ਵਿਚ ਸਮਾਓ। ''ਚਿਤਹ ਚਿਤ ਸਮਾਇ ਤੇ ਹੋਵਹ ਰਸ ਘਨਾ''। ਜੇ ਆਪ ਇਹ ਆਤਮ ਕਾਰਜ ਕਰ ਸਕੋ ਤਾਂ ਕੀ ਫਲ ਹੋਊ ਕਿ ਤੁਸੀ ਸੱਚ ਮੁਚ ਗੁਰੂ ਜੀ ਦਾ ਦਰਸ਼ਨ ਪਾਓ ਗੇ, ਉਸ ਗੁਣਾਂ ਦੇ ਸਮੁੰਦਰ ਦੇ ਰਤਨ ਤੁਹਾਡੇ ਹਿਰਦੇ ਵਿੱਚ ਆ ਜਾਣਗੇ ਅਰ ਤੁਹਾਡਾ ਸੱਚਾ ਗੁਰਪੁਰਬ ਮਨੀਵੇਗਾ ॥

ਫੇਰ ਤੁਸੀ ਵਿਚਾਰ ਕਰੋ ਕਿ ਗੁਰੂ ਸਾਡਾ ਆਤਮਾ ਕਰਕੇ ਤਾਂ ਵਾਹਿਗੁਰੂ ਵਿੱਚ ਹੈ, ਪਰ ਸਰੀਰ ਕਰਕੇ ਕਿੱਥੇ ਹੈ ? ਕਿਉਂਕਿ ਓਹ ਸਰੀਰ ਸਮੇਤ ਗਏ ਸੇ, ਓਹ ਸਰੀਰ ਕਿੱਥੇ ਹੈ ? ਮਿੱਤ੍ਰ ! ਉਨ੍ਹਾਂ ਦਾ ਹੁਕਮ ਹੈ ਕਿ ਮੈਂ ਸਾਧ ਸੰਗ ਵਿੱਚ ਸਦਾ ਵਸਦਾ ਹਾਂ। ਭਾਵ ਏਹ ਕਿ ਪੰਥ ਉਨ੍ਹਾਂ ਦਾ ਵਿਦਤ ਸਰੂਪ ਹੈ। ਹੁਣ ਜੇ ਤੁਸੀਂ ਸੱਚੇ ਸਿੱਖ ਹੋ ਯਾ ਬਣਨ ਦਾ ਜਤਨ ਕਰਦੇ ਹੋ, ਤਾਂ ਦੇਖੋ ਗੁਰੂ ਜੀ ਜੋ ਸਭ ਕੁਝ ਦੇ ਦਾਤਾ ਹਨ ਉਹ ਮੰਗਦੇ ਹਨ:—

ਸਿਰ ਧਰ ਤਲੀ ਗਲੀ ਮੇਰੀ ਆਉ।

ਸਿਰ ਮੰਗਦੇ ਹਨ, ਗੁਰੂ ਨੂੰ ਸਿਰ ਦਿਓ। ਸਿਰ ਐਉ ਨਹੀਂ ਮੰਗਦੇ ਕਿ ਮੂਰਖ ਲੋਕਾਂ ਵਾਂਙ ਸਿਰ ਵੱਢ ਕੇ ਕਿਸੇ ਹਵਨ ਕੁੰਡ ਵਿੱਚ ਪਾ ਦਿਓ। ਸਿਰ ਧੜ ਦੇ ਨਾਲ ਹੀ ਰੱਖੋ, ਪਰ ਆਪਣਾਂ ਨਾਂ ਸਮਝੋ, ਇਹ ਗੁਰੂ ਦਾ ਜਾਣੋ। ਜਦ ਇਹ ਗੁਰੂ ਦਾ ਹੋ ਗਿਆ ਤਦ ਤੁਸੀਂ ਵਿਸ਼ੇ ਵਾਸ਼ਨਾਂ, ਅਰ ਖੋਟੇ ਸੰਕਲਪ ਨਹੀਂ ਸੋਚ ਸਕਦੇ, ਸਿਰ ਗੁਰੂ ਦਾ ਹੈ, ਸਿਰ ਵਿੱਚ ਮਗ਼ਜ਼ ਹੈ, ਮਗਜ਼ ਸੋਚਦਾ ਹੈ। ਹੁਣ ਮਗਜ਼ ਗੁਰੂ ਦਾ ਹੋ ਚੁਕਾ ਹੈ, ਤੁਹਾਡਾ ਕੀ ਹੱਕ ਹੈ, ਕਿ ਇਸ ਤੋਂ ਕੋਈ ਐਸਾ ਕੰਮ ਲਵੋ ਜੋ ਗੁਰੂ ਦੀ ਆਗਯਾ ਦੇ ਵਿਰੁਧ ਹੈ ? ਸੀਸ ਗੁਰੂ ਦਾ ਹੈ, ਮਿਤ੍ਰੋ ! ਤੁਹਾਡਾ ਨਹੀਂ। ਗੁਰੂ ਪੰਥ ਵਿਚ ਹੈ, ਸਿਰ ਦੀ ਸਾਰੀ ਤਾਕਤ ਗੁਰੂ ਦੀ ਸੇਵਾ ਵਿਚ ਲਾ ਦਿਓ। ਪੰਥ ਉਨੱਤੀ ਦੀਆਂ ਵਿਚਾਰਾਂ ਸਿਰ ਨਾਲ ਕਰੋ ਅਰ ਪੰਥ ਉਨਤੀ ਦੇ ਕੰਮਾਂ ਵਿੱਚ ਸਿਰ ਡਾਹਕੇ ਲੱਗੋ। ਇਸ ਸਿਰ ਵਿਚ ਸਾਰੀਆਂ ਤਾਕਤਾਂ ਹਨ, ਸੋ ਪੰਥ ਸੇਵਾ ਵਿਚ ਲਾਓ।

ਹੁਣ ਤੁਸੀਂ ਪੰਥ ਸੇਵਾ ਜਦ ਕਰਦੇ ਹੋ ਤਾਂ ਆਪਣੀ ਪਰਕਰਮਾਂ ਆਪ ਕਰਦੇ ਹੋ। ਆਪੇ ਤੋਂ ਘੋਲੀ ਸਦਕੇ ਜਾਂਦੇ ਹੋ, ਮਿਤ੍ਰੋ! ਇਹ ਪਖੰਡ ਤੇ ਗੁਰੂ ਨਾਲ ਠੱਗੀ ਹੈ। ਤੁਸੀਂ ਗੁਰੂ ਦੀ ਪਰਕਰਮਾਂ ਕਰੋ, ਗੁਰੂ ਤੋਂ ਸਦਕੇ ਜਾਓ, ਪੰਥ ਸੇਵਾ ਗੁਰੂ ਦੀ ਜਾਣ ਕੇ ਕਰੋ, ਆਪੇ ਦੀ ਖਾਤਰ ਨਾ ਕਰੋ। ਇਸ ਲਈ ਸਤਗੁਰਾਂ ਨੇ ਪਰਕਰਮਾਂ ਦਾ ਰਿਵਾਜ਼ ਰਖਿਆ ਸੀ ਕਿ ਸਿੱਖ ਨੂੰ ਰੋਜ਼ ਯਾਦ ਰਹਵੇ ਕਿ ਮੈਂ ਆਪਾ ਗੁਰੂ ਤੋਂ ਘੋਲ ਘੱਤਿਆ ਹੈ, ਮੈਂ ਚਉਖੰਨਿਆਂ ਜਾ ਰਿਹਾ ਹਾਂ। ਪਰ ਹੋਰਨਾਂ ਗੱਲਾਂ ਵਾਂਙੂੰ ਇਹ ਬੀ ਭੁਆਟੜੀਆਂ ਰਹਿ ਗਈਆਂ ਹਨ, ਜਿਕੂੰ ਬੱਚੇ ਭਾਂ ਭਾਂ ਬਿੱਲੀਆਂ ਖੇਡ ਆਏ, ਤੁਸੀਂ ਪਰਕਰਮਾਂ ਕਰ ਆਏ। ਅਮਾਨਤ ਵਿਚ ਖਯਾਨਤ ਨਾ ਕਰੋ। ਗੁਰੂ ਵਾਕ ਹੈ:—

'ਪਰਾਈ ਅਮਾਨ ਕਿਉ ਰਖੀਐ ਦਿਤਿਆ ਹੀ ਸੁਖ ਹੋਇ'

ਇਹ ਸਿਰ ਗੁਰੂ ਦਾ ਹੈ, ਤੁਸਾਂ ਅਰਪਨ ਕੀਤਾ। ਗੁਰੂ ਨੇ ਅੰਮ੍ਰਿਤ ਵਿਚ ਖੰਡਾ ਫੇਰ ਕੇ ਸੀਸ ਪ੍ਰਵਾਨ ਕਰ ਲਿਆ। ਤੁਸਾਂ ਉਹ ਖੰਡੇ ਦੀ ਅੰਮ੍ਰਿਤ ਧਾਰ ਮਿਠੀ

ਕਰਕੇ ਪੀਤੀ, ਹੁਣ ਪੰਥ ਸੇਵਾ ਦੇ ਦੁਖਾਂ ਨੂੰ ਕਿਉਂ ਮਿਠਾ ਕਰਕੇ ਨਹੀਂ ਪੀਂਦੇ ? ਸੀਸ ਤੁਹਾਡਾ ਨਹੀਂ, ਸੀਸ ਗੁਰੂ ਦਾ ਹੈ। ਗੁਰੂ ਪੰਥ ਦੀ ਸੇਵਾ ਵਿਚ ਲਾ ਦਿਓ। ਜਦ ਤੱਕ ਤੁਸੀਂ ਪੰਥ ਸੇਵਾ ਵਿਚ ਐਉਂ ਨਹੀ ਲਗਦੇ ਕਿ ਜਿਕੂੰ ਸੀਸ ਦੇ ਚੁਕੇ ਹੋ, ਜਦ ਤਕ ਸੀਸ ਜੋ ਗੁਰੂ ਜੀ ਖੰਡੇ ਧਾਰ ਨਾਲ ਅਪਨਾ ਕਰ ਚੁਕੇ ਹਨ ਤੁਸੀ ਦੇ ਕੇ ਪਹਿਮਾਨਗੀ ਨਾਲ ਆਪਣਾ ਜਾਣ ਰਹੇ ਹੋ, ਤਦ ਤਕ ਆਪ ਵਿਚਾਰ ਕਰ ਲਓ ਸਿਖੀ ਕਾਹਦੀ ਤੇ ਗੁਰਪੁਰਬ ਕਾਹਦੇ ? ਜੀਕੂੰ ਦੁਆਲੀਆ ਲੋਕਾਂ ਦੀਆਂ ਅਮਾਨਾਂ ਅੰਦਰ ਰੱਖਕੇ ਐਸ਼ ਕਰਦਾ ਹੈ, ਉਸ ਤਰਾਂ ਤੁਸਾਂ ਗੁਰੂ ਕੀ ਅਮਾਨ ਘੁਟ ਕੇ ਖੁਸ਼ੀ ਮਨਾਈ ਹੈ। ਦਰਗਾਹੇ ਗੁਰਪੁਰਬ ਮਨਾਏ ਦੀ ਕਬੂਲੀ ਨਹੀਂ ਹੈ। ਗੁਰਪੁਰਬ ਤਦੇ ਹੈ ਜਦ ਸੀਸ ਜੋ ਗੁਰੂ ਦਾ ਹੈ ਗੁਰੂ ਦਾ ਹੀ ਕਾਰਜ ਕਾਰਦਾ ਹੈ।

ਗੁਰੂ ਵਿਮੁਖਤਾ ਦੀ ਪਹਿਮਾਨਗੀ ਦਾ ਕਾਰਜ ਆਪਾ ਹੈ, ਹਉਮੈਂ ਹੈ। ਇਸਦਾ ਸਿਰ ਸੇਵਾ ਦੀ ਛੁਰੀ ਨਾਲ ਤੇ ਨਿਮ੍ਰਤਾ ਦੀ ਕਟਾਰ ਨਾਲ ਕਟ ਦਿਓ ਤੇ ਉਥੇ ਮੈਤਰੀ ਦਾ ਬੀ ਬੀਜ ਦਿਓ। ਸਾਰੇ ਸਿਖਾਂ ਦੇ ਸੀਸ ਗੁਰੂ ਦੇ ਹਨ। ਸਾਰੇ ਜੁੜਕੇ ਇਕ ਹੋ ਜਾਓ। ਇਕ ਹੋ ਜਾਓ ਤਾਂ ਇਹ ਸਾਰੇ ਅਰਥਾਤ—ਪੰਥ—ਗੁਰੂ ਕਾ ਰੂਪ ਹੈ, ਗੁਰੂ ਗਰੰਥ ਸਾਹਿਬ ਦੀ ਤਾਬਿਆ ਤੁਸੀ ਗੁਰੂ ਹੋ। ਇਹ ਆਤਮ ਗੁਰਪੁਰਬ ਦੇ ਨਮੂਨੇ ਹਨ। ਐਉਂ ਆਓ ਰਲਕੇ ਅੱਜ ਗੁਰ ਪੂਰਬ ਮਨਾਈਏ॥

## ੩. ਮੀਰ ਸ਼ਿਕਾਰ

ਝਾਕੀ— ਬਿਲਾਸਪੁਰ ਦਾ ਬਨ।

ਆਏ—(ਰਾਜਾ, ਵਜ਼ੀਰ, ਸੈਨਾਪਤਿ ਦੀਵਾਨ, ਮੁਸਾਹਬ, ਸਿਪਾਹੀ ਤੇ ਸਵਾਰ)

ਰਾਜਾ ਭੀਮ ਚੰਦ:—
ਅੱਜ ਸੁਆਦ ਨਹੀਂ ਕੁਝ ਆਯਾ ਖੇਡ ਸ਼ਿਕਾਰ ਗੰਵਾਯਾ।
ਮਿਰਗ ਨ ਕੁਈ ਨਿਸ਼ਾਨੇ ਬੈਠਾ ਸੂਰ ਨ ਨਜ਼ਰੀ ਆਯਾ,

ਨਾ ਸੁਰਖਾਬ ਨਦੀ ਤੇ ਲੱਧਾ ਨਾ ਮੁਰਗਾਈ ਆਈ।
ਦੌੜ ਧੂਪ ਤੇ ਹਾ ਹਾ ਹੂ ਹੂ ਐਵੇਂ ਪਾਇ ਗਵਾਈ।

ਵਜ਼ੀਰ:–

ਮੀਰ ਸ਼ਿਕਾਰ ਬਿਨਾਂ, ਸਰਕਾਰ! ਨਹੀਂ ਹੈ ਸੁਆਦ ਕਦੀ ਬੀ ਆਯਾ॥
ਮੀਰ ਸਿਕਾਰ ਵਡਾ ਉਸਤਾਦ, ਮਨੋਂ ਹੈ ਓਸ ਸ਼ਿਕਾਰ ਗੜਾਯਾ।
ਮੌਤ ਸੁਵੱਸਕਰੀ ਮਿਰਗਾਂ ਦੀ ਆਵੇ ਭੱਜ ਜੁ ਓਸ ਬੁਲਾਯਾ।
ਹੈ ਅਫਸੋਸ ਬੜਾ ਪਰਸੁਆਮੀ! ਰੋਗ ਬੜੇ ਉਸ ਘੇਰ ਬਿਠਾਯਾ।
ਰਾਜਾ:– ਹੈਂ ਹੈਂ ਰੋਗ! ਕੀ ਹੈ ਰੋਗ?
ਜਿਸ ਨੇ ਕੀਤਾ ਮੀਰ ਅਜੋਗ?

ਵਜ਼ੀਰ :–

ਮੀਰ ਰੋਗ ਹੈ, ਮੀਰ ਸ਼ਿਕਾਰ ਲੱਗਾ ਜਿਸ ਦਾ ਕੁਝ ਉਪਾਉ ਨ ਲੱਭਦਾ ਹੈ। ਵਾਂਙ ਵਬਾ ਦੇ ਰੋਗ ਏ ਫੈਲ ਰਹਿਆ, ਆਵੇ ਅੱਗ ਦੇ ਵਾਂਙ ਏ ਦੱਭਦਾ ਹੈ। ਜੇੜ੍ਹਾਂ ਫਸੇ ਉਹ ਨਿਕਲ ਨਾ ਸੱਕਦਾ ਹੈ, ਕਢੇ ਕੁਈ ਤਾਂ ਆਪ ਓ ਬੱਝਦਾ ਹੈ! ਸੰਜਮ ਕਰੇ ਨਾ, ਕਰੇ ਕੁਪੱਥ ਭਾਰੇ, ਦਾਰੂ ਦਿਓ ਤਾਂ ਟੱਪਕੇ ਭੱਜਦਾ ਹੈ।

ਭੀਮਚੰਦ:–

ਸਾਫ, ਮੰਤ੍ਰੀ! ਕਹੋ, ਕੀ ਰੋਗ ਆਯਾ?
ਮੀਰ ਘੇਰਿਆ, ਦੇਸ ਨੂੰ ਵਖਤ ਪਾਯਾ।
ਵਜ਼ੀਰ–ਹੈ ਸੈਨਾਂਪਤੀ ਦਾ ਬੜਾ ਯਾਰ ਪਯਾਰਾ,
ਹੇ ਦਿਲ ਭੇਤ ਮਾਲੂਮ ਇਸ ਜੋਗ ਸਾਰਾ।
ਰਾਜਾ– ਕਹੋ ਸੈਨ ਸੂਰੇ! ਮਰੰਮ ਦੀ ਕਹਾਨੀ।
ਓ ਔਹਰ ਕਹੋ ਮੀਰ ਵਿਚ ਜੋ ਪਛਾਨੀ।
ਸੈਨਾਪਤ– ਹੇ ਇਕਬਾਲ ਭਾਰਾ ਸਦਾ ਰਾਜ ਰਾਓ,

* ਗਿਆਨੀ ਸਰੂਪ ਸਿੰਘ ਕੜਿਆਣਾ * ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਮੈਂ ਦੱਸਾਂਗਾ ਸਭ, ਜਾਨ ਬਖਸ਼ੀ ਕਰਾਓ।
ਰਾਜਾ–ਡਰੋ ਨਾ ਡਰੋ ਨਾ, ਮੈਂ ਜਾਂ ਬਖਸ਼ ਕੀਤੀ।
ਕਹੋ ਹਾਲ ਸਾਰਾ, ਜੋ ਸਿਰ ਓਸ ਬੀਤੀ।

ਸੈਨਾਂਪਤ–

ਹੈ ਰੋਗ ਲੱਗਾ ਪ੍ਰੇਮ ਵਾਲਾ ਮੀਰ ਰੋਗੀ ਹੋ ਗਿਆ।
ਮੈਂ ਕਈ ਦਾਰੂ ਕਰ ਰਿਹਾ ਕੋਈ ਨ ਕਾਰੀ ਹੈ ਪਿਆ।
ਹੈ ਰੂਪ ਕਲਗੀ ਵਾਲੜਾ ਵਿਚ ਦੂਨ ਸਾਡੀ ਆ ਰਿਹਾ,
ਓ ਤੀਰ ਮਾਰੇ ਸ਼ਬਦ ਦੇ, ਚੱਖੇ ਤੇ ਬਚਣਾ ਫਿਰ ਕਿਹਾ ?
ਓ ਮੀਰ ਮਾਰ ਸ਼ਿਕਾਰ ਸੀ ਸੁ ਸ਼ਿਕਾਰ ਆਪਹਿ ਹੋ ਗਿਆ,
ਨਿਤ ਤੜਫਦਾ ਹੈ ਵਿਲਕਦਾ ਹੈ, ਖਿਨ ਹੱਸਦਾ, ਖਿਨਰੋ ਪਿਆ

ਰਾਜਾ–

ਸਦਾ ਦੇ ਦੁੱਖ ਹੁਣ ਸਾਨੂੰ, ਦਏ ਹੈ ਕਲਗੀਆਂ ਵਾਲਾ,
ਸਦਾ ਖੇਡੇ ਸ਼ਿਕਾਰ ਏ ਹੈ, ਅਪੁੱਠੀ ਖੇਡ ਦੇ ਝਾਲਾ।
ਲੜਾਈ ਕਰ ਥਕੇ, ਹਾਰੇ, ਨਹੀਂ ਕੁਝ ਪੇਸ਼ ਹੈ ਜਾਂਦੀ,
ਕਰਾਂ ਹੁਣ ਜ਼ੋਰ ਮੈਂ ਭਾਰਾ, ਚਲਾਵਾਂ ਵੇਗ ਦਾ ਚਾਲਾ।
ਬੁਲਾਵਾਂ ਬੀਰ ਸਭ ਭਾਈ, ਜੁੜਾਵਾਂ ਧਾਰ ਮੈਂ ਥਾਈਂ,
ਕੁਮੱਕ ਮੰਗਾਂ ਮੁਗ਼ਲ ਪਾਸੋਂ, ਮਚਾਵਾਂ ਅੱਤ ਦਾ ਘਾਲਾ।
ਮਿਟੇ ਏਹ ਨਿੱਤ ਦਾ ਝਗੜਾ, ਏ ਵੱਖੀ ਸੂਲ ਬਾਹਰ ਹੋ,
ਪਵੇ ਤਦ ਠੰਢ ਮੈਂ ਸੀਨੇ, ਸਵਾਂ ਸੁਖ ਨੀਂਦ ਲਹ ਪਾਲਾ।
ਉਧਰ ਜਾਓ, ਹੁਣੇ ਕੋਈ, ਪਕੜ, ਬੰਨ੍ਹ ਮੀਰ ਲੈ ਆਵੋ,
ਸੁਆਰਾਂ ਭੁਗਤ ਮੈਂ ਉਸਦੀ, ਕਰੇ ਫਿਰ ਪ੍ਰੇਮ ਦਾ ਲਾਹਲਾ।

ਦੀਵਾਨ—

ਬਖਸ਼ੋ ਜਾਨ, ਜਿ ਰਾਇ ਸੁਜਾਨ।
ਕਰਾਂ ਬਿਨਤੀ ਇਕ ਜੋਗ ਧਿਆਨ।

ਰਾਜਾ—

ਕਹੋ ਛੇਤੀ, ਜੀ ਖੱਟਾ ਹੈ।
ਮਿਟੇ ਕਿੰਵੇਂ ਜੋ ਰੱਟਾ ਹੈ।

ਦੀਵਾਨ—

ਅਪਨੀ ਸੈਨਾਂ ਰਾਇ ਜੀ! ਕੱਠੀ ਕਰਕੇ ਆਪ,
ਜੇ ਲੜੀਏ ਤੇ ਮਾਰੀਏ ਪਤ ਸਿਉਂ ਮਿਟਦਾ ਤਾਪ।
ਜੇ ਰਾਜੇ ਸਭ ਨਾਲ ਦੇ ਸੂਰੇ ਬਾਈ ਧਾਰ,
ਕੁੱਮਕ ਲੈ ਕੇ ਜੂਝੀਏ ਪਤ ਦਾ ਨਹੀਂ ਵਿਗਾੜ।
ਪਰ ਜੋ ਲੈਨੀ ਤੁਰਕ ਦੀ ਕੁੱਮਕ ਹੈ, ਹੇ ਰਾਉ!
ਪਤ ਅਪਨੀ ਹੈ ਖੋਵਣੀ, ਸ੍ਵੈ ਘਾਤਕ ਏ ਦਾਉ।
ਕਲਗੀਧਰ ਨਹੀਂ ਓਪਰਾ, ਤੁਰਕ ਆਪਣਾ ਨਾਹਿ।
ਅਪਣੇ ਝਗੜੇ ਆਪ ਹੀ ਲਈਏ ਆਪ ਨਿਬਾਹਿ।
ਜੇ ਜਿੱਤੇ ਤਾਂ ਅਸੀਂ ਹਾਂ, ਜੇ ਹਾਰੇ ਨਾ ਹੋਰ,
ਪਰ ਕੁੱਮਕ ਜੋ ਤੁਰਕ ਦੀ, ਸਿੱਲੇ ਗੀ ਜਿਉਂ ਚੋਰ।
ਜੇ ਜਿੱਤੇ ਤਾਂ ਅਸਾਂ ਤੇ ਭਾਰੂ ਪੈਸੀ ਓਹ।
ਕਰ ਅਹਸਾਨ ਅਮੇਣਵੇਂ ਸਦਾ ਰੱਖਸੀ ਕੋਹ।
ਜੇ ਹਾਰੇ ਤਾਂ ਖਾਏਗਾ ਸਾਡੇ ਉੱਤੇ ਰੋਹ,
ਤਾਪਦਿੱਕ ਜਿਉਂ ਲਗ ਰਿਹਾ, ਫਿਰ ਹੈਜ਼ੇ ਦੀ ਖੋਹ।
ਓਪਰਾ ਕਦੀ ਨਾ ਸਦੀਏ, ਅਪਨੀ ਉਸਦੇ ਹੱਥ,

ਪੱਤ ਨ ਕਦੀ ਫੜਾਈਏ, ਏ ਨੀਤੀ ਦੀ ਮੱਤ।

ਰਾਜਾ—

ਹੋ ਚੁਪ, ਛਾਂਣ ਮੰਤਕ ਨ, ਬੁੱਢੇ ਦੀਵਾਨ!
ਤੂੰ ਸੱਤਰ ਬਹੱਤਰ ਗਿਆ ਹੈਂ, ਨਦਾਨ!
ਚਲੋ, ਓ ਪਯਾਦੇ! ਕਰੋ ਤੁਰਤ ਛੁਟ।
ਸਕਤੂ ਲਿਆਵੋ, ਨ ਆਵੇ, ਦੇ ਕੂਟ।

ਪਯਾਦੇ—

ਸੱਤ ਬਚਨ, ਸ੍ਰੀ ਹਜੂਰ! ਜੈਤਸਿਰੀ, ਅਰੀ ਚੂਰ!
(ਪਯਾਦੇ ਮੀਰ ਸ਼ਿਕਾਰ ਦੇ ਘਰ ਗਏ ਤੇ ਪਕੜ ਕੇ ਲੈ ਆਏ)

ਰਾਜਾ—(ਰੋਹ ਵਿਚ)

ਵਿਸਾਹ ਘਾਤੀਆ ਸਕਤੂਆਂ ਰਾਜ ਦ੍ਰੋਹੀ।
ਹਰਾਮੀ ਨਿਮਕ, ਪਾਜੀਆ ਸ੍ਵਾਮੀ ਧ੍ਰੋਹੀ।
ਕਰੇਂ ਪਯਾਰ ਤੂੰ ਸਤ੍ਰੂਆਂ ਸੰਗ ਅਸਾਡੇ!
ਆਡੇ ਹੈਂ ਦਿਨ ਆ ਗਏ ਦੁਸ਼੍ਰ ਡਾਢੇ।

ਮੀਰ ਸ਼ਿਕਾਰ—

ਨ ਮੈਂ ਰਾਜ ਦ੍ਰੋਹੀ ਨ ਹਾਂ ਸ੍ਵਾਮੀ ਧੋਹੀ।
ਗੁਨਹਕਗਾਰ ਨਾਹੀਂ, ਬੁਰਾਈ ਨ ਛੋਈ।
ਜੇ ਕੀਤਾ ਹੈ ਕੁਛ ਦੰਡ ਦੇਵੇ, ਹੇ ਰਾਣਾ।
ਜੁ ਕੀਤਾ ਸੁ ਭਰਨਾ, ਹੈ ਭਰਨਾ ਕਮਾਣਾ।

ਵਜ਼ੀਰ–

ਕਰ ਸਮਝ ਸਕਤੁ, ਬੋਲ ਨਾਹੀਂ, ਕਹੇ ਸੁਆਮੀ ਸੋ ਕਰੋ।
ਨਾ ਬੋਲ ਬੋਲੋ ਉੱਚੜੇ, ਪੇ ਸ਼ਰਨ, ਅਪਦਾ ਨੂੰ ਹਰੋ।

ਸੈਨਾਂਪਤਿ-

ਹੋ ਗਿਆ ਹੈ ਰਾਇ ਨੂੰ ਕਿੱਸਾ ਮੁਹੱਬਤ ਦਾ ਪ੍ਰਕਾਸ਼।
ਮੀਰ ਜੀ! ਹੁਣ ਲਕ ਨਹੀਂ, ਹੈ ਹਾਰ ਅੰਦਰ ਬਖਸ਼ ਆਸ।

ਮੀਰ ਸ਼ਿਕਾਰ–

ਹੇ ਰਾਇ ਜੀ! ਏ ਦੋਸ਼ ਹੈ ਯਾ ਦੋਸ਼ ਕੋਈ ਹੋਰ ਹੈ ?
ਜੇ ਦਾਸ ਨੂੰ ਏ ਪਤਾ ਹੋਵੇ, ਦਏ ਕਿੱਸਾ ਫੇਰ ਹੈ।

ਰਾਜਾ–

ਚਲੋ ਕਪਟ ਵਾਲੇ ਨ ਚਾਲਾਂ ਦਿਖਾਓ।
ਕੀ ਏ ਦੋਸ਼ ਥੋੜਾ ਹੈ ? ਦੁਸ਼ਮਨ ਰਿਝਾਓ।
ਨਹੀਂ ਹੋਰ ਕੋਈ, ਤਾਂ ਕੀ ਏ ਨਹੀਂ ਹੈ ?
ਜੇ ਏ ਹੈ ਤਾਂ ਫਿਰ ਹੋਰ ਬਾਕੀ ਰਹੀ ਹੈ ?

ਮੀਰ ਸ਼ਿਕਾਰ–

ਨਹੀਂ ਵੈਰੀ ਹੈ ਉਹ ਰਾਜਾ! ਜੋ 'ਕਲਗੀ-ਸੀਸ-ਧਾਰੀ' ਹੈ।
ਪ੍ਰੀਤਮ ਹੈ ਸਰਿਸ਼ਟੀ ਦਾ, ਸਰਿਸ਼ਟੀ ਓਸ ਪਿਆਰੀ ਹੈ।
ਹੈ ਸੀਨਾਂ ਸਾਫ, ਦਿਲ ਨਿਰਮਲ, ਬਿਰਾਜੇ ਹੈ ਪ੍ਰਭੁ ਓਥੇ,
ਨਾ ਭੈ ਕੀਨਾ ਵਸੇ ਓਥੇ, ਮੁਹੱਬਤ ਦੀ ਕਿਆਰੀ ਹੈ।
ਜਗਤ ਤਾਰਨ ਜਗੱਤ ਆਯਾ, ਪ੍ਰਜਾ ਦੁਖ ਦੂਰ ਕਰਨੇ ਨੂੰ।
ਜੋੜਨ ਸ੍ਰਿਸ਼ਟ ਨੂੰ ਸ੍ਰਿਸ਼ਟੇ, ਸਦਾ ਉਪਕਾਰ ਜਾਰੀ ਹੈ।

ਨ ਲੜਦਾ ਉਹ ਕਿਸੇ ਸੰਗ ਹੈ, ਬਚਾਂਦਾ ਦਰਦ ਵੇਦਾਂ ਨੂੰ।
ਕਰੇ ਰੱਖਯਾ ਦੁਖੀ ਲੋਕਾਂ ਦੀ ਖੜਗ ਇਸ ਜੋਗ ਧਾਰੀ ਹੈ,
ਨ ਭੁੱਖਾ ਰਾਜ ਦਾ ਹੈ ਓ, ਨ ਰੱਖੇ ਲੋੜ ਦੇਸਾਂ ਦੀ।
ਰਹੇ ਕਰਨਾ 'ਸੁਤੰਤਰ' ਹੈ , ਏ ਭਾਰਤ ਆਪ ਆਰੀ ਹੈ।
ਸਦੀ ਸਤ ਤੋ ਗਈ 'ਦੇਵੀ ਸੁਤੰਤਰਤਾ ਦੀ' ਛਡ ਸਾਨੂੰ।
ਤਦੋਂ ਤੋਂ 'ਦਾਸ' 'ਦੁਖੀਏ' ਹਾਂ, ਅਕਲ ਜ਼ੁਲਮਾਂ ਨੇ ਮਾਰੀ ਹੈ।
ਲੁਪਤ ਹੋਈ 'ਸੁਤੰਤਰਤਾ ਦੀ ਦੇਵੀ' ਓਸ ਸਤਗੁਰ ਨੇ।
ਕਰੀ ਪਰਗਟ ਹੈ ਫਿਰ ਏਥੇ, ਖਿੜਾਈ 'ਖੁਲ੍ਹ' ਵਾੜੀ ਹੈ।
ਓ ਦੇਵੀ ਆਖਦੀ ਹੈਵੇ: 'ਮੈਂ ਪਰਗਟ ਸੀ ਨਹੀਂ ਹੋਣਾ,
'ਇਨ੍ਹਾਂ ਲੋਕਾਂ ਤੋਂ ਅੱਕ ਥਕ ਕੇ, ਹੋ ਮਾਰੀ ਸੀ ਉਡਾਰੀ ਮੈਂ।
'ਤੇਰੀ ਖਾਤਰ ਹੇ ਸਵਾਮੀ ਮੈਂ ਜੁ ਦਾਸੀ ਹਾਂ ਹੁਕਮ ਬੱਧੀ,
'ਆਈ ਫਿਰ ਦੇਸ ਦੇ ਉੱਤੇ ਦਿਆਂਗੀ 'ਖੁਲ੍ਹ' ਖਿਲਾਰੀ ਮੈਂ'
ਗੁਰੂ ਉਪਕਾਰ ਕੀਤਾ ਹੈ ਜੋ ਸਤੀਆਂ ਸੱਤ ਦੇ ਅੰਦਰ,
ਕਿਸੇ ਪਾਸੇਂ ਨਾ ਹੋਯਾ ਹੈ, ਕਰਨ ਦੀ ਨਾ ਹੀ ਯਾਰੀ ਹੈ।
ਗੁਰੂ ਸੱਦੇ ਹੈ ਭਾਰਤ ਨੂੰ , ਓ ਸਦੇ ਰਾਉ ਰੰਕਾਂ ਨੂੰ,
ਕਹੇ ਦੇਵਾਂ ਸੁਤੰਤਰਤਾ, ਲਓ, ਪਰਜਾ ਪਯਾਰੀ, ਹੈ।
ਚਲੋ ਰਾਜਾ ਭਵਨ ਪਰਸੋ, ਚਲੋ ਹੇ ਸੱਭ ਉਮਰਾਵੋ,
ਚਲੋ ਪੂਜੋ, ਸੁਤੰਤਰਤਾ ਦੀ ਦੇਵੀ, ਗੁਰ ਖਲ੍ਹਾਰੀ ਹੈ।
ਦੁਖਾਈ ਬਹੁਤ ਸੀ ਉਹ ਤਾਂ ਅਸਾਂ ਅਪਰਾਧ ਕਰ ਕਰ ਕੇ,
ਕਰੋ ਛੇਤੀ ਨਾ ਗੁਸੇ ਹੋ ਕਿਤੇ ਮਾਰੇ ਉਡਾਰੀ ਹੈ।
ਗੁਰੂ ਪਯਾਰਾ, ਗੁਰੂ ਹੈ ਪਯਾਰ, ਹੈ ਅਵਤਾਰ ਪ੍ਰੀਤੀ ਦਾ,
ਤਜੋ ਦਿਲ ਵੈਰ ਜੇ ਰਾਜਾ, ਲਗੇ ਸੂਰਤ ਪਯਾਰੀ ਹੈ।
ਗੁਰੂ ਝੰਡੇ ਦੇ ਹੇਠਾਂ ਸਭ, ਚੱਲੋ ਕੱਠੇ ਹੋ ਰਾਜਾ ਜੀ,
ਕਰੋ ਭਾਰਤ ਨੂੰ ''ਸ੍ਵੈਤੰਤਰ'', ਨ ਬਾਜੀ ਜਾਇ ਹਾਰੀ ਹੈ।

ਰਾਜਾ:—

ਓ ਗੁਸਤਾਖ ਮਰਦੂਦ ਟੱਪੇ ਜੁੜਾਵੇਂ ।
ਬਣੌਤਾਂ ਬਨਾਵੇਂ ਤੇ ਮੈਨੂੰ, ਸੁਨਾਵੇਂ ।
ਲੈ ਸੁਣ ਸੋਚ, ਕਰ ਹੋਸ਼, ਵੇਲਾ ਅਜੇ ਹੈ ।
ਗੁਰੂ ਦੀ ਪਰੀਤੀ ਜੇ ਹੁਣ ਬੀ ਤਜੇ ਹੈਂ ।
ਮੈਂ ਬਖਸ਼ਾਂ, ਦਿਆਂ ਬਖਸ਼ ਅਪਰਾਧ ਤੇਰਾ ।
ਤੂੰ ਪਯਾਰਾ ਬਹੁਤ ਮੀਰ ਸਕਤੂ ਹੈਂ ਮੇਰਾ ।
ਜੇ ਨਾ ਪ੍ਰੀਤ ਤਯਾਗੇਂ ਤਾਂ ਜਾਹ ਕੈਦ ਮਾਂਹੀ ।
ਲੁੱਟ ਮੌਜੇ 'ਸ੍ਵੈਤੰਤ੍ਰਤਾ ' ਦੀ ਉਥਾਂਹੀ ।

ਮੀਰ :—

ਹੋ ਗਿਆ, ਰਾਜਾ ਜੀ ! ਮੈਨੂੰ ਪ੍ਰੇਮ ਗੁਰ ਦਾ ਹੋ ਗਿਆ ।
ਪ੍ਰੇਮ ਮੈਂ ਹਾਂ ਹੋ ਗਿਆ ਹੈ ਫਰਕ ਸਾਰਾ ਖੋ ਗਿਆ ।
ਵੱਸ ਮੇਰੇ ਹੋਂਵਦਾ ਮੈਂ ਪ੍ਰੇਮ ਬਾਹਰ ਮਾਰਦਾ ।
ਦੇਖਦਾ ਜੇ ਦੂਸਰਾ, ਨਾਂ ਸੀਸ ਰਾਜਾ ਹਾਰਦਾ ।
ਮੈਂ ਇਸ ਲਈ ਨਾ ਪਰੇਮ ਕਰਦਾ ਖੁਸ਼ੀ ਹੁੰਦੀ ਕੀਤਿਆਂ ।
ਪਰ ਇਸ ਲਈ ਕਿਰਹਿ ਨ ਸਕਦਾ, ਨਾਮ ਬਿਨ ਗੁਰਲੀਤਿਆਂ ।
ਮੈਂ ਇਸ ਲਈ ਨਾ ਪਰੇਮ ਕਰਦਾ, ਗੁਰੂ ਸੁੰਦਰ ਅੱਤ ਹੈ ,
ਪਰ ਗੁਰੂ 'ਮੈਨੂੰ' 'ਮੈਂ' ਤੋਂ ਮੇਰੀ ਨਿਕਟ ਵਰਤੀ ਸੱਤ ਹੈ ।
ਮੈਂ ਕਦੀ ਹੋ ਓਪਰਾ ਸਕਦਾ ਹਾਂ ਅਪਨੇ ਆਪ ਨੂੰ ।
ਪਰ ਗੁਰੂ ਮੈਨੂੰ ਹੈ ਅਪਨਾ, ਮੁਹਰ ਹੈ ਜਿਉਂ ਛਾਪ ਨੂੰ ।
ਮੈਂ ਜਿ ਆਪਾ ਆਪ ਤੋਂ ਬਾਹਰ ਨਿਕਾਲਣ ਜਾਣਦਾ ।
ਗੁਰੂ ਤਾਂਈਂ ਫੇਰ ਬੀ ਬਾਹਰ ਨਿਕਾਲ ਨ ਜਾਂਵਦਾ ।

ਰਾਜਾ:-

ਹੇ ਸਕਤੂ ਨਦਾਨ, ਤੈਂ ਅਪਨੀ ਮੌਤ ਆਪ ਸੱਦੀ ਹੈ, ਲੈ ਜਾਓ ਕਾਰਾਗ੍ਰਹ।
ਕਿਉਂ ਵਜ਼ੀਰ ! ਸੈਨਾਂ ਪਤ ! ਕੁਛ ਉਜ਼ਰ ਹੈਂ ?

ਵਜ਼ੀਰ– ਨਹੀਂ ਸਰਕਾਰ !

ਸੈਨਾਂਪਤ–ਜੋ ਹੁਕਮ ਸਰਕਾਰ ! ਸਕਤੂ ! ਹੋਸ਼ ਕਰ ?

ਮੀਰ–

ਮੈਨੂੰ ਆਖੋ ਓ ਬਾਤ ਆਖੀ ਜੁ ਸੀ ਇੱਕ ਨੇ ਕਿਸੇ ਨੂੰ ।
ਚਾਨਣ ਕਾਲੀ ਹੁ ਰਾਤ–ਆਖੇ ਮੇਰੇ ਲੱਗਿਓ ਜੇ ਕਦੀ:–
ਬਾਹਰ ਅਪਨੇ ਨਿਕਾਲ–ਹਥੀ ਫੜੇ ਨੈਣ ਦੇ ਸੋਹਿਣੇ,
ਦੇਖੋ ਹੋ ਹੋ ਨਿਹਾਲ–ਨੈਣਾਂ ਇਨ੍ਹਾਂ ਸੋਹਣਿਆਂ ਪਯਾਰਿਆਂ।
ਜਿੱਕੁਰ ਸੌਂਭਵੇ ਏ ਝਾਤ ਉੱਕਰ ਪਯਾਰੇ ਦਾ ਹੈ ਕੱਢਣਾ ।
ਜਿੱਕੁਰ ਪਾ ਕੇ ਹੈ ਬਾਤ–ਨੈਣਾਂ ਉਨ੍ਹਾਂ ਕੱਢਿਆਂ ਦੇਖਣਾ ।

ਰਾਜਾ–

ਸੁਦਾਈ ਹੈ, ਕਜਾਈ ਹੈ। ਮੌਤ ਸਿਰੇ ਤੇ ਆਈ ਹੈ ।
ਇਕੋ ਕੈਦ ਦੁਆਈ ਹੈ । ਹੁਕਮ ਅਸਾਡੇ ਪਾਈ ਹੈ ।

(ਬੰਨ੍ਹ ਕੇ ਲੈ ਗਏ )

# ੮. ਖੇੜਾ ਅੱਠਵਾਂ

(ਸੰ: ੪੩੯ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾਂ )

## ੧. ਵਿਚਿਤ੍ਰ ਸੁਪਨਾਂ

(ਇਕ ਜਗਯਾਸੂ ਦੀ ਦੁਹਾਈ)

ਅੱਖ ਲਗਦੇ ਸਾਰ ਐਉਂ ਮਲੂਮ ਹੋਯਾ ਜੋ ਕਿਸੇ ਨੇ ਸਰੀਰ ਘੁਟ ਦਿਤਾ ਹੈ। ਇਹ ਘੁਟ ਐਸੀ ਆਈ ਕਿ ਦਮ ਬੰਦ ਹੋਣ ਲਗਾ, ਪਰ ਪਲ ਕੁ ਮਗਰੋਂ ਖੁਲ੍ਹ ਵਧ ਗਈ, ਸੁਆਸ ਬਹੁਤ ਸੁਥਰਾ ਆਉਣ ਲੱਗਾ ਅਰ ਐਉਂ ਜਾਪੇ ਜਿੱਕੂੰ ਸੈਆਂ ਮਣਾਂ ਦੇ ਭਾਰ ਹੇਠੋਂ ਨਿਕਲ ਆਯਾ ਹਾਂ। ਇੰਨੇ ਨੂੰ ਇੱਕ ਪਿਆਰਾ ਕੋਲ ਖੜਾ ਦਿੱਸਿਆ, ਆਖਣ ਲੱਗਾ ਚਲੋ ਚਲੀਏ। ਉਸਦੀ ਪਿਆਰ ਭਰੀ ਅਵਾਜ਼ ਦੇ ਕਾਰਨ ਮੈਂ ਕਿਹਾ ਚਲੋ ਜੀ ਚਲੀਏ। ਇੰਨੇ ਨੂੰ ਦੋ ਤ੍ਰੈ ਹੋਰ ਸੱਜਣ ਆ ਗਏ ਤੇ ਆਖਣ ਲੱਗੇ ਇਸ ਨੂੰ ਪਹਿਲੇ ਪਵਿਤ੍ਰ ਕਰੀਏ। ਸੋ ਮੇਰੀ ਪਵਿਤ੍ਰਤਾ ਦਾ ਅਨੋਖਾ ਢੰਗ ਇਹ ਨਿਕਲਿਆ ਕਿ ਅੱਗ ਦੇ ਬਲਦੇ ਭਾਂਬੜ ਵਿਚ ਮੈਨੂੰ ਪਾਣ ਲਗੇ। ਤਮਾਸ਼ਾ ਦੇਖੋ! ਮੈਨੂੰ ਅੱਗ ਪਾਸੋਂ ਡਰ ਨਾ ਆਯਾ, ਅਰ ਮੈਂ ਖੁਸ਼ੀ ਨਾਲ ਉਸ ਦੇ ਵਿਚ ਜਾ ਵੜਿਆ। ਮੈਨੂੰ ਸੇਕ ਨਹੀਂ ਲੱਗਾ, ਮੈਂ ਸੜਿਆ ਨਹੀਂ, ਸਗੋਂ ਅੱਗ ਨੀਵੀਂ ਹੁੰਦੀ ਗਈ ਤੇ ਮੈਂ ਉੱਚਾ ਹੁੰਦਾ ਗਿਆ, ਇਥੋਂ ਤਾਈਂ ਕਿ ਅਕਾਸ਼ ਵਿਚੋਂ ਤੱਕਦਾ ਹਾਂ ਤਾਂ ਮੇਰੀ ਦੇਹ ਅੱਗ ਦੇ ਵਿਚ ਪਈ ਏ ਤੇ ਮੈਂ ਅੱਗ ਤੋਂ ਦੂਰ ਅਕਾਸ਼ ਵਿਚ ਸਾਫ ਨਿਰਮਲ ਤੇ ਪਵਿਤ੍ਰ ਖੜਾ ਹਾਂ। ਪਲ ਭਰ ਲਈ ਮੈਂ ਜਾਤਾ ਜੋ ਮੈਂ ਇਕੱਲਾ ਹਾਂ, ਇਕੱਲ ਤੋਂ ਮੈਂ ਰਤਾ ਡਰਿਆ ਅਰ ਸਹਮ ਨਾਲ ਅੱਖਾਂ ਮੀਟ ਲਈਆਂ। ਆਪੇ ਅੱਖਾਂ ਖੁਲ੍ਹ ਗਈਆਂ

ਤਾਂ ਕੀ ਡਿੱਠਾ ਕਿ ਮੈਂ ਇਕੱਲਾ ਨਹੀਂ ਹਾਂ, ਬੇਅੰਤ ਲੋਕ ਮੇਰੇ ਉਦਾਲੇ ਹਨ, ਜੋ ਨਿਰੇ ਪ੍ਰੇਮ ਦੇ ਪੁਤਲੇ ਹਨ। ਕਿਸੇ ਵਿਚ ਹਉਮੈ ਨਹੀਂ, ਕਿਸੇ ਵਿਚ ਖ਼ੁਦਗਰਜ਼ੀ ਨਹੀਂ, ਸਭ ਪਿਆਰ ਦੇ ਭਰੇ ਹੋਏ ਹਨ। ਹੁਣ ਮੈਨੂੰ ਕੋਈ ਅਗੰਮ ਦੀ ਖ਼ੁਸ਼ੀ ਚੜ੍ਹ ਗਈ, ਕੀਰਤਨ ਦੀਆਂ ਅਵਾਜ਼ਾਂ ਆਉਣ ਲੱਗੀਆਂ, ਸਭ ਪਾਸੇ ਮੰਗਲ ਹੀ ਮੰਗਲ। ਨਾਲੇ ਤਾਂ ਮੈਂ ਏਹ ਦੇਖਾਂ, ਨਾਲੇ ਚਿਹਰੇ ਤੱਕਾਂ, ਕਿਸੇ ਤੇ ਗੁਸਾ ਨਹੀਂ, ਕਿਸੇ ਤੇ ਚਿੰਤਾ ਨਹੀਂ, ਕਿਸੇ ਤੇ ਝੂਠਾ ਜੋਸ਼ ਨਹੀਂ, ਚੰਦ੍ਰਮਾਂ ਵਾਙੂੰ ਸੀਤਲ ਤੇ ਉਸ ਤੋਂ ਵਧੀਕ ਨਿਰਮਲ ਹਨ। ਮੈਂ ਆਖਾਂ ਹੇ ਅਕਾਲ ਪੁਰਖ ਇਹ ਕੀ ਹੈ ? ਤੇ ਅੰਦਰੋਂ ਮੇਰੇ ਕੋਈ ਕਹੇ, ਇਹ ਓਹ ਉੱਚ ਤੇ ਆਨੰਦ ਦਸ਼ਾ ਹੈ, ਜਿਸ ਤੋਂ ਤੂੰ ਡਰਦਾ ਹੁੰਦਾ ਸੈਂ, ਅਰ ਕਦੀ ਮਰਨਾ ਨਹੀਂ ਲੋਚਦਾ ਸੈਂ। ਮੌਤ ਜਿਸ ਨੂੰ ਤਬਾਹੀ ਖਿਆਲ ਕਰਦਾ ਸੈਂ, ਇਸ ਸੁੰਦਰ ਦਸ਼ਾ ਦਾ ਦਰਵਾਜ਼ਾ ਸੀ। ਜਿਸਦੀ ਭਯਾਨਕਤਾ ਤੇਰੇ ਪ੍ਰਾਣ ਗੁੰਮ ਕਰਦੀ ਹੁੰਦੀ ਸੀ, ਓਹ ਰਸਤਾ ਸੀ ਜੋ ਐਥੇ ਲਿਆਉਂਦਾ ਹੈ। ਮੈਂ ਆਖਾਂ ਸਚ ਮੁਚ ਮੈਂ ਕੇਡਾ ਮੂਰਖ ਸਾਂ। ਜੋ ਖ਼ੁਸ਼ੀ ਮੈਨੂੰ ਅਜ ਹੋ ਰਹੀ ਹੈ, ਕਈ ਵੇਰ ਕੋਈ ਨੇਕੀ ਕਰਕੇ ਯਾ ਪ੍ਰਾਰਥਨਾ ਕਰਕੇ, ਯਾ ਕੀਰਤਨ ਸੁਣ ਕੇ ਯਾ ਭਜਨ ਵਿਚ ਨਿਮਗਨ ਹੋ ਕੇ ਮੇਰੇ ਅੰਦਰ ਐਕੁਰਾਂ ਦੀ ਖ਼ੁਸ਼ੀ ਹੁੰਦੀ ਸੀ, ਪਰ ਮੈਂ ਉਸਨੂੰ ਆਪਣੀ ਕਰਨੀ ਦਾ ਫਲ ਤੇ ਏਕਾਗ੍ਰਤਾ ਦਾ ਪ੍ਰਭਾਵ ਜਾਣਦਾ ਸਾਂ, ਮੈਨੂੰ ਕੀਹ ਪਤਾ ਸੀ ਜੋ ਏਹ ਦਇਆ ਦਾ ਮੰਡਲ ਹੈ ਅਰ ਜੀਉਂਦੇ ਜੀ ਮੈਨੂੰ ਧੁਰ ਦੇ ਸਨੇਹੜੇ ਆਉਂਦੇ ਹਨ ਕਿ ਮੌਤ ਤੋਂ ਨਾ ਡਰ, ਮੌਤ ਤੋਂ ਮਗਰੋਂ ਏਹ ਖ਼ੁਸ਼ੀ ਇਸ ਤੋਂ ਵਧੀਕ ਪ੍ਰਾਪਤ ਹੋਣੀ ਹੈ। ਪਰ ਮੈਂ ਮੌਤ ਤੋਂ ਡਰਦਾ ਰਿਹਾ। ਉਂਞ ਤਾਂ ਚੰਗਾ ਹੋਯਾ ਜੋ ਮੌਤ ਦੇ ਡਰ ਕਰਕੇ ਮੈਂ ਪਾਪਾਂ ਤੋਂ ਬਚਿਆ ਤੇ ਜਿਸ ਦੇ ਡਰ ਕਰਕੇ ਮੈਂ ਭਗਵੰਤ ਦੇ ਨੇੜੇ ਹੋਣ ਦੀਆਂ ਪ੍ਰਾਰਥਨਾਂ ਕਰਦਾ ਰਿਹਾ। ਜੇ ਮੈਂ ਨਿਡਰ ਹੋ ਕੇ ਪਾਪਾਂ ਵਿਚ ਫਸ ਜਾਂਦਾ ਤਦ ਖਬਰੇ ਮੈਂ ਐਸ ਆਨੰਦ ਮੰਡਲ ਵਿਚ ਆਉਂਦਾ ਕਿ ਨਾਂ ? ਸੱਚ ਹੈ ਮੌਤ ਤੋਂ ਡਰਨਾ ਬੀ ਚਾਹੀਏ ਤੇ ਨਹੀਂ ਬੀ। ਡਰਨਾ ਤਾਂ ਐਉਂ ਚਾਹੀਏ ਕਿ ਭਈ ਇਕ ਦਿਨ ਮਰਨਾ ਹੈ, ਮਰ ਕੇ ਜੇ ਸੁਖੀ ਹੋਣਾ ਹੈ ਤਦ ਨੇਕੀ ਕਰੋ ਭਜਨ ਕਰੋ, ਵਾਹਗੁਰੂ ਦੇ ਨੇੜੇ ਹੋਵੋ। ਤੇ ਨਹੀਂ ਐਉਂ ਡਰਨਾ ਚਾਹੀਏ ਕਿ ਨਸ਼ਟ ਕਰਨ ਵਾਲੀ ਸ਼ੈ ਨਹੀਂ ਹੈ। ਮਨ ਵਿਚ ਜੋ ਭੈ ਹੈ ਕਿ ਮੌਤ ਬਾਦ ਅਸੀਂ ਨਹੀਂ ਰਹਾਂਗੇ, ਹਾਇ! ਮੌਤ ਨਾ ਆਵੇ ਨਹੀਂ ਤਾਂ ਅਸੀਂ ਮਿਟ ਜਾਵਾਂਗੇ

ਇਹ ਭੈ ਮੂਰਖਤਾ ਹੈ। ਮਿਟਦਾ ਉਟਦਾ ਕੁਛ ਨਹੀਂ। ਜੈਸਾ ਸੁਭਾਵ, ਮਨ ਦੀ ਦਸ਼ਾ , ਪਾਪਾਂ ਯਾ ਪੁੰਨਾਂ ਨਾਲ ਪਯਾਰ ਪਕਾ ਲਿਆ ਉਸੇ ਤਰਾਂ ਦੇ ਆਨੰਦ ਯਾ ਕਲੇਸ਼ ਦੇ ਮੰਡਲ ਵਿਚ ਮੌਤ ਦੇ ਬਾਦ ਜਾਗ ਜਾ ਖੁਲ੍ਹੀ। ਵਾਹ ਵਾਹ! ਮੈਂ ਤਾਂ ਏਹਨਾਂ ਸੋਚਾਂ ਵਿਚ ਸਾਂ—ਉਧਰੋਂ ਏਹ ਆਵਾਜ਼ ਆਈ :—

"ਕਉਣ ਮੂਆ ਰੇ ਕਉਣ ਮੂਆ ? ਬ੍ਰਹਮ ਗਿਆਨੀ ਮਿਲ ਕਰਹੁ ਬਿਚਾਰ ਇਹ ਤਉ ਚਲਤ ਭਇਆ ॥"

ਮੈਂ ਕਿਹਾ ਗੁਰਬਾਣੀ ਦੀ ਅਸਲ ਸਮਝ ਬੀ ਮੈਨੂੰ ਅੱਜ ਆਈ। ਸਚ ਮੁਚ ਕੌਣ ਮੋਯਾ ਹੈ, ਇਹ ਤਾਂ ਇਕ ਕੌਤਕ ਹੀ ਹੋਯਾ ਹੈ। ਹੁਣ ਮੈਨੂੰ ਉਨ੍ਹਾਂ ਦਾਨਾਵਾਂ ਦੀ ਅਕਲ ਤੇ ਹਾਸਾ ਆਯਾ ਜਿਨ੍ਹਾਂ ਨੇ ਸੰਸਾਰ ਵਿਚ ਵਡੀਆਂ ੨ ਫਿਲਾਸਫੀਆਂ (ਗਯਾਨ) ਤੇ ਸ਼ਾਸਤ੍ਰ ਲਿਖੇ ਤੇ ਅਨੇਕਾਂ ਯੁਕਤੀਆਂ ਨਾਲ ਸਿਧ ਕੀਤਾ ਜੋ ਮਰ ਕੇ ਕੁਛ ਨਹੀਂ ਰਹਿੰਦਾ, ਇਹ ਇਕ ਚੱਕਰ ਚਲ ਰਿਹਾ ਹੈ। ਮੈਂ ਆਖਾਂ ਦੇਖੋ ਉਨ੍ਹਾਂ ਦੀਆਂ ਦਲੀਲਾਂ ਤੇ ਉਨ੍ਹਾਂ ਦੇ ਉਪਦੇਸ਼ ਜਿਨ੍ਹਾਂ ਨੂੰ ਸੁਣਕੇ ਮੈਂ ਬੀ ਡੋਲਿਆ ਕਰਦਾ ਸੀ, ਤੇ ਕਹਿੰਦਾ ਹੁੰਦਾ ਸੀ :—

"ਕੁੱਪੀ ਅੰਦਰ ਰੋੜ ਖੜਕ ਦੇ
ਮੂਰਖ ਆਖੇ ਬੋਲੇ ਕੌਣ"

ਇਹ ਤਾਂ ਕੋਈ ਇੰਦ੍ਰ ਜਾਲ ਹੈ। ਪਰ ਮੈਨੂੰ ਵਾਹਗੁਰੂ ਦੀ ਵਿਚਾਰ ਫੇਰ ਬਾਣੀ ਵਲ ਲੈ ਜਾਂਦੀ ਸੀ ਤੇ ਬਾਣੀ ਦਸਦੀ ਹੁੰਦੀ ਸੀ ਕਿ—

"ਕਬੀਰ—ਜਿਹ ਮਰਨੇ ਤੇ ਜਗ ਡਰੈ ਮੇਰੇ ਮਨ ਆਨੰਦ।
ਮਰਨੇ ਹੀ ਤੇ ਪਾਈਐ ਪੂਰਨ ਪਰਮਾ ਨੰਦ"

ਸਚ ਮੁਚ ਪਰਮ ਆਨੰਦ ਮੈਂ ਪਾ ਲਿਆ ਹੈ। ਮੈਨੂੰ ਓਹ ਲੰਮੇ ੨ ਚੋਗਿਆਂ ਵਾਲੇ, ਸੋਚ ਤੇ ਫਿਕਰਾਂ ਨਾਲ ਝੁਰੇ ਹੋਏ ਵਿਦਵਾਨਾਂ ਦੇ ਚਿਹਰੇ ਯਾਦ ਆਉਣ ਜੋ ਸਾਂਖ ਮਤ ਵੇਤਾ, ਤੇ ਨਾਸਤਕ ਮਤ ਗਿਆਤਾ ਤੇ ਅਮੁਕ ਫਿਲਾਸਫੀ ਸਿਖਾਤਾ

ਬੜੀ ਗੰਭੀਰਤਾ ਨਾਲ ਕਿਹਾ ਕਰਦੇ ਸੇ ਕਿ ਘੜੀ ਵਾਂਙੂ ਸਰੀਰ ਚਲਦਾਹੈ। ਫੇਰ ਮੈਨੂੰ ਓਹ ਬੋਧ ਵਾਲੇ ਯਾਦ ਆਉਣ ਜੋ ਨੇਕੀ ਨੂੰ ਇਖਲਾਕ ਨੂੰ ਤਾਂ ਮੰਨਦੇ ਸੀ, ਪਰ ਨੇਕੀ ਦੇ ਸੋਮੇਂ ਨੂੰ ਤੇ ਇਖ਼ਲਾਕ ਦੇ ਅਧਿਸ਼ਠਾਤਾ ਨੂੰ ਨਹੀਂ ਸਨ ਮੰਨਦੇ। ਧੁਪ ਨੂੰ ਤਾਂ ਕਹਿੰਦੇ ਸੀ ਹੈ, ਪਰ ਸੂਰਜ ਵੱਲ ਨਹੀਂ ਤੱਕਦੇ ਸੀ। ਫੇਰ ਮੈਨੂੰ ਓਹ ਲੋਕ ਯਾਦ ਆਏ ਜਿਨ੍ਹਾਂ ਨੂੰ ਸਾਇੰਸ (ਪਦਾਰਥ ਵਿੱਦਿਆ) ਨੇ ਏਥੋਂ ਤਕ ਪੁਚਾ ਦਿਤਾ ਹੈ ਕਿ ਜੀਵ ਵਿਚ ਸਾਧਾਰਣ ਤੋਂ ਵਧੀਕ ਸ਼ਕਤੀਆਂ ਹਨ, ਖਿਆਲ ਨਾਲ ਆਦਮੀ ਬਹੁਤ ਕੁਛ ਅਸਰ ਪਾ ਸਕਦਾ ਹੈ, ਮਨੋਂ ਸ਼ਕਤੀ ਬਹੁਤ ਸਾਰੇ ਅਨੋਖੇ ਕੰਮ ਕਰ ਸਕਦੀ ਹੈ, ਜੋ ਸੁਪਨਿਆਂ ਦੇ ਕਈ ਕ੍ਰਿਸ਼ਮੇ ਸੱਚ ਹੋਣੇ, ਅਰ ਅਗੰਮ ਦੀ ਖਬਰ ਲਗਣੀ ਤੱਕ ਮੰਨ ਪਏ ਸਨ, ਪਰ ਅਜੇ ਛੱਤ੍ਰੇ ਵਾਙੂੰ ਸਿਰ ਫੇਰਦੇ ਸਨ ਕਿ ਮਰ ਕੇ ਬਾਕੀ ਕੁਛ ਨਹੀਂ ਰਹਿੰਦਾ। ਮੈਨੂੰ ਉਨ੍ਹਾਂ ਦੀ ਅਕਲ ਸੰਸਾਰ ਵਿਚ ਤਾਂ ਕਈ ਵੇਰ ਗੁਮਰਾਹੀ ਦਾ ਛਾਯਾ ਪਾਯਾ ਕਰਦੀ ਸੀ, ਪਰ ਮੈਨੂੰ ਅੱਜ ਸਮਝ ਆਈ ਕਿ ਓਹ ਕੇਡੇ ਭੋਲੇ ਸਨ, ਦੇਖੋ ਉਨ੍ਹਾਂ ਦਾ ਮਤ ਇਹ ਹੈ ਕਿ ਕੋਈ ਸ਼ੈ ਨਸ਼ਟ ਨਹੀਂ ਹੁੰਦੀ, ਜੋ ਨਾਸ ਨਜ਼ਰ ਪੈਂਦਾ ਹੈ , ਓਹ ਕੇਵਲ ਰੂਪ ਵਟਦਾ ਹੈ ਨਾਸ ਨਹੀਂ ਹੁੰਦਾ। ਜਿਕੂੰ ਪਾਣੀ ਅੱਗ ਨਾਲ ਸੁਕਕੇ ਨਾਸ ਨਹੀ ਹੁੰਦਾ ਰੂਪ ਵਟਾ ਕੇ ਹਵਾੜ ਬਣ ਜਾਂਦਾ ਹੈ, ਬੱਦਲ ਵੱਸ ਕੇ ਨਾਸ ਨਹੀਂ ਹੁੰਦਾ ਜਲ ਰੂਪ ਬਣ ਜਾਂਦਾ ਹੈ। ਹੁਣ ਮੈਨੂੰ ਹਾਸਾ ਆਵੇ ਕਿ ਮੈਂ ਇਨ੍ਹਾਂ ਲੋਕਾਂ ਦੇ ਵਦਤੋ ਵਯਾਘਾਤ ਨੂੰ ਤਦੋਂ ਕਿਉਂ ਨਾਂ ਸਮਝਿਆ ? ਭਲਾ ਜਦ ਨਾਸ ਕੇਵਲ ਵਟਾਉ ਹੁੰਦਾ ਹੈ, ਅਰ ਦੇਹ ਦੇ ਮਰਨ ਨਾਲ ਦੇਹ ਦੇ ਤੱਤ ਨਿੱਗਰ ਰੂਪ ਛੱਡ ਕੇ ਯਾ ਅੱਗ ਦੇ ਜ਼ੋਰ ਵਾਯੂ ਰੂਪ ਹੋ ਜਾਂਦੇ ਹਨ ਯਾ ਕਬਰ ਵਿਚ ਗਲ ਕੇ ਧਰਤੀ ਵਿਚ ਸਮਾਂ ਜਾਂਦੇ ਹਨ, ਤਦ ਦੇਹ ਵਿਚ ਜੋ ਸੋਚਣ ਵਾਲਾ, ਵਿਚਾਰਨ ਵਾਲਾ, ਰਸ ਅਨੁਭਵ ਕਰਨ ਵਾਲਾ, ਦੇਹ ਨੂੰ ਤੋਰਨ ਵਾਲਾ ਹਿੱਸਾ ਸੀ ਓਹ ਕਿਉਂ ਨਾਸ ਹੋ ਗਿਆ ? ਕਿਆ ਇਸੇ ਯੁਕਤੀ ਨਾਲ ਕਿ ਕੁਦਰਤ ਵਿਚ ਕੁਛ ਨਾਸ ਨਹੀਂ ਹੁੰਦਾ, ਇਹ ਸਿਧ ਨਹੀਂ ਹੁੰਦਾ ਕਿ ਦੇਹ ਵਿਚ ਜੋ ਬੋਲਣਹਾਰ ਹਿਸਾ ਸੀ ਉਹ ਬੀ ਨਾਸ ਨਹੀਂ ਹੋਇਆ, ਉਹ ਬੀ ਦਸ਼ਾ ਪਲਟ ਗਿਆ ਹੈ ? ਹੁਣ ਤਾਂ ਮੈਨੂੰ ਸਮਝ ਆਈ ਕਿ ਮਾਂ ਦੇ (ਪਕ੍ਰਿਤੀ ਰੂਪ) ਦੇ ਮੇਰੇ ਸਰੀਰ ਦੇ ਤਤ ਤਾਂ ਤਤਾਂ ਵਿਚ ਸਮਾ ਗਏ ਹੋਣਗੇ। ਤੇ ਜੋ ਕੇਵਲ ਤਤਾਂ ਦੇ ਮਿਲਾਪ ਤੋਂ ਸ਼ਕਤੀ ਪੈਦਾ ਹੋਈ ਸੀ ਸੋ ਸੰਸਾਰ ਦੀ ਸ਼ਕਤੀ ਵਿਚ ਰਲ

ਗਈ, ਜੋ ਸ਼ਿਵ ਰੂਪ ਬੋਲਨਹਾਰ, ਕਰਨ ਹਾਰ ਤੇ ਸਾਖੀ ਸੱਤਾ ਰੂਪ ਸਮਾਯਾ ਹੋਇਆ ਸੀ ਸੋ ਏਥੇ ਆ ਗਿਆ ਹੈ। ਮੈਂ ਤਾਂ ਏਹ ਪਰਤੱਖ ਵੇਖਾਂ ਪਰ ਸੋਚਾਂ ਕਿ ਨਿਰੀ ਯੁਕਤੀ ਦੇ ਪੰਘੂੜੇ ਝੂਟਣ ਵਾਲਿਆਂ ਨੂੰ ਮੈਂ ਕਿਕੂੰ ਸਮਝਾਵਾਂ ਕਿ ਜਿਕੂੰ ਤੁਸੀ ਸੰਸਾਰ ਤੇ ਸਰੀਰ ਵਿਚ ਪ੍ਰਕ੍ਰਿਤੀ ਤੇ ਸ਼ਕਤੀ ਨੂੰ ਤਾਂ ਮੰਨਦੇ ਹੋ ਪਰ ਪੱਕ ਜਾਣਦੇ ਹੋ ਕਿ ਦੁਹਾਂ ਵਿਚ 'ਵਿਚਾਰ ਸ਼ਕਤੀ ਨਹੀਂ ਹੈ, ਇਸ ਤੀਸਰੇ 'ਸ਼ਿਵ' ਰੂਪ ਨੂੰ ਦੇਖੋ, ਤੇ ਸੰਸਾਰ ਨੂੰ ਪ੍ਰਕ੍ਰਿਤੀ ਤੇ ਸ਼ਕਤੀਮਾਤ੍ਰ ਨਾਂ ਸਮਝੋ, ਪਰ ਸ਼ਿਵ ਸ਼ਕਤੀ ਤੇ ਪ੍ਰਕ੍ਰਿਤੀ ਤ੍ਰੈਯਾਂ ਦਾ ਸਮਾਗਮ ਦੇਖੋ। ਜਿਕੂੰ ਤੁਸਾਂ ਸਿੱਧ ਕਰ ਲਿਆ ਹੈ ਕਿ ਪ੍ਰਕ੍ਰਿਤੀ ਤੇ ਸ਼ਕਤੀ ਅਵਿਨਾਸ਼ ਹਨ, ਇਸੇ ਤਰਾਂ ਸ਼ਿਵ ਬੀ ਅਵਨਾਸ਼ ਮੰਨੋ। ਮੈਂ ਤਾਂ ਅਪਨੇ ਸ਼ਿਵ ਸਰੂਪ ਨੂੰ ਪਰਤੱਖ ਦੇਖਾਂ, ਪਰ ਕਿੰਕੂ ਆ ਕੇ ਲੋਕਾਂ ਨੂੰ ਸਮਝਾਵਾਂ ! ਇਹ ਮੈਨੂੰ ਥਹੁ ਨਾਂ ਲਗੇ। ਜੋ ਦਲੀਲ ਮੈਂ ਖਿਆਲ ਕਰਾਂ ਮੈਂ ਸੋਚਾਂ ਕਿ ਉਨ੍ਹਾਂ ਨੇ ਮਖੌਲ ਵਿਚ ਉਡਾ ਛਡਣੀ ਹੈ, ਤੇ ਮੈਨੂੰ ਤਰਸ ਆਵੇ ਅਰ ਪਿਆਰ ਆਵੇ ਕਿ ਸੰਸਾਰ ਦੀਆਂ ਦੋ ਭੁੱਲਾਂ ਜ਼ੂਰਰ ਕੱਢਣੀਆਂ ਚਾਹੀਏ, ਇਕ ਤਾਂ ਇਹ ਭੁਲ ਕਿ ਮਾਯਾ ਦੇ ਰਸਾਂ ਤੇ ਵਿਕਾਰਾਂ ਵਿਚ ਲੱਗ ਕੇ ਜੋ ਅਪਨੇ 'ਸ਼ਿਵ' ਸਰੂਪ ਨੂੰ ਮਾਯਾ ਦੇ ਜੰਜਾਲ ਵਿਚ ਜੋ 'ਪ੍ਰਕ੍ਰਿਤੀ ਤੇ ਸ਼ਕਤੀ' ਦਾ ਬਣਿਆ ਹੋਇਆ ਹੈ , ਅਗਯਾਤ ਹੀ ਫਸਾਈ ਰਖਦੇ ਹਨ ਉਨ੍ਹਾਂ ਨੂੰ ਪਵਿਤ੍ਰਤਾ, ਸੇਵਾ, ਪ੍ਰਾਰਥਨਾਂ, ਭਜਨ, ਆਦਿ ਭਲੇ ਕੰਮਾਂ ਵਿਚ ਲਾਯਾ ਜਾਵੇ, ਤਾਂਜੋ ਅਪਨੇ ਸ਼ਿਵ ਸਰੂਪ ਨੂੰ 'ਪ੍ਰਕ੍ਰਿਤੀ ਤੇ ਸ਼ਕਤੀ' ਦੇ ਮਾਯਕ ਜਾਲ ਤੋਂ ਛੁਡਾ ਕੇ ਐਥੇ ਆ ਜਾਣ, ਅਰ ਉਨ੍ਹਾਂ ਦੁਖਾਂ ਤੇ ਦੁਦਾਂ ਤੋਂ ਛੁਟ ਜਾਣ ਜੋ ਮਾਯਕ (ਪ੍ਰਕ੍ਰਿਤੀ) ਬਨਾਵਟ ਵਿਚ ਫਸੇ ਰਹਣ ਕਰਕੇ ਝੱਲਣੇ ਪੈਂਦੇ ਹਨ। ਦੂਸਰੀ ਇਹ ਭੁਲ ਕੱਢਣੀ ਚਾਹੀਦੀ ਹੈ ਕਿ ਲੋਕ ਵਿਦਯਾ ਪਾ ਕੇ ਬੀ ਅਪਨੇ 'ਸ਼ਿਵ' ਸਰੂਪ ਤੋਂ ਸਿਰ ਫੇਰਦੇ ਹਨ ਤੇ ਅਪਨੇ ਆਪ ਨੂੰ ਇਕ 'ਕਲਾ' ਖਿਆਲ ਕਰਦੇ ਹਨ, ਅਰ ਇਸ ਭੁਲੇਖੇ ਦੇ ਕਾਰਨ ਉਨ੍ਹਾਂ ਦਾ 'ਸ਼ਿਵ' ਸਰੂਪ ਮਾਯਾ (ਸ਼ਕਤੀ ਤੇ ਪ੍ਰਕ੍ਰਤੀ) ਦੇ ਜਾਲ ਨੂੰ ਤੋੜ ਨਹੀਂ ਸਕਦਾ, ਕਿਉਂਕਿ 'ਸ਼ਿਵ' ਸਰੂਪ ਦਾ ਲਗਾਉ ਯਾ ਬੰਧਨ ਜੋ ਮਾਯਾ (ਸ਼ਕਤੀ ਤੇ ਪ੍ਰਕ੍ਰਿਤੀ) ਵਿਚ ਹੈ ਸੋ ਦੋ ਸਾਧਨਾਂ ਨਾਲ ਟੁਟਦਾ ਹੈ, ਇਕ ਪਵਿਤ੍ਰਤਾ ਤੇ ਦੂਜੇ ਗਯਾਨ, ਅਰ ਇਨ੍ਹਾਂ ਦੁਹਾਂ ਦੀ ਪ੍ਰਪੱਕਤਾ ਲਈ 'ਸੇਵਾ ਤੇ ਨਾਮ' ਦੇ ਪੱਕੇ ਅਭਿਆਸ ਦੀ ਲੋੜ ਹੈ। ਜਾਂ ਮੈਂ ਇਨ੍ਹਾਂ ਸੋਚਾਂ ਵਿਚ ਸਾਂ ਤਾਂ ਇਕ ਬੜੇ ਪ੍ਰੇਮ ਸਰੂਪ ਨੇ ਕਿਹਾ

ਜੋ ਕੁਛ ਆਪ ਵਿਚਾਰਦੇ ਹੋ, ਇਹ ਜੀਅ ਦਇਆ ਦਾ ਪ੍ਰੇਮ ਹੈ, ਅਰ ਇਸ ਪ੍ਰੇਮ ਦੇ ਕਾਰਨ ਇਸ ਪਰਮਾ ਨੰਦ ਮੰਡਲ ਦੇ ਆਚਾਰਯ ਅਨੇਕਾਂ ਵਾਰ ਸੰਸਾਰ ਵਿਚ ਗਏ, ਅਰ ਜਿੰਨੀਆਂ ਰੂਹਾਂ ਤੁਸੀ ਐਸ ਵੇਲੇ ਵੇਖ ਰਹੇ ਹੋ ਇਸ ਸਭ ਉਨ੍ਹਾਂ ਦੇ ਹੀ ਉਪਦੇਸ਼ਾਂ ਨਾਲ ਏਥੇ ਆਉਣ ਦੇ ਯੋਗ ਹੋਕੇ ਏਥੇ ਆਈਆਂ, ਪਰ ਸੰਸਾਰ ਵਿਚ ਮਾਯਾ ਐਸੀ ਪ੍ਰਬਲ ਹੈ ਕਿ ਉੱਥੇ ਜੋ ਉਪਕਾਰੀ ਜਾਂਦਾ ਹੈ ਤ੍ਰਿਸਕਾਰ ਪਾਉਂਦਾ ਹੈ। ਮਖੌਲ ਤੇ ਨਿੰਦਾ ਦਾ ਨਿਸ਼ਾਨਾਂ ਬਣਦਾ ਹੈ, ਦੁਖਾਂ ਤੇ ਤਸੀਹਿਆਂ ਦਾ ਨਿਸ਼ਾਨਾਂ ਬਣਾਯਾ ਜਾਂਦਾ ਹੈ, ਛੁਰੀਆਂ ਪੇਟ ਵਿਚ ਖਾਂਦਾ ਤੇ ਤੱਤੀਆਂ ਰੇਤਾਂ ਹੇਠ ਬੈਠਦਾ ਹੈ, ਸ਼ਕਤੀ ਤੇ ਪ੍ਰਕ੍ਰਿਤੀ ਦੇ ਫਾਥੇ ਲੋਕ ਨਹੀਂ ਸਮਝਦੇ ਕਿ ਅਸੀ ਅਪਨਾ ਬੁਰਾ ਕਰ ਰਹੇ ਹਾਂ, ਪਰ ਪਰਉਪਕਾਰੀ ਲੋਗ ਇਹ ਦੁਖ ਝਲਦੇ ਬੀ ਖਿਮਾਂ ਕਰਦੇ ਹਨ, ਓਹ ਜਾਣਦੇ ਹਨ ਕਿ ਇਨ੍ਹਾਂ ਦੇ ਵੱਸ ਨਹੀਂ ਹੈ, ਇਨ੍ਹਾਂ ਦਾ ਅਪਨਾ 'ਸ਼ਿਵ' ਸਰੂਪ ਮਾਯਾ (ਸ਼ਕਤੀ ਤੇ ਪ੍ਰਕ੍ਰਿਤੀ ਦੇ ਵਿਚਾਰ ਸ਼ੂਨ) ਦੇ ਹਨੇਰੇ ਹੇਠ ਹੈ, ਇਸ ਕਰਕੇ ਏਹ ਸਮਝਦੇ ਨਹੀਂ, ਅਰ ਅਸੀ ਰੰਜ ਕਿਉਂ ਕਰੀਏ ? ਏਹੋ ਗੱਲ ਸਮਝਾਉਣ ਤਾਂ ਅਸੀ ਆਏ ਹਾਂ ਕਿ ਹੇ ਲੋਕੋ ! ਆਪਨੇ ਸ਼ਿਵ ਸਰੂਪ ਨੂੰ ਮਾਯਾ ਦੇ ਹਨੇਰੇ ਹੇਠੋਂ ਕੱਢੋ। 'ਮਾਯਾ' ਵਿਚਾਰ ਤੋਂ ਸ਼ੂਨ ਹੈ, ਤਾਂਤੇ ਹਨੇਰਾ ਹੈ, 'ਸ਼ਿਵ' ਸਰੂਪ 'ਵਿਚਾਰ ਸੀਲ' ਹੈ, ਤਾਂਤੇ ਚਾਨਣਾ ਹੈ। ਚਾਨਣੇ ਨੂੰ ਉਸੇ ਦੇ ਅਪਨੇ ਚਾਨਣੇ ਨਾਲ ਦੇਖੋ, ਚਾਨਣੇ ਨੂੰ ਹਨੇਰੇ ਦੀ ਕਰੋਪੀ ਹੇਠ ਲਕੋ ਕੇ ਠੋਕਰਾਂ ਨਾ ਖਾਓ, ਫੇਰ ਕਈ ਤਾਂ ਇਨ੍ਹਾਂ ਦੇ ਯਤਨ ਨਾਲ ਅੱਖਾਂ ਖੋਲ੍ਹਕੇ ਉਤੇ ਆ ਜਾਂਦੇ ਹਨ , ਕਈ ਯਤਨ ਵਿਚ ਲਗ ਪੈਂਦੇ ਹਨ, ਕਈ ਸੰਸੇ ਵਿਚ ਪੈ ਜਾਂਦੇ ਹਨ, ਕਈ ਠੱਠਾ ਕਰਕੇ ਬੇਪਰਵਾਹ ਹੋ ਜਾਂਦੇ ਹਨ, ਕਈ ਵੈਰ ਕਰਕੇ ਇਨ੍ਹਾਂ ਨੂੰ ਸਤਾਉਂਦੇ ਹਨ। ਪਰ ਏਹ ਸਭ ਨਾਲ ਪ੍ਰੇਮ ਕਰਦੇ ਹਨ।

ਤੁਸੀਂ ਅੱਜ ਸਮਝ ਰਹੇ ਹੋ ਕਿ ਤੁਸੀਂ ਮਰ ਕੇ ਏਥੇ ਆ ਗਏ ਹੋ, ਪਰ ਤੁਸੀਂ ਅਜੇ ਸੰਸਾਰ ਵਿਚ ਮੋਏ ਨਹੀਂ, ਤੁਸੀ ਪ੍ਰਮਾਰਥ ਲਈ ਬਹੁਤ ਤਰਲੇ ਲੈਂਦੇ ਲੈਂਦੇ ਕਈ ਨਾਸਤਕ, ਸੰਸੇ ਬ੍ਰਿਤੀਆਂ ਤੇ ਮਾਯਾਵੀ ਲੋਕਾਂ ਦੇ ਸੰਗ ਨਾਲ ਕੁਝ ਉਦਾਸੀਨ ਹੋ ਜਾਂਦੇ ਸੀ, ਤੁਹਾਨੂੰ ਪੱਕਾ ਭਰੋਸਾ ਕਰਨ ਲਈ ਅਰ ਤੁਹਾਡੇ ਵਸੀਲੇ ਕਈਆਂ ਦੇ ਸੰਸੇ ਕੱਟਣ ਲਈ ਅੱਜ ਇਕ ਖੁਸ਼ੀ ਦੇ ਕਾਰਣ ਤੁਹਾਨੂੰ ਇਸ ਨਿਤ ਖੁਸ਼ੀ ਦਾ ਦਰਸ਼ਨ

ਦਿਤਾ ਗਿਆ ਹੈ। ਤੁਸੀਂ ਜਾ,ਕੇ ਲੋਕਾਂ ਨੂੰ ਦੱਸਣਾ ਕਿ ਮੌਤ ਤੋਂ ਨਾ ਡਰੋ, ਸਗੋਂ ਪਿਆਰ ਕਰੋ, ਅਰ ਦੱਸਣਾ ਕਿ ਜਿਕੂੰ ਪ੍ਰਕ੍ਰਿਤੀ ਤੇ ਸ਼ਕਤੀ ਨੂੰ ਨਾਸ ਰਹਤ ਮੰਨਦੇ ਹੋ ਇਸੇ ਤਰਾਂ ਸ਼ਿਵ' ਨੂੰ ਬੀ ਅਵਨਾਸ਼ ਸਮਝੋ। ਅਰ ਜਿਕੂੰ ਪ੍ਰਕ੍ਰਿਤੀ ਤੋਂ ਸ਼ਕਤੀ ਉਚੇਰੀ ਹੈ ਉਕੱਰ ਸ਼ਕਤੀ ਤੋਂ ਸ਼ਿਵ ਉਚੇਰਾ ਹੈ, ਅਰ 'ਸ਼ਿਵ' ਸਰੂਪ ਦੀ ਮਾਯਾ ਤੋਂ ਖਲਾਸੀ ਤੇ ਅਗਲੀ ਉਨੱਤੀ ਇਹ ਮਨੁਖਾ ਜਨਮ ਦਾ ਪਰਯੋਜਨ ਹੈ। ਤੁਸੀਂ ਵੇਖ ਲਵੋ ਜੋ ਤੁਸੀਂ ਕੈਸੇ ਆਨੰਦ ਨੂੰ ਪ੍ਰਾਪਤ ਹੋਏ ਹੋ। ਏਹ ਭੇਤ ਬੀ ਕਦੇ ਤੁਹਾਡੇ ਪਰ ਖੁਲੇਗਾ ਕਿ ਸ਼ਿਵ ਸਰੂਪ ਦਾ ਮਾਲਕ ਅਕਾਲ ਪੁਰਖ ਕੇਵਲ ਸਦਾ ਸਤ ਅਵਿਨਾਸ਼ ਹੈ॥

ਜਾਂ ਮੈਂ ਇਹ ਗੱਲ ਸੁਣੀ ਕਿ ਅਜੇ ਫੇਰ ਮੁੜਕੇ ਜਾਣਾ ਹੈ ਤਦ ਮੈਨੂੰ ਸੰਸਾਰ ਸਾਗਰ ਤੋਂ ਭੈ ਆਯਾ। ਉਸ ਵੇਲੇ ਇਕ ਮਿੱਤਰ ਨੇ ਕਿਹਾ ਇਹ ਭੈ ਜੋ ਤੁਹਾਨੂੰ ਆਯਾ ਹੈ, ਉਨ੍ਹਾਂ ਸਦੀਵ ਮੁਕਤ ਮਹਾਂ ਪੁਰਖਾਂ ਦੀ ਬਜ਼ੁਰਗੀ ਦਸਦਾ ਹੈ ਜੋ ਕਿ ਤੁਹਾਡੇ ਨਾਲੋਂ ਕ੍ਰੋੜਹਾ ਕ੍ਰੋੜ ਗੁਣਾਂ ਵਧੀਕ ਪ੍ਰਸੰਨ ਹੋ ਕੇ ਬੀ ਓਹ ਇਥੋਂ ਸੰਸਾਰ ਵਿਚ ਜਾਂਦੇ ਹਨ, ਅਰ ਡਰਦੇ ਨਹੀਂ, ਉੱਥੇ ਜਾ,ਕੇ ਦੁਖ ਭੋਗਦੇ ਹਨ, ਪਰ ਪ੍ਰੇਮ ਦੇ ਕਾਰਣ ਪ੍ਰੇਮ ਹੀ ਕਰੀ ਚਲੇ ਜਾਂਦੇ ਹਨ ਅਰ ਅਨੇਕਾਂ ਲੋਕਾਂ ਨੂੰ ਮਾਯਾ ਦੇ ਹਨੇਰੇ ਤੋਂ ਕੱਢ ਕੇ ਸ਼ਿਵ ਰੂਪ ਨੂੰ ਅਕਾਲ ਪੁਰਖ ਦੇ ਚਾਨਣੇ ਨਾਲ ਖਿਚ ਕੇ ਚਾਨਣੇ ਨੂੰ ਸੰਪੂਰਨ ਚਾਨਣੇ ਦੇ ਚਰਨਾਂ ਵਿਚ ਲਿਆ ਕੇ ਪ੍ਰਸੰਨ ਕਰਦੇ ਹਨ, ਜਿੱਕੂੰ ਤੁਸੀ ਅੱਜ ਪ੍ਰਸੰਨ ਹੋ, ਇਹ ਗੁਰੂ ਜੀ ਨੇ ਸੰਸਾਰ ਵਿਚ ਜੋ ਜਾ ਕੇ ਬਾਣੀ ਰਚੀ ਉਸਦੇ ਪਰਤਾਪ ਕਰਕੇ ਹੈ; ਤੁਹਾਨੂੰ ਉਨ੍ਹਾਂ ਦੀ ਬਾਣੀ ਨੇ ਮਾਯਾ ਅਰਥਾਤ (ਪ੍ਰਾਕ੍ਰਿਤੀ ਤੇ ਸ਼ਕਤੀ) ਦੇ ਵਿਚਾਰ ਸ਼ੂਨ ਹਨੇਰੇ ਵਿਚ ਪਹਿਲੇ ਅਪਨਾਂ ਚਾਨਣਾ ਦਿਖਾਯਾ ਤੇ ਆਖਿਆ:—

''ਮਨ ਤੂੰ ਜੋਤ ਸਰੂਪ ਹੈ ਅਪਨਾ ਮੂਲ ਪਛਾਣ''।

ਫੇਰ ਵਾਹਗੁਰੂ ਦਾ ਪਰਕਾਸ਼ ਦਿਖਾਯਾ ਤੇ ਕਿਹਾ :—

''ਸਭ ਮਹਿ ਜੋਤਿ ਜੋਤਿ ਹੈ ਸੋਇ।
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ''।

ਬੱਸ ਫੇਰ ਕੀਹ ਸੀ, ਤੁਸੀ ਵਿਚਾਰ ਦੇ ਚਾਨਣੇ ਵਿਚ ਆ ਕੇ ਆਪ ਨੂੰ ਪਛਾਣਿਆਂ, ਫੇਰ ਉਸ ਚਾਨਣੇ ਨੇ ਵਧ ਕੇ ਗਿਆਨ ਦੀ ਦਸ਼ਾ ਪਾਈ ਤੇ ਤੁਸਾਂ ਵਿਚਾਰ ਦੇ ਚਾਨਣੇ ਦਾ ਕਾਰਣ ਰੂਪ ਅਸਲ ਚਾਨਣੇ ਸਰਬੱਗ ਵਾਹਗੁਰੂ ਦੇ ਪ੍ਰਕਾਸ਼ ਦੇ ਚਰਨਾ ਨਾਲ ਪ੍ਰੀਤੀ ਪਾਈ ਤੇ ਆਹ ਸੁਖ ਡਿੱਠਾ। ਹੁਣ ਸੋਚੋ ਤੁਹਾਡਾ ਦਿਲ ਜੋ ਪਲ ਕੁ ਪਹਲੇ ਸੰਸਾਰ ਦਾ ਉਪਕਾਰ ਲੋਚਦਾ ਸੀ, ਹੁਣ ਅਪਣੇ ਏਥੋਂ ਦੇ ਸੁਖ ਦਾ ਪ੍ਰੇਮੀ ਹੋ ਕੇ ਦੂਜੇ ਦਾ ਸੁਖ ਲੋਚਣੋਂ ਸੰਕੋਚਦਾ ਹੈ, ਪਰ ਸੋਚੋ ਖਾਂ ਸ੍ਰੀ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਜਿਨ੍ਹਾਂ ਦਾ ਜੀ ਸੁਖ ਕਰਕੇ ਨਹੀਂ, ਪਰ ਵਾਹਗੁਰੂ ਦੇ ਪ੍ਰੇਮ ਕਰਕੇ ਤੁਹਾਡੇ ਦੇਸ ਜਾਣ ਨੂੰ ਨਹੀਂ ਕਰਦਾ ਸੀ:–

''ਚਿਤ ਨ ਭਯੋ ਹਮਰੋ ਆਵਨ ਕਹ।
ਚੁਭੀ ਰਹੀ ਸੁਰਤਿ ਪ੍ਰਭੁ ਚਰਨਨ ਮਹ''।

ਪਰ ਸੰਸਾਰ ਦੇ ਦੁਖ ਹਰਨ ਦੇ ਪ੍ਰੇਮ ਦੇ ਕਾਰਨ ਸੰਸਾਰ ਵਿਚ ਗਏ, ਪਰ ਸੁਰਤ ਪ੍ਰਭ ਚਰਨਾਂ ਨਾਲ ਇਕ ਰਸ ਪ੍ਰੋਤੀ ਰਹੀ। ਓਹ ਸੰਸਾਰ ਵਿਚ ਰਹੇ, ਪਰ ਇਸ ਆਨੰਦ ਮੰਡਲ ਤੋਂ ਛੁਟ ਨਹੀ ਗਏ, ਉਪਕਾਰ ਓਥੇ ਕਰਦੇ ਸਨ ਤੇ ਸੁਰਤ ਨਾਲ ਏਥੇ ਵਸਦੇ ਸਨ। ਜੇ ਓਹ ਇਥੇ ਨਾ ਵੱਸਦੇ ਹੁੰਦੇ ਤਦ ਸੰਸਾਰ ਵਿਚ ਕੁਝ ਫਸਦੇ, ਪਰ ਓਹ ਸਦਾ ਮੁਕਤ ਮਹਾਂ ਪੁਰਖ ਗੁਰ ਅਵਤਾਰ ਇਥੇ ਵੱਸੇ ਤੇ ਕੰਮ ਓਥੇ ਕੀਤੇ।

''ਓਤ ਪੋਤ ਰਵਿਆ ਰੂਪ ਰੰਗ।
ਭਏ ਪ੍ਰਗਾਸ ਸਾਧ ਕੈ ਸੰਗ''॥

ਐਉ ਅਜ ਤੁਸੀ ਸਮਝਿਆ ਕਿ ਕਿਉ ਕਲਗੀਧਰ ਜੀ ਨੇ ਗੁਰੂ ਹੋਕੇ ਅਵਤਾਰ ਧਾਰਿਆ ? ਸੰਸਾਰ ਦੇ ਖੇਦ ਸਹੇ ਅਰ ਲੋਕੀ ਪਾਰ ਉਤਾਰੇ॥

ਹੁਣ ਤੁਸੀ ਦੱਸੋ ਜਿਨ੍ਹਾਂ ਨੇ ਅੱਜ ਪਰਤੱਖ ਦੇਖਿਆ ਹੈ ਕਿ ਆਨੰਦ ਮੰਡਲ ਤੇ ਉਪਰ ਤਤ੍ਵ ਗਿਆਨ ਮੰਡਲ ਤੇ ਉਸ ਤੋਂ ਉਪੱਰ ਯਥਾਰਥ ਮੰਡਲ ਦੇ ਸੁਖ ਜੋ

ਹਨ ਇਨ੍ਹਾਂ ਵਿਚ ਵੱਸ ਕੇ ਫੇਰ ਵਿਪਦਾ ਦੇ ਮੂੰਹ ਜਗਤ ਵਿੱਚ ਜਾਣਾ ਕੈਸੀ ਭਾਰੀ ਕੁਰਬਾਨੀ ਹੈ, ਕੈਸਾ ਅਚਰਜ ਤੇ ਅਮੋਲਕ ਪ੍ਰੇਮ ਹੈ ? ਤੁਸਾਂ ਸੰਸਾਰੀਆਂ ਨੇ ਇਸਦਾ ਕੀ ਕਦਰ ਪਾਯਾ ? ਉਨ੍ਹਾਂ ਦੇ ਸਪੁਤ੍ਰਾਂ ਦੇ ਚਲਾਣੇ ਨੂੰ ਸੁਣ ਕੇ ਤਾਂ ਕਦੇ ਰੋ ਬੀ ਪੈਂਦੇ ਹੋ, ਪਰ ਇਸ ਅਮਿੱਤ ਕੁਰਬਾਨੀ ਨੂੰ ਵਿਚਾਰਦੇ ਹੋ ਜੋ ਉਨ੍ਹਾਂ ਨੇ ਇਥੋਂ ਉਠੱ ਕੇ ਉਥੇ ਜਾਣ ਵਿਚ ਕੀਤੀ ਹੈ ? ਦੁਨੀਆਂ ਦੇ ਲੋਕ ਨਹੀ ਸਮਝ ਸਕਦੇ, ਪਰ ਤੁਸੀ ਤਾਂ ਪਰਤੱਖ ਝਲਕਾ ਦੇਖ ਰਹੇ ਹੋ। ਤੁਸੀ ਹੀ ਦੱਸੋ ਕਿਤਨਾ ਭਾਰਾ ਪ੍ਰੇਮ ਹੈ ?

ਮੈਂ ਰੋ ਕੇ ਕਿਹਾ ਦੀਨ ਦਿਆਲ ਜੀ ! ਏਹ ਬੜਾ ਹੀ ਪ੍ਰਬਲ ਪ੍ਰੇਮ ਹੈ, ਇਨ੍ਹਾਂ ਮੰਡਲਾਂ ਤੋਂ ਮਾਤ ਲੋਕ ਵਿਚ ਜਾਣਾ, ਆਪਾ ਵਾਰ ਘਤਣਾ ਹੈ। ਮੈਨੂੰ ਅੱਜ ਸਮਝ ਆਈ ਹੈ ਕਿ ਸ੍ਰੀ ਕਲਗੀਧਰ ਜੀ ਨੇ ਸਾਡੇ ਨਾਲ ਕੇਡਾ ਪਿਆਰ ਕੀਤਾ ਹੈ। ਅੱਗੇ ਤਾਂ ਮੈਂ ਏਹੋ ਵਡੀ ਗੱਲ ਸਮਝਦਾ ਸਾਂ ਕਿ ਉਨ੍ਹਾਂ ਨੇ ਖੇਦ ਸਹਾਰੇ। ਪਰ ਅੱਜ ਸਮਝ ਪਈ ਹੈ ਕਿ ਉਨ੍ਹਾਂ ਦੇ ਖੇਦਾਂ ਦਾ ਕੀ ਅਰਥ ਹੈ। ਜਿਨ੍ਹਾਂ ਖੇਦਾਂ ਦਾ ਕਲੇਸ਼ ਅੱਗੇ ਸੋਲਾਂ ਆਨੇ ਸਮਝੀਦਾ ਸੀ ਅਜ ਕ੍ਰੋੜਾਂ ਰੁਪਯਾਂ ਦਾ ਹੋ ਦਿੱਸਿਆ ਹੈ। ਮੇਰਾ ਆਤਮਾਂ ਭੈ ਤੇ ਸਰਧਾ ਨਾਲ ਕੰਬਦਾ ਹੈ। ਗੁਰੂ ਜੀ ਨੇ ਕਿਤਨਾ ਉਪਕਾਰ ਕੀਤਾ ਹੈ, ਕਿਤਨਾ ਆਪਾ ਵਾਰਿਆ ਹੈ, ਕਿਤਨਾ ਪ੍ਰੇਮ ਸਾਡੇ ਤੇ ਨੋਛਾਵਰ ਕੀਤਾ ਹੈ, ਕਿਸ ਹੱਦ ਦਰਜੇ ਦੀ ਕੁਰਬਾਨੀ ਹੈ, ਸ਼ੋਕ ! ਅਸਾਂ ਮੂਰਖਾਂ ਕੁਛ ਕਦਰ ਨਹੀਂ ਪਾਈ। ਦੇਖੋ ਸਾਡਾ ਕਦਰ ਕਰਨਾ ਕੀ ਸੀ ? ਏਹੋ ਕਿ ਅਸੀਂ ਸੰਸਾਰ ਵਿਚ ਉਨ੍ਹਾਂ ਦੇ ਆਉਣ ਦਾ ਪਰਯੋਜਨ ਸਮਝੀਏ ਜੋ ਸਾਡੇ ਹੀ ਭਲੇ ਲਈ ਸੀ, ਸਾਨੂੰ ਹਨੇਰੇ ਵਿਚੋਂ ਕੱਢਣ ਦਾ ਸੀ। ਵਿਚਾਰੋ ਸੁੰਞੀ ਮਾਯਾ ਦੀ ਬਨਾਵਟ ਵਿਚੋਂ ਖਲਾਸੀ ਦੇ ਕੇ ਸਚੇ ਆਤਮ ਚਾਨਣੇ ਵਿਚ ਲਿਆਉਣ ਦਾ ਸੀ, ਸੋ ਜੇ ਅਸੀਂ ਉਸ ਹਨੇਰੇ ਤੋਂ ਚਾਨਣੇ ਆ ਜਾਈਏ ਤਦ ਸਾਡਾ ਹੀ ਭਲਾ ਹੈ, ਅਸੀਂ ਹੀ ਇਸ ਮੰਡਲ ਦੇ ਵਿਚ ਵਾਸ ਪਾਉਂਦੇ ਹਾਂ ਤੇ ਉਧਰ ਕ੍ਰਿਤ ਕ੍ਰਿਤ ਹੁੰਦੇ ਹਾਂ ਕਿ ਅਸੀਂ ਗੁਰੂ ਦੀ ਕਦਰ ਪਾਈ ਹੈ। ਕਦਰ ਨਾਂ ਪਾਉਣ ਦਾ ਕੀ ਸਰੂਪ ਹੈ ? ਕਿ ਅਸੀਂ ਗੁਰੂ ਜੀ ਨੂੰ ਪਿਆਰ ਨਹੀਂ ਕਰਦੇ, ਪਿਆਰ ਨਾ ਕਰਨ ਕਰਕੇ ਉਨ੍ਹਾਂ ਦੇ ਉਪਦੇਸਾਂ ਨੂੰ ਧਾਰਨ ਨਹੀਂ ਕਰਦੇ, ਧਾਰਨ ਨਾਂ ਕਰਨੇ ਤੇ ਅਸੀ ਮਾਯਾ ਦੇ ਵਿਚ ਰਹਿੰਦੇ ਹਾਂ। ਮਾਯਾ ਸਾਨੂੰ ਯਾ ਤਾਂ ਵਿਕਾਰ ਰੂਪ ਰਸਾਂ ਦੇ ਜਾਲ ਪਾ

ਕੇ ਫਸਾਈ ਰਖਦੀ ਹੈ ਜਾਂ ਵਿਦਿਆਂ ਦੇ ਤੰਦਣ ਤਾਣੇ ਵਿਚ ਸ਼ਕਤੀ ਦੀ ਝਿਲ ਮਿਲਾਹਟ ਹੇਠ ਸ਼ਿਵ ਦੇ ਚਾਨਣੇ ਨੂੰ ਲੁਕਾ ਕੇ 'ਅੰਧ ਰੂਪ ਮਹਾਂ ਭਿਆਨ' ਤੋਂ ਨਿਕਲਨ ਨਹੀਂ ਦੇਂਦੀ। ਸੋ ਅਸੀਂ ਹੀ ਇਉਂ ਫਸੇ, ਸ਼ੋਕ, ਦੁਖ, ਪੀੜਾ ਵਿਛੋੜਾ, ਭੁਖ ਹਾਵੇ ਆਦਿਕ ਕਲੇਸ਼ ਭੋਗਦੇ ਟਿੰਡਾਂ ਦੇ ਗੇੜ ਵਾਂਙ ਉਸ ਅੰਧਕੂਪ ਤੋਂ ਬਾਹਰ ਨਹੀਂ ਆਉਂਦੇ। ਸੋ ਕਦਰ ਨਾਂ ਕਰਨ ਵਿਚ ਗੁਰੂ ਜੀ ਦੀ ਹਾਨੀ ਨਹੀਂ, ਸਾਡੀ ਅਪਨੀ ਹਾਨੀ ਹੈ, ਤੇ ਕਦਰ ਪਾਣ ਵਿੱਚ ਸਾਡੀ ਹੀ ਕਲਿਆਨ ਹੈ। ਕਲਗੀਧਰ ਜੀ ਇਸ ਲਈ ਸੰਸਾਰ ਵਿਚ ਆਏ ਸੇ ਕਿ ਸਾਨੂੰ ਅਨੰਦ ਮੰਡਲਾਂ ਵਿਚ ਲੈ ਆਉਣ, ਜੇ ਅਸੀ ਉਨ੍ਹਾਂ ਦੇ ਆਖੇ ਨਹੀਂ ਲੱਗੇ ਤਦ ਅਸੀ ਵਾਂਞੇ ਗਏ ਹਾਂ, ਅਸੀ ਦੁਖੀ ਹਾਂ, ਅਸੀ ਕਲੇਸ਼ਾਂ ਵਿਚ ਬੱਝੇ ਪਏ ਹਾਂ। ਓਹ ਤਾਂ ਸਦਾ ਮੁਕਤ, ਸਦਾ ਸ਼ਿਵ, ਸਦਾ ਸੁਖ ਰੂਪ, ਸਦਾ ਅਨੰਦ ਹਨ। ਉਹ ਏਥੇ ਓਥੇ ਸਦਾ ਸੁਹੇਲੇ, ਸਦਾ ਵਾਹਿਗੁਰੂ ਨਾਲ ਵਿਥ ਪੈਣ ਤੋਂ ਰਹਤ ਹਨ। ਇਹ ਸਾਡੀ ਅਭਾਗਤਾ ਹੈ, ਇਹ ਸਾਡਾ ਅਪਨਾ ਘਾਟਾ ਹੈ ਕਿ ਅਸੀ ਕਦਰ ਨਹੀਂ ਪਾਂਦੇ। ਜਦ ਕਦਰ ਪਾਈਏ ਅਸੀ ਹੀ ਮੁਕਤ ਰੂਪ ਹਾਂ। ਹੋਰ ਕਦਰ ਪਾਣੇ ਨਾਲ ਅਸਾਂ ਪੂਰਨ ਨੂੰ ਹੋਰ ਪੂਰਨ ਥੋੜਾ ਹੀ ਕਰ ਦੇਣਾ ਹੈ ? ਆਪ ਪੂਰਨ ਦੇ ਨੇੜੇ ਹੋਕੇ ਪ੍ਰਸੰਨ ਹੋਣਾ ਹੈ।

ਇਹ ਸੁਣਕੇ ਉਨ੍ਹਾਂ ਨੇ ਕਿਹਾ ਫੇਰ ਜਦ ਏਹ ਗੱਲ ਹੈ ਤਦ ਤੁਹਾਡੇ ਲਈ ਕੇਡਾ ਜਰੂਰੀ ਹੈ ਕਿ ਇਹ ਭੇਤ ਤੁਸੀ ਸੰਸਾਰ ਵਿਚ ਰਹ ਕੇ ਸਮਝਾਓ। ਜਿੰਨੀਆਂ ਆਤਮਾਂ ਨੂੰ ਸਮਝ ਆ ਸਕੇ ਉਨਿਆਂ ਦਾ ਹੀ ਲਾਭ ਹੈ, ਅਰ ਤੁਸੀਂ ਸੁਭਾਗੀ ਹੋਵੋਗੇ। ਮੈਂ ਕਿਹਾ ਜੀ ਹੈ ਤਾਂ ਸੱਚ ਪਰ ਆਪ ਕਿਰਪਾ ਕਰੋ, ਕਹਣ ਲਗੇ ਕਿਰਪਾ ਅੱਜ ਹੋ ਗਈ ਜੋ ਐਥੇ ਆ ਕੇ ਤੁਹਾਡਾ ਭਰਮ ਕੱਟਿਆ ਗਿਆ, ਅੱਜ ਪੱਕਾ ਵਿਸਵਾਸ ਦਾ ਦਿਹਾੜਾ ਹੈ ਕਿ :—

'ਜਾਂ ਕੇ ਰਿਦੇ ਵਿਸਵਾਸ ਪ੍ਰਭ ਆਇਆ।
ਤਤ ਗਿਆਨ ਤਿਸ ਮਨ ਪ੍ਰਗਟਾਇਆ।'

ਵਿਸਵਾਸ ਦਾ ਦਰਜਾ ਬਹੁਤ ਉੱਚਾ ਹੈ ਸੰਸੇ ਦੀ ਭਿਆਨਕ ਖਾਡੀ ਟੱਪ

ਕੇ ਇਹ ਉਚਾਈ ਆਉਂਦੀ ਹੈ, ਏਥੇ ਆਯਾ ਨਹੀਂ ਕਿ ਕਲਿਆਨ ਹੋਈ ਨਹੀਂ।

ਹੁਣ ਮੈਂ ਡਰਦੇ ਡਰਦੇ ਕਿਹਾ ਕਿ ਮੈਂ ਪਿੱਛੇ ਪਰਤਣਾ ਤਾਂ ਹੈ, ਤੇ ਏਥੇ ਆ ਬੀ ਗਿਆ ਹਾਂ, ਤਦ ਕ੍ਰਿਪਾ ਕਰਕੇ ਮੈਨੂੰ ਸ੍ਰੀ ਕਲਗੀਧਰ ਜੀ ਦੇ ਦਰਸ਼ਨ ਤਾਂ ਕਰਾ ਦਿਓ ? ਓਹ ਹੱਸ ਪਏ ਤੇ ਆਖਣ ਲੱਗੇ ਕਿ ਕੇਹੜੇ ਦਰਸ਼ਨ ਕਰਦੇ ਹੋ ? ਯਥਾਰਥ ਰੂਪ ਦੇ ਦਰਸ਼ਨ ਤਾਂ ਯਥਾਰਥ ਪਦ ਤੇ ਪਹੁੰਚਿਆਂ ਆਪੇ ਹੁੰਦੇ ਹਨ। ਅਨੰਦ ਸਰੂਪ ਦੇ ਦਰਸ਼ਨ ਤੁਸੀ ਕਰ ਰਹੇ ਹੋ, ਜੋ ਆਤਮ ਅਨੰਦ ਇਸ ਵੇਲੇ ਭੋਗ ਰਹੇ ਹੋ, ਤੇ ਜਿਸ ਰੂਪ ਵਿਚ ਆਪ ਸ੍ਰੀ ਗੁਰੂ ਜੀ ਧਰਤੀ ਤੇ ਗਏ ਸੇ ਉਸਦਾ ਦਰਸ਼ਨ ਹੁਣੇ ਹੁੰਦਾ ਹੈ , ਕਿਉਂਕਿ ਸੰਸਾਰ ਵਿਚੋਂ ਬੜੀਆਂ ਅਰਜ਼ੋਈਆਂ, ਪ੍ਰੇਮ ਦੇ ਸਨੇਹੇ ਆ ਰਹੇ ਹਨ ਕਿ ਦਰਸ਼ਨ ਦਿਓ, ਅੱਜ ਮਹਾਰਾਜ ਜੀ ਦੇ ਸੰਸਾਰ ਵਿਚ ਪ੍ਰਗਟ ਹੋਣ ਦਾ ਦਿਨ ਹੈ ਤੇ ਲੋਕ ਉਡੀਕਾਂ ਕਰਦੇ, ਕੀਰਤਨ ਤੇ ਜੱਸ ਗਾਉਂਦੇ ਪੁੰਨ ਦਾਨ ਕਰਦੇ ਹਨ, ਸੇਵਾ ਉਪਕਾਰ ਕਮਾਂਦੇ ਹਨ ਤੇ ਪ੍ਰੇਮ ਦੇ ਬੱਧੇ ਸਿੱਕਾਂ ਸਿਕਦੇ ਹਨ ਕਿ ਦਰਸ਼ਨ ਹੋਣ। ਏਹ ਕਹਕੇ ਉਨ੍ਹਾਂ ਨੇ ਇਕ ਵੇਰ ਹੇਠਲੇ ਪਾਸੇ ਹੱਥ ਕਰਕੇ ਉਪਰ ਨੂੰ ਚੁਕਿਆ ਤਦ ਅਚਰਜ ਰਾਗ ਸੁਣਾਈ ਦੇਣ ਲੱਗੇ :–

(੧) ਪਹਲੀ ਸਿੱਕ:–

ਆਵੀਂ ਹੇ ਕਲਗੀ ਵਾਲੇ ! ਆਵੀਂ ਹੇ ਕਲਗੀ ਵਾਲੇ !
ਜਿੰਦੜੀ ਨਿਮਾਨੜੀ ਨੂੰ ਸਿੱਕਾਂ ਦੇ ਪੈ ਗਏ ਲਾਲੇ ॥ਟੇਕ॥
ਸਿਕਦੀ ਨਿਮਾਨੜੀ ਮੈਂ, ਤੜਫਾਂ ਜੁਗਾਂ ਤੋਂ ਵਾਰੀ,
ਅਰਜ਼ਾਂ ਕਰੇਂਦੀ ਸਾਈਂ ! ਸਾਈਂ ਬਿਰਦ ਨੂੰ ਪਾਲੇ।
ਰੋਂਦੀ ਨੂੰ ਆਹ ਦਿਹਾੜੇ, ਆਏ ਹੈਂ ਮੁੱਦਤਾਂ ਦੇ,
ਤਰਸਾਂ ਤਰਸ ਨ ਹਾਰੀ, ਰੋਵਣ ਛੁਟੇ ਨ ਚਾਲੇ ॥ਆਵੀਂ:॥
ਦੁਨੀਆਂ ਤੋਂ ਹੱਥ ਧੋਤੇ, ਲੋਕਾਂ ਤੋਂ ਲੈ ਉਦਾਸੀ।
ਮਾਰੀ ਵਿਛੋੜਿਆਂ ਦੀ, ਜੱਫਰ ਬਿਰ੍ਹੋਂ ਦੇ ਜਾਲੇ ॥ਆਵੀਂ:॥

ਲੱਖਾਂ ਚੁਰਾਸੀਆਂ ਦੇ, ਪੈਂਡੇ ਮੈਂ ਕਰਦੀ ਆਈ,
ਨੈਣੀਂ ਨ ਦਰਸ ਹੋਯਾ, ਪੈਰੀਂ ਪਏ ਹੈਂ ਛਾਲੇ ॥ਆਵੀਂ:॥
ਕੋਈ ਮੈਂ ਜ਼ੋਰ ਲਾਏ, ਸਾਧਨ ਅਨੇਕ ਕੀਤੇ,
ਤਾਪੇ ਤਪਨ ਬਥੇਰੇ, ਪਿੰਡੇ ਹਿਮੰਚ ਗਾਲੇ ॥ਆਵੀਂ:
ਪੁੱਛਾਂ ਪੁਛੇਂਦੀ ਹਾਰੀ, ਹਾਰੀ ਹਾਂ ਢੂੰਡਦੀ ਬੀ,
ਲੰਘੇ ਮੈਂ ਦਾਉ ਪੁੱਠੇ, ਦੁਖੜੇ ਅਨੇਕ ਝਾਲੇ ॥ ਆਵੀਂ:
ਪੰਡਤ ਤੇ ਜੋਤਕੀ ਮੈਂ, ਮੁੱਲਾਂ ਪੁਛਾਏ ਕਾਜ਼ੀ,
ਸਿਆਣੇ ਨ ਸਿਆਣ ਦਸਦੇ, ਕਰਦੇ ਅਨੇਕ ਟਾਲੇ ॥ਆਵੀਂ:
ਬਾਜ਼ੀ ਅਨੇਕ ਵੇਰੀ, ਮਨ ਧਨ ਦੀ ਚਾ ਲਗਾਈ,
ਚੌਪੜ ਚੁਪੱਟ ਹੋਈ, ਪਾਸੇ ਸਿਰਾਂ ਦੇ ਢਾਲੇ ॥ਆਵੀਂ:
ਕੋਈ ਨ ਆਸ ਬਾਕੀ, ਆਸਾ ਰਿਹਾ ਨਾ ਕੋਈ,
ਇੱਕੋ ਹੈ ਓਟ ਤੇਰੀ, ਤੇਰੀ ਹੈ ਯਾਦ ਦੁਆਲੇ ॥ਆਵੀਂ:
ਆਵੀਂ ਦੀਦਾਰ ਦੇਈਂ, ਸਿਕਦੀ ਦੀ ਆਸ ਪੂਰੀਂ।
ਨਾਲੇ ਨਿਹਾਲ ਹੋਵਾਂ, ਪੂਰਬੀ ਮਨਾਵਾਂ ਨਾਲੇ ॥ਆਵੀਂ:

(੨) ਦੂਜੀ ਸਿੱਕ:—

ਮੈਂ ਦੁਨੀਆਂ ਤੋਂ ਚਿਤ ਚਾ ਲਿਆ,
ਤੇਰੇ ਚਰਨਾਂ ਨਾਲ ਲਗਾ ਲਿਆ।
ਮੈਂ ਤੈਨੂੰ ਨਿੱਤ ਸੰਭਾਲਿਆ।
ਹੁਣ ਆ ਮਿਲ ਕਲਗੀ ਵਾਲਿਆ!

ਜਾਂ ਮੈਂ ਇਸ ਤਰ੍ਹਾਂ ਦੇ ਬਿਰਹੋਂ ਤੇ ਵਰਲਾਪ ਦੇ ਸਿੱਕ ਭਰੇ ਕਈ ਗੀਤ ਸੁਣੇ ਤਾਂ ਮੇਰਾ ਮਨ ਅਚਰਜ ਵੈਰਾਗਵਾਨ ਹੋ ਗਿਆ, ਮੈਂ ਹਰਿਆਨ ਹੋਕੇ ਅੱਜ ਪਹਲੀ ਵੇਰ ਏਹ ਸਮਝਿਆ ਕਿ ਸੱਚੇ ਪ੍ਰੇਮ ਤੇ ਵੈਰਾਗ ਦੀਆਂ ਬੇਨਤੀਆਂ ਕਿਸ ਤਰਾਂ ਅਨੰਦ ਮੰਡਲ ਵਿਚ ਜਾ ਕੇ ਪਹੁੰਚਦੀਆਂ ਹਨ। ਮੈਂ ਡਿੱਠਾ ਜੋ ਸਾਰੇ ਮੰਡਲ ਦੇ ਵਾਸੀ ਵੈਰਾਗ

ਨਾਲ ਦ੍ਰਵ ਗਏ ਅਰ ਸਾਰੇ ਆਪ ਪ੍ਰਾਰਥਨਾਂ ਰੂਪ ਹੋਕੇ ਕਹਣ ਲਗ ਪਏ :–

ਜਗਤ ਜਲੇ ਮਾਯਾ ਵਿਖੇ ਪ੍ਰੇਮੀ ਭਰੇ ਵਿਰਾਗ।
ਹੇ ਕਲਗੀਧਰ ਤਾਰਨਾਂ, ਦੇ ਅਪਨਾ ਅਨੁਰਾਗ।
ਫੇਰ ਉਸ ਮੰਡਲ ਦੀ ਪ੍ਰਾਰਥਨਾਂ ਨਿਕਲੀ ਕਿ:–
ਜਗਤੁ ਜਲੰਦਾ ਰਖਿ ਲੈ ਅਪਣੀ ਕਿਰਪਾ ਧਾਰਿ।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।
ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ।
ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਿ ਹਾਰੁ ॥੧॥

ਜੋ ਗੱਲ ਮੈਂ ਸਮਝਦਾ ਨਹੀ ਸਾਂ, ਅਰ ਜਿਸ ਪਰ ਕਦੇ ਹੁੱਜਤਾਂ ਕਰਦਾ ਸਾਂ ਅੱਜ ਸਾਫ ਸਮਝ ਆ ਗਈ ਕਿ ਪ੍ਰਾਰਥਨਾਂ ਸੱਚੀ ਤੇ ਪਿਆਰ ਭਰੀ ਕਿੰਤੂ ਸੰਸਾਰ ਦੇ ਸੂਖਮ ਮੰਡਲਾਂ ਨੂੰ ਹਿਲਾ ਦੇਂਦੀ ਹੈ। ਹੁਣ ਮੈਨੂੰ ਮਿੱਤ੍ਰ ਜੀ ਨੇ ਦੱਸਿਆ ਕਿ ਸ੍ਰੀ ਕਲਗੀਧਰ ਜੀ ਦੇ ਦੋ ਸਰੂਪਾਂ ਦਾ ਕਥਨ ਤਾਂ ਮੈਂ ਦੱਸਿਆ ਸੀ, ਹੁਣ ਇਨ੍ਹਾਂ ਸਿੱਕ ਤੇ ਪਿਆਰਾਂ ਦੇ ਖਿੱਚੇ ਸ੍ਰੀ ਗੁਰੂ ਜੀ ਅਪਨੇ ਉਸ ਸਰੂਪ ਦਾ ਪ੍ਰਭਾਵ ਇਕ ਅਚਰਜ ਮਿਲਾਪ ਵਾਲੀ ਸਵਾਰੀ ਪਰ ਸੰਸਾਰ ਨੂੰ ਭੇਜ ਰਹੇ ਹਨ ਕਿ ਜਿਸਦੇ ਅਸਰ ਨਾਲ ਮਾਤ ਲੋਕ ਦੇ ਪ੍ਰੇਮੀ ਅੱਜ ਸੰਤੁਸ਼ਟ ਹੋਣਗੇ ਕਿ ਅਸਾਂ ਦਰਸ਼ਨ ਪਾਯਾ ਹੈ। ਉਨ੍ਹਾਂ ਨੂੰ ਸ਼ਾਂਤਿ, ਖੁਸ਼ੀ, ਅਨੰਦ, ਤੇ ਪ੍ਰੇਮ ਭਰਿਆ ਵੈਰਾਗ ਛਾਏਗਾ, ਅਰ ਆਤਮਾ ਹੋਰ ਉਜੱਲ, ਪ੍ਰੇਮੀ ਤੇ ਉਨੱਤ ਹੋਵੇਗੀ। ਸਰੂਪ ਦਾ ਦਰਸ਼ਨ ਕਿਸੇ ਐਸੀ ਆਤਮਾਂ ਨੂੰ ਹੋਵੇਗਾ ਜਿਸ ਵਿਚ ਦਰਸ਼ਨ ਦੇ ਝੱਲਣ ਦੀ ਤਾਕਤ ਪੈਦਾ ਹੋ ਗਈ ਹੋਵੇਗੀ, ਜੋ ਜੀਵਨ ਮੁਕਤ ਸੰਸਾਰ ਵਿਚ ਹਨ ਸੋ ਨਿਰੰਤਰ ਯਥਾਰਥ ਸਰੂਪ ਨੂੰ ਪ੍ਰਾਪਤ ਹਨ।

ਮੈਂ ਹੁਣ ਕੀ ਡਿੱਠਾ ਕਿ ਉਸ ਅਨੰਦ ਭਵਨ ਵਿਚ ਸਰਬ ਸੱਜਨ ਨਿਮ੍ਰਤਾ ਸਰੂਪ ਹੋ ਗਏ, ਉਧਰੋਂ ਪ੍ਰੇਮ ਦੇ ਪੁਸ਼ਪ ਬਬਾਨ ਪਰ ਕਲਗੀਧਰ ਜੀ ਦੀ ਦਿੱਬਯ ਜਯੋਤ ਸਵਾਰੀ ਜਿਸ ਸਰੂਪ ਵਿਚ ਸੰਸਾਰ ਪਟ ਆਈ ਸੀ, ਉਪਰਲੇ ਮੰਡਲਾਂ ਵਿਚੋਂ ਆਈ, ਅਰ ਸਰਬ ਦੇ ਸੀਸ ਨਿਵਾਂਦਿਆਂ ਮਾਤ ਲੋਕ ਨੂੰ ਚਲੀ ਗਈ। ਦਰਸ਼ਨ

ਕਰਦਾ ਹੀ ਤੇਜ ਨਾ ਸਹਾਰ ਕੇ ਮੈਂ ਤਾਂ ਬੇਸੁਧ ਹੋ ਗਿਆ। ਜਦ ਮੇਰੀ ਅੱਖ ਖੁਲ੍ਹੀ ਤਾਂ ਕੀ ਡਿੱਠਾ ਕਿ ਘੜੀ ਦੇ ਤ੍ਰੈ ਵਜ ਰਹੇ ਹਨ, ਅਰ ਮੈਨੂੰ ਅਵਾਜ ਪੈ ਰਹੀ ਹੈ ਕਿ ਅੱਜ ਤਾਂ ਸ੍ਰੀ ਕਲਗੀਧਰ ਜੀ ਦਾ ਪੁਰਬ ਦਿਹਾੜਾ ਹੈ, ਅਜ ਦੋ ਵਜੇ ਉੱਠਕੇ ਵਾਰ ਸੁਣਨ ਚੱਲਨਾ ਸੀ, ਛੇਤੀ ਕਰੋ ਤ੍ਰੈ ਵਜ ਰਹੇ ਹਨ। ਮੈਂ ਉੱਠਣਾ ਚਾਹਵਾਂ, ਪਰ ਮੇਰੇ ਲੂੰ ਲੂੰ ਵਿਚ ਓਹ ਸੁਆਦ ਭਰਿਆ ਸੀ ਕਿ ਉਠਣ ਨੂੰ ਜੀ ਨਾ ਕਰੇ।

ਮਿਤ੍ਰੋ! ਇਸ ਸੁਪਨੇ ਨੂੰ ਸਾਂਗੋ ਪਾਂਗ ਆਪ ਦੇ ਪੇਸ਼ ਕਰਦਾ ਹਾਂ, ਕਿਉਂਕਿ ਮੈਨੂੰ ਹੁਕਮ ਸੀ ਕਿ ਮਾਤ ਲੋਕ ਵਿਚ ਆ ਕੇ ਅਗਲਾ ਹਾਲ ਸਾਰਾ ਸੁਣਾ ਦਿਆਂ, ਤੇ ਦੁਹਾਈ ਦੇ ਦਿਆਂ ਕਿ:-

''ਇਕੁ ਨਾਮੁ ਬੋਵਹੁ ਬੋਵਹੁ
ਮਤੁ ਭਰਮਿ ਭੂਲਹੁ ਭੂਲਹੁ
ਅਨ ਰੁਤਿ ਨਾਹੀ ਨਾਹੀ''

ਹੇ ਮਿਤ੍ਰੋ! ਮੌਤ ਨਾਸ ਨਹੀਂ ਹੈ, ਪਰ ਦਸ਼ਾ ਪਲਟਦੀ ਹੈ। ਅੱਗਾ ਜਰੂਰ ਹੈ, ਸੱਚ ਹੈ, ਅਰ ਸੁਖਦਾਈ ਹੈ। ਵਿਕਾਰਾਂ ਦਾ ਪਿਆਰ ਮਾਯਾ ਦੇ ਜਾਲ ਹਨ। ਸੰਸੇ ਪੈਦਾ ਹੋਣੇ ਮਾਯਾ ਰੂਪੀ ਤੇਂਦਵੇ ਦੀਆਂ ਤਾਰਾਂ ਹਨ, ਇਸ ਤੋਂ ਛੁਟਕਾਰਾ ਅਪਨੇ ਸ਼ਿਵ ਸਰੂਪ ਦੀ ਪਛਾਣ ਅਰਥਾਤ ਅਪਨੇ ਆਤਮਾਂ ਦੀ ਸਮਝ ਹੈ ਅਰ ਉਸ ਦੀਵੇ ਦੇ ਜਾਗਣ ਨਾਲ ਪ੍ਰਮਾਤਮਾ ਦੀ ਟੋਲ ਤੇ ਪ੍ਰਾਪਤੀ ਨਾਲ ਇਥੋਂ ਮੁਕਤ ਤੇ ਅੱਗੇ ਲਈ ਸਦਾ ਦਾ ਸੁਖ ਹੈ, ਇਹ ਸੱਚ ਹੈ, ਇਹ ਰਸਤਾ ਹੈ।

ਤੁਹਾਨੂੰ ਪਤਾ ਹੈ ਕਿ ਸੰਸਾਰ ਦੇ ਵਿਕਾਰੀ ਲੋਕ 'ਮਦ' ਨਾਲ ਤੇ ਵਿੱਦਿਆ ਦੇ ਹੰਕਾਰੀ ਲੋਕ 'ਮਤਸਰ' ਨਾਲ ਹਾਥੀ ਬਣ ਰਹੇ ਹਨ, ਤੇ ਮਾਯਾ ਵਿਕਾਰਾਂ ਤੇ ਹੁੱਜਤਾਂ ਦੀਆਂ ਕਠੋਰ ਤਾਰਾਂ ਫੈਲਾ ਕੇ ਇਸ ਹਾਥੀ ਨੂੰ ਫਸਾ ਰਹੀ ਹੈ, ਤੇ ਜਦ ਇਹ ਅਪਨੀ ਤਬਾਹੀ ਤੋਂ ਜਾਣੂੰ ਹੋਕੇ ਦੁਹਾਈ ਦੇਂਦਾ ਹੈ ਤਦ ਇਸ ਦਾ ਸ਼ਿਵ ਸਰੂਪ ਜਾਗਦਾ ਹੈ, ਉਸ ਜਾਗੇ ਪਰ ਫਸੇ ਹੋਏ ਸ਼ਿਵ ਸਰੂਪ ਦੀ ਪ੍ਰੇਮ ਦੀ ਪੁਕਾਰ ਸੁਣਕੇ ਅਕਾਲ ਪੁਰਖ ਜੀ ਮਾਯਾ ਦੇ ਫੰਧ ਕੱਟਕੇ ਇਸ ਨੂੰ ਆਤਮ ਸੁਖ ਦੇ ਪੁਸ਼ਪ ਬਬਾਨ

ਤੇ ਚੜ੍ਹਾਕੇ ਸੰਚਖੰਡ ਵਿਚ ਲੈ ਜਾਂਦੇ ਹਨ। ਇਸ ਅਵੱਸਥਾ ਨੂੰ ਇਸੇ ਅਲੰਕਾਰ ਵਿਚ ਸ੍ਰੀ ਗੁਰੂ ਜੀ ਵਰਨਣ ਕਰਦੇ ਹਨ:-

'ਜਿਉ ਕੁੰਚਰ ਤੰਦੂਏ ਪਕਰ ਚਲਾਇਓ
ਕਰ ਊਪਰ ਕਢ ਨਿਸਤਾਰੇ'

ਮਾਯਾ ਤੇਂਦੂਆਂ ਹੈ, ਇਸ ਦੀਆਂ ਤਾਰਾਂ ਦੋ ਪ੍ਰਕਾਰ ਦੀਆਂ ਹਨ, ਇੱਕ ਤਾਂ ਵਿਕਾਰਾਂ ਦੀਆਂ ਹਨ (ਮਾਯਾ ਦੇ ਰੰਗਾਂ ਵਿਚ ਫਸਨਾ) ਦੂਸਰੇ ਸੰਸੇ ਦੀਆਂ ਹਨ (ਵਿਦਯਾ ਪਾ ਕੇ ਸੰਸਿਆਂ ਵਿਚ ਰੁੜ੍ਹਨਾ) ਜੀਵ ਦਾ ਮਨ ਹਾਥੀ ਹੈ (ਮਨ ਤੋਂ ਮੈਗਲ ਹੋ ਰਿਹਾ) ਸੋ ਇਸ ਤੇਂਦੂਏ ਦੀਆਂ ਤਾਰਾਂ ਵਿਚ ਫਸਿਆ ਹੈ। ਉਪਰ ਕਹੀ ਜੁਗਤ ਨਾਲ ਛੁਟਕਾਰਾ ਪਾਂਦਾ ਹੈ। ਪਿਆਰਿਓ! ਹੁਣ ਅੱਜ ਗੁਰਪੁਰਬ ਹੈ, ਕਲਗੀਧਰ ਜੀ ਦਾ ਅਵਤਾਰ ਹੈ, ਅੱਜ ਕੋਣੇ ਬੈਠ ਕੇ ਵਿਚਾਰ ਕਰ ਲਓ ਕਿ ਇਸੇ ਤੇਂਦੂਏ ਦੇ ਫੰਧ ਵਿਚ ਮਰਨਾ ਹੈ ਕਿ ਅਕਾਲ ਪੁਰਖ ਦੀ ਗੋਦ ਵਿਚ ਸਮਾਣਾ ਹੈ?

# ੯. ਖੇੜਾ ਨੌਵਾਂ

(ਸੰ: ੪੩੯ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾਂ)

## ੧. ਕੀਰਤ ਮੂਰਤੀ

ਅੱਜ ਕੀ ਹੈ? ਆਪ ਕਹੋਗੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਾ ਗੁਰਪੁਰਬ। ਤਦ ਅੱਜ ਕੁਦਰਤੀ ਇੱਛਾ ਇੱਕ ਸਿੱਖ ਦੀ ਏਹ ਹੈ, ਕਿ

ਗੁਰੂ ਜੀ ਦੇ ਦਰਸ਼ਨ ਕਰੀਏ।

ਆਓ ਮਿੱਤ੍ਰ ਅੱਜ ਦਰਸ਼ਨ ਕਰੀਏ। ਦੇਖੋ ਅੱਜ ਸਭ ਪਾਸਿਓਂ ਇਹੋ ਅਵਾਜ਼ ਆ ਰਹੇ ਹਨ–

ਮੈਂ ਤੱਕਦੀ ਰਾਹਾਂ ਤੇਰੀਆਂ, ਪਾ ਜੋਗੀ ਵਾਲੀ ਫੇਰੀਆਂ।
ਮੈਂ ਰੋ ਰੋ ਹਾਲ ਵੰਞਾਲਿਆ, ਹੁਣ ਆ ਮਿਲ ਕਲਗੀ ਵਾ:।

ਕਿਤੋਂ ਏਹ ਲਹਰਾ ਆਵੰਦਾ ਹੈ :–

'ਅੱਜ ਸਾਨੂੰ ਮਿਲਿਆ ਜੀ,
ਮਿਲਿਆ ਗੋਬਿੰਦ ਸਿੰਘ ਪਯਾਰਾ'।

ਮਿਲਨ ਦੀ ਇੱਛਾ ਤੇ ਸਿੱਕ ਸਭ ਪਾਸੇ ਹੈ, ਆਓ ਅੱਜ ਅਸੀਂ ਬੀ ਦਰਸ਼ਨ ਕਰੀਏ ਤੇ ਆਪ ਨੂੰ ਕਰਾਈਏ। ਪਰ ਕੀ ਸਤਿਗੁਰੂ ਦੇ 'ਸਹਜ ਕੀ ਅਕਥ ਕਥਾ ਹੈ ਨਿਰਾਰੀ' ਵਾਲੇ ਦਰਸ਼ਨ ਸਾਨੂੰ ਹੋ ਸਕਦੇ ਹਨ ? ਨਹੀਂ। ਕਿਉਂਕਿ ਸਾਡੇ ਵਿਚ ਹਉਮੈ ਦਾ ਅਭਾਵ ਤੇ ਆਤਮ ਪ੍ਰੇਮ ਨਹੀਂ ਹੈ। ਕਿਆ ਸਾਨੂੰ ਗੁਰੂ ਦੇ ਸੂਖਮ ਵਯਕਤੀ ਵਾਲੇ ਦਰਸ਼ਨ ਹੋ ਸਕਦੇ ਹਨ ? ਨਹੀਂ, ਕਿਉਂਕਿ ਸਾਡੇ ਵਿਚ ਸਰਧਾ ਤੇ ਅਨਿੰਨ ਭਗਤੀ ਨਹੀਂ ਹੈ ,। ਕਿਆ ਸ਼ਬਦ ਰੂਪ ਗੁਰੂ ਦੇ ਦਰਸ਼ਨ ਹੋ ਸਕਦੇ ਹਨ? ਨਹੀਂ, ਕਿਉਂਕਿ ਸਾਡੇ ਵਿਚ ਵੈਰਾਗ ਤੇ ਬਾਣੀ ਦਾ ਅਭਯਾਸ ਨਹੀਂ ਹੈ। ਫਿਰ ਕੇਹੜੇ ਦਰਸ਼ਨ ਹਨ, ਜੋ ਆਪ ਸਾਨੂੰ ਅੱਜ ਕਰਾਂਵਦੇ ਹੋ ? ਮਿੱਤ੍ਰ ਜਨੋਂ ! ਅਸੀਂ ਆਪਨੂੰ ਅੱਜ ਓਹ ਦਰਸ਼ਨ ਕਰਾਵਦੇ ਹਾਂ ਕਿ ਜੋ ਆਪ ਕੇਵਲ ਹੇਠਲੀਆਂ ਸਤਰਾਂ ਨੂੰ ਧਯਾਨ ਨਾਲ ਪੜ੍ਹਦੇ ਪੜ੍ਹਦੇ ਕਰ ਲਓ, ਜਿਨ੍ਹਾਂ ਦਰਸ਼ਨਾਂ ਲਈ ਕੇਵਲ ਅਕਲ ਨੂੰ ਉਸ ਪਾਸੇ ਲਾਣ ਦੀ ਲੋੜ ਹੈ। ਤੁਸੀਂ ਸ੍ਰੀ ਗੁਰੂ ਗੋਬਿੰਦ ਜੀ ਨੂੰ 'ਗੁਰੂ' ਕਰਕੇ ਆਖਦੇ ਹੋ ਆਓ ਪਹਿਲੇ ਵੇਖੀਏ ਕਿ 'ਗੁਰੂ' ਦਾ ਝਾਕਾ ਕੀਹ ਹੈ ?

ਗੁਰੂ–ਸੰਸਾਰ ਦਾ ਰਚਨਹਾਰ ਹੀ 'ਗੁਰੂ' ਹੈ। ਕਿਉਂਕਿ ਸੰਸਾਰ ਦਾ ਰਚਨਹਾਰ, ਉਸ ਰਚਨਾਂ ਵਿਚ ਬੁਧੀ ਦਾ ਸਿਰਜਨਹਾਰ ਅਰ ਬੁਧੀ ਵਿਚ ਸੁਤੇ ਸਿੱਖਯਾ ਅਰ ਉਸ ਬੁਧੀ ਵਿਚ ਵਿਸ਼ੇਸ਼ ਸਿੱਖਯਾ ਸਿੱਖਣ ਦਾ ਮਾਦਾ ਪੈਦਾ ਕਰਨ

ਵਾਲਾ ਹੈ। ਜੇ ਪਰਮੇਸੁਰ ਬੁਧੀ ਹੀ ਨਾ ਦੇਵੇ ਜਾਂ ਬੁਧੀ ਵਿਚ ਸਿੱਖਣ ਦਾ ਮਾਦਾ ਹੀ ਨਾਂ ਪਵੇ , ਯਾ ਪਾ ਕੇ ਕੁਛ ਵਿਘਨ ਕਰ ਦੇਵੇ ਤਦ ਸਿੱਖਯਾ ਦੇਣ ਵਾਲੇ ਕੁਛ ਨਹੀਂ ਕਰ ਸਕਦੇ। ਇਸ ਲਈ ਆਦਿ ਗੁਰੂ ਅਕਾਲ ਪੁਰਖ ਹੈ ਜੋ ਬੁਧੀ ਅਰ ਬੁਧੀ ਵਿਚ ਉੱਨਤ ਹੋਣ ਦਾ ਮਾਦਾ ਪੈਦਾ ਕਰਕੇ ਪੁਰਖ ਨੂੰ ਪੀੜਾ, ਤੇ ਪ੍ਰਸੰਨਤਾਈਆਂ ਦੇ ਤਜਰਬਿਆਂ ਤੋਂ ਸੱਚੀ ਸਿੱਖਯਾ ਪ੍ਰਦਾਨ ਕਰਾਂਦਾ ਹੈ , ਜੋ ਟਿਕੇ ਮਨਾਂ ਨੂੰ ਅਨੁਭਵ ਦੁਆਰਾ ਸਿੱਖਯਾ ਦੇਦਾ ਹੈ , ਅਰ ਜੋ ਜਗਯਾਸੂਆਂ ਨੂੰ ਆਪਣੇ ਸੁਸਿਖਯਤ ਪਯਾਰਿਆਂ ਦੇ ਰਸਤੇ ਸਿੱਖਯਾ ਦੇਂਦਾ ਹੈ, ਜੋ ਦੁਨੀਆਂ ਨੂੰ ਅਵਤਾਰਾਂ ਅਰਥਾਤ ਪੈਗਬਰਾਂ ਅਤੇ ਰੀਫਾਰਮਰਾਂ ਅਰਥਾਤ ਸੁਧਾਰ ਕਰਤਿਆਂ ਦੀ ਮਾਰਫਤ ਸਿੱਖਯਾ ਦੇਂਦਾ ਹੈ। ਸੁਧਾਰ ਕਰਤੇ ਤੇ ਅਵਤਾਰਾਂ ਦੀ ਸਿੱਖਯਾ ਉਥੋਂ ਤਾਈਂ ਲਿਜਾਂਦੀ ਹੈ ਕਿ ਜਿਥੇ ਜਾ ਕੇ ਅੰਤਹਕਰਨ ਸੁਧ ਹੋ ਕੇ ਵਾਹਿਗੁਰੂ ਦੇ ਅਨਭਵ ਤੋ ਸਿੱਧੀ ਸਿੱਖਯਾ ਪਾਣ ਲੱਗ ਜਾਵੇ। ਤਾਂ ਤੇ ਗੁਰੂ ਅਵਸਥਾ ਆਦਿ ਰੂਪ ਕਰਕੇ ਅਕਾਲ ਪੁਰਖ ਵਿਚ ਹੀ ਪੂਰਨ ਹੈ, ਪਰ ਅਵਤਾਰਾਂ ਦੇ ਸੁਧਾਰ ਕਰਤਿਆਂ ਨੂੰ ਇਕ ਖਾਸ ਹੱਦ ਤਕ ਸ਼ਕਤੀ ਹੁੰਦੀ ਹੈ ਜਿਸ ਨਾਲ ਓਹ ਬੁਧ ਸੰਯੁਕਤਾ ਨੂੰ ਸਿੱਖਯਾ ਦੇਕੇ ਉੱਨਤ ਕਰਦੇ ਹਨ। ਪਰ ਅਵਤਾਰ ਦੇ ਸੁਧਾਰ ਕਰਤੇ ਆਪ ਬੀ 'ਗੁਰੂ' ਦੇ ਮੁਥਾਜ ਹੋਏ, ਅਰ ਗੁਰੂ ਤੋਂ ਸਿੱਖਯਾ ਪਾ ਕੇ ਉਪਦੇਸ਼ ਕੀਤੇ । ਪਰੰਤੂ ਗੁਰੂ ਪਦ ਜੋ ਸਤਗੁਰਾਂ ਨੂੰ ਮਿਲਿਆ, ਇਹ ਅਵਤਾਰ ਸਿਰੋਮਣ ਇਸ ਕਰਕੇ ਹੈ ਕਿ ਇਨ੍ਹਾਂ ਨੂੰ ਗੁਰੂ ਦੀ ਲੋੜ ਨਹੀਂ ਪਈ, ਅਕਾਲ ਪੁਰਖ ਨੇ ਆਪ ਗੁਰੂ ਹੋ ਕੇ ਸਿਧਾ ਅਨੁਭਵ ਦੁਆਰਾ ਇਨ੍ਹਾਂ ਨੂੰ ਸੁਸਿਖਯਤ ਕਰਕੇ ਭੇਜਿਆ। ਇਸ ਕਰਕੇ ਗੁਰੂ ਨਾਨਕ ਜੀ ਨੇ ਕਿਹਾ:—

''ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ''।

ਵੇਈਂ ਵਿਚ ਪ੍ਰਵੇਸ਼, ਸੋਦਰ ਤੇ ਆਰਤੀ ਦਾ ਉਚਾਰ ਸਭ ਵਾਹਿਗੁਰੂ ਦੇ ਗੁਰੂ ਹੋਣ ਵਿੱਚ ਹੈ। ਇਸ ਕਰਕੇ ਉਨ੍ਹਾਂ ਨੇ ਅਕਾਲ ਪੁਰਖ ਦਾ ਨਾਮ 'ਵਾਹਿਗੁਰੂ' ਰੱਖਯਾ। ਸੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਗੁਰੂ ਦਾ ਪਤਾ ਆਪ ਦੇਂਦੇ ਹਨ—

''ਆਦਿ ਅੰਤ ਏਕੈ ਅਵਤਾਰਾ।

ਸੋਈ ਗੁਰੂ ਸਮਝੀਅਹੁ ਹਮਾਰਾ''

ਫਿਰ ਗੁਰੂ ਪਦ ਵਿਚ ਵਾਹਿਗੁਰੂ ਦੀ ਅਤਯੰਤ ਸਮੀਪਤਾ ਯਾ ਅਭੇਦਤਾ ਪਰ ਵਾਹਿਗੁਰੂ ਦਾ ਵਾਕ ਆਪ ਫੁਰਮਾਂਦੇ ਹਨ–

''ਮੈਂ ਅਪਨਾ ਸੁਤ ਤੋਹਿ ਨਿਵਾਜਾ
ਪੰਥ ਪ੍ਰਚੁਰ ਕਰਬੇ ਕਹੁ ਸਾਜਾ''।

ਇਨ੍ਹਾਂ ਅਰ ਹੋਰ ਵਾਕਾਂ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਜੀ ਸਿੱਧੇ ਅਕਾਲ ਪੁਰਖ ਦੇ ਸਿੱਖ ਸੇ ਅਰ ਉਸਦੇ ਥਾਪੇ ਹੋਏ ਸੰਸਾਰ ਦੇ ਗੁਰੂ ਸੇ। ਹੁਣ ਉਨ੍ਹਾਂ ਦੇ ਗੁਰੂ ਪਦ ਦਾ ਕਰਤਵ ਵੇਖੀਏ। ਗੁਰੂ ਉਹ ਹੈ ਜੋ ਜੀਵ ਨੂੰ ਸੁਧਾਰਕੇ, ਸਾਧਕੇ, ਵਾਹਿਗੁਰੂ ਦਾ ਸ਼ਬਦ ਪ੍ਰਦਾਨ ਕਰਕੇ ਸਿਰਜਨਹਾਰ ਨਾਲ ਮਿਲਾ ਦੇਵੇ। ਇਹ ਕਰਤੱਵ ਨੌਵੇਂ ਗੁਰੂ ਜੀ ਕਰਦੇ ਆਏ ਅਰ ਦਸਵੇਂ ਗੁਰੂ ਜੀ ਨੇ ਕੀਤੇ। ਬਾਲਪਣੇ ਵਿਚ ਹੀ ਗੱਦੀ ਬਿਰਾਜਕੇ ਉਪਦੇਸ਼ ਸ਼ੁਰੂ ਕੀਤਾ। ਸੰਗਤਾਂ ਦੇ ਛੌੜ ਕੱਟੇ। ਭਾਈ ਨੰਦ ਲਾਲ ਵਰਗੇ ਅਰਬੀ ਫਾਰਸੀ ਦੇ ਆਲਮ, ਅਭਯਾਸੀ, ਸੂਫੀ ਮਤ ਦੇ ਜਾਣੂੰ, ਸਾਰੇ ਜਹਾਨ ਦੇ ਸੁਧਾਰ ਕਰਤਿਆਂ ਨੂੰ ਵੇਖਕੇ ਅਵਤਾਰਾਂ ਦੇ ਮੱਤਾਂ ਨੂੰ ਖੋਜਕੇ, ਪੈਗ਼ਬਰਾਂ ਦੇ ਪੁਸਤਕ ਪੜਤਾਲ ਕੇ ਸ਼ਾਂਤ ਨਾਂ ਹੋਏ। ਠੰਢ ਜੋ ਪਈ ਤਦ ਪੂਰੇ ਸਤਿਗੁਰੂ ਜੀ ਕਲਗੀਧਰ ਨੇ ਪਾਈ। ਓਹ ਸਾਂਈਂ ਦੇ ਅਗੰਮ ਦਾ ਦਰਵਾਜ਼ਾ ਇਨ੍ਹਾਂ ਨੇ ਖੋਲਿਆ। ਸਾਹਿਬ ਰਾਮਕੌਰ ਵਰਗੇ ਪੰਡਤ ਇਸ ਦਰੋਂ ਆ ਕੇ ਠਰੇ। ਭਾਈ ਘਨੱਯਾ ਆਦਿਕ ਬ੍ਰਹਮ ਗਯਾਨੀ ਅੰਤਰ ਗਿਆਨ ਤੋਂ ਏਥੇ ਆ ਕੇ ਠੰਢੇ ਹੋਏ। ਗੁਰੂ ਜੀ ਜ਼ਬਾਨੀ ਗੁਰੂ ਨਾਂ ਸੇ, ਪਰ ਗੁਰੂ ਜੀ ਲਈ ਸਿੱਖ ਜਾਨਾਂ ਦੇਂਦੇ ਤੇ ਸੀਸ ਭੇਟ ਕਰਦੇ ਸੇ। ਇਕੇਰਾਂ ਡੱਲੇ ਨੇ ਆਪਣੀ ਫੌਜ ਦੇ ਪਯਾਰ ਦੀ ਮਹਿੰਮਾ ਕਹੀ। ਗੁਰਾਂ ਨੇ ਕਿਹਾ ਜਾਹ ਕੋਈ ਆਦਮੀ ਲਿਆ ਜਿਸਨੂੰ ਅਸੀ ਆਪਨੀ ਨੰਵੀਂ ਬੰਦੂਕ ਦਾ ਨਿਸ਼ਾਨਾ ਬਣਾਈਏ। ਡੱਲੇ ਦੀ ਸਾਰੀ ਫੌਜ ਖਿਸਕ ਗਈ। ਪਰ ਗੁਰਾਂ ਦੇ ਦੋ ਸਿੱਖ ਸੁਣਦੇ ਸਾਰ ਹੀ ਦੌੜੇ ਆਏ। ਦੋਵੇਂ ਕਹਿਣ ਕਿ ਮੈਨੂੰ ਮਾਰੋ। ਇਸ ਤੋਂ ਸਾਫ ਪ੍ਰਗਟ ਹੈ ਕਿ ਗੁਰੂ ਸ਼ਕਤੀ ਨੇ ਸਿੱਖਾਂ ਨੂੰ ਕਿਥੋਂ ਤਕ ਖਿੱਚ ਲਿਆ ਹੋਯਾ ਸੀ। ਇਹ ਕੋਈ ਮਾਮੂਲੀ ਗੱਲ ਨਹੀਂ ਸੀ। ਗੁਰੂ

ਦੀ ਸ਼ਬਦ ਦੀ ਦਾਤ ਨੇ ਸਿੱਖਾਂ ਨੂੰ ਸ਼ਬਦ ਵਿਚ ਪ੍ਰੋਕੇ ਗੁਰੂ ਦੇ ਚਰਨਾਂ ਵਿਚ ਲੀਨ ਕਰ ਰੱਖਯਾ ਹੋਯਾ ਸੀ। ਪਿਛਲੇ ਗੁਰੂ ਨਿਜ ਨੂੰ ਅੰਮ੍ਰਿਤ ਛਕਾਯਾ, ਮੰਤ੍ਰ ਦਿੱਤਾ। ਗੋਯਾ ਗੁਰੂਪਣੇ ਦਾ ਅਧਕਾਰ ਜੋ ਵਾਹਿਗੁਰੂ ਵਲੋਂ ਪ੍ਰਾਪਤ ਸੀ ਪੂਰਾ ਵਰਤਿਆ, ਪਰ ਸੰਗਤ ਵਿੱਚ ਜੋ ਵਾਹਿਗੁਰੂ ਦਾ ਅਸਲ ਵੈਰਾਟ ਰੂਪ ਦੇਖਦੇ ਸਨ ਉਸਨੂੰ ਵੱਡਾ ਸਮਝਦੇ ਸਨ। ਇਸ ਲਈ ਪੰਜਾਂ ਦੀ ਸੰਗਤ ਬਣਾਕੇ ਆਪ ਅੰਮ੍ਰਿਤ ਛਕ ਕੇ ਦਿਖਾ ਦਿੱਤਾ ਕਿ ਅਸਲ ਗੁਰੂ ਮੈਂ ਹਾਂ। ਜੋ ਇਕ ਇਕ ਸਿੱਖ ਜਾਣ ਕੇ ਅੰਮ੍ਰਤ ਬਖਸ਼ਦਾ ਹਾਂ, ਪਰ ਇਕ ਇਕ ਦੇ ਸਮੂਹ ਅਰਥਾਤ:

ਇਕ ਸਿੱਖ ਦੋਇ ਸਾਧ ਸੰਗ, ਪੰਜੀਂ ਪਰਮੇਸ਼ਰ।

ਪੰਜਾਂ ਵਿੱਚ ਪ੍ਰਮੇਸ਼ਰ ਦਾ ਰੂਪ ਵੇਖਕੇ ਗੁਰਸਿੱਖੀ ਵਾਲਾ ਨਾਤਾ ਕਰਦਾ ਹਾਂ। ਗੁਰੂ ਜੀ ਨੇ ਗੁਰੂ ਪਦ ਵਿੱਚ ਨਾਮ ਦਾ ਓਹ ਛਟਾ ਦਿੱਤਾ ਜੋ ਪਹਿਲੇ ਗੁਰੂ ਜੀ ਦੇਦੇ ਰਹੇ ਸੇ। ਬਾਣੀ ਉਹ ਸ਼ਾਂਤ ਮਈ ਰਚੀ, ਕਿ ਆਦਿ ਗੁਰਾਂ ਦੀ ਬਾਣੀ ਵਿੱਚ ਰਲੀ ਪਛਾਣੀ ਨਹੀਂ ਜਾ ਸਕਦੀ। ਉਸ ਬਾਣੀ ਵਿੱਚ ਕੇਵਲ ਇਕ ਵਾਹਿਗੁਰੂ ਦਾ ਪਯਾਰ ਦ੍ਰਿੜ੍ਹ ਕਰਾਯਾ। ਅਵਤਾਰਾਂ ਵਿੱਚ ਲੇਸ਼ ਅਵਿੱਦਯਾ ਰੈਹ ਜਾਂਦੀ ਹੈ , ਅਰ ਉਹ ਮੈਂ ਮੈਂ ਕਰਨ ਲਗ ਜਾਂਦੇ ਹਨ। ਸ੍ਰੀ ਗੁਰੂ ਜੀ ਗੁਰੂ ਸੇ, ਉਨ੍ਹਾਂ ਮੈ ਮੈਂ ਨਹੀਂ ਕੀਤੀ, ਡੰਕੇ ਦੀ ਚੋਟ ਲੋਕਾਂ ਨੂੰ ਸਚਾ ਸਾਧਨ ਦਸਿਆ:—

''ਸਾਚ ਕਹੂੰ ਸੁਨ ਲੇਹੁ ਸਭੈ ਜਿਨ ਪ੍ਰੇਮ
ਕੀਓ ਤਿਨ ਹੀ ਪ੍ਰਭ ਪਾਇਓ ''।

ਅਪਨੀ ਅਤੀਤਤਾ ਕਹਿਕੇ ਦਿਖਾ ਦਿੱਤੀ:—

'ਜੋ ਹਮ ਕੋ ਪ੍ਰਮੇਸ਼ਰ ਉਚਰਿ ਹੈ।
ਤੇ ਸਭ ਨਰਕ ਕੁੰਡ ਮੈਂ ਪਰਿ ਹੈ'।
'ਮੈਂ ਹੂੰ ਪਰਮ ਪੁਰਖ ਕੋ ਦਾਸਾ।
ਦੇਖਨ ਆਇਓ ਜਗਤ ਤਮਾਸਾ'।

ਅਵਤਾਰ— ਦੂਸਰਾ ਦਰਸ਼ਨ ਸਤਿਗੁਰਾਂ ਦੇ ਅਵਤਾਰ ਹੋਣ ਦਾ ਹੈ। ਜੋ

ਤਾਂ ਇਹ ਕਿਹਾ ਜਾਵੇ ਕਿ ਪ੍ਰੇਮੇਸੁਰ ਮਨੁਖ ਜੂਨ ਵਿਚ ਪੈ ਕੇ ਗੁਰੂ ਗੋਬਿੰਦ ਸਿੰਘ ਬਣ ਗਿਆ, ਤਦ ਉਨ੍ਹਾਂ ਦੇ ਵਾਕ ਦੇ ਵਿਰੁਧ ਹੈ ਪਰ:—

''ਗੁਰ ਨਾਨਕ ਦੇਵ ਗੁਵਿੰਦ ਰੂਪ''

ਦੇ ਵਾਕ ਅਨੁਸਾਰ ਗੁਰੂ ਸਾਹਿਬ ਅਵਤਾਰ ਸਨ। ਅਵਤਾਰ ਦਾ ਅਰਥ ਇਹ ਕਿ ਜੋ ਵਾਹਿਗੁਰੂ ਦਾ ਪਿਆਰਾ ਸਚਖੰਡ ਤੋਂ ਮਾਤ ਲੋਕ ਵਿਚ ਅਵਤਰੇ। ਐਸੇ ਆਵਣ ਵਾਲੇ ਦਾ ਪ੍ਰਯੋਜਨ ਸੰਸਾਰ ਦੀ ਕਲਯਾਨ ਹੁੰਦਾ ਹੈ, ਯਾ ਖਾਸ ਬਿਪਤਾ ਹੁੰਦੀਆਂ ਹਨ, ਯਾ ਖਾਸ ਧਰਮ ਦੀ ਗਿਲਾਨੀ ਪੈਦਾ ਹੋ ਜਾਂਦੀ ਹੈ, ਉਸ ਦੇ ਦੂਰ ਕਰਨ ਲਈ ਕੋਈ ਪੂਰਨ ਪੁਰਸ਼ ਪ੍ਰਗਟ ਹੁੰਦਾ ਹੈ, ਉਸਦਾ ਪ੍ਰਯੋਜਨ ਉਸ ਵਕਤ ਦੇ ਦੁਖ ਨੂੰ ਦੂਰ ਕਰਨਾ ਖਾਸ ਕਰਕੇ ਹੁੰਦਾ ਹੈ। ਇਹ ਜੋਤ ਜੋ ਗੁਰੂ ਕਹਲਾਈ ਅਵਤਾਰਾਂ ਤੋਂ ਵਾਧਾ ਇਹ ਰੱਖਦੀ ਸੀ ਕਿ ਇਹ ਸੰਸਾਰ ਦਾ ਪਰਮ ਹਨੇਰਾ ਦੂਰ ਕਰਨ ਲਈ ਆਈ ਸੀ।ਕੇਵਲ ਉਸ ਸਮੇਂ ਦੀ ਖਾਸ ਮੁਸ਼ਕਲ ਦੂਰ ਕਰਨਾ ਹੀ ਪ੍ਰਯੋਜਨ ਨਹੀਂ ਸੀ, ਪਰ ਮਨੁਖ ਮਾਤ੍ਰ ਨੂੰ ਸਦਾ ਲਈ ਵਿਸ਼ੇਸ਼ ਗਯਾਨ ਦੇ ਗਹਰੇ ਭੇਤ ਦੱਸਣੇ ਸਨ। ਸੋ ਇਸ ਵਿਸ਼ੇਸ਼ ਕਾਰਜ ਕਰਕੇ ਗੁਰੂ ਸੇ। ਪਰ ਜੋ ਸੁਧਾਰਨ ਅਵਤਾਰ ਦਾ ਧਰਮ ਹੈ ਕਿ ਸਮੇ ਦੀ ਖਾਸ ਔਕੜ ਨੂੰ ਦੂਰ ਕਰੇ, ਅਧਰਮ ਨੂੰ ਵਿਧਵੰਸ ਕਰੇ, ਇਹ ਉਨ੍ਹਾਂ ਦੇ ਅਵਤਾਰ ਦੇ ਅਧਿਕਾਰ ਦਾ ਕੰਮ ਸੀ। ਇਸ ਵੇਲੇ ਜ਼ਾਲਮਾਂ ਨੇ ਰਾਜ ਪਾਕੇ ਪਰਜਾ ਤੇ ਅੱਤਯਾਚਾਰ ਚੁਕਿਆ ਹੋਯਾ ਸੀ, ਅਰ ਸਦੀਆਂ ਤੋਂ ਦੁਖੀ ਪਰਜਾ ਹਾਵੇ ਭਰ ਰਹੀ ਸੀ, ਧਰਮ ਦੇ ਆਗੂ ਅਵਿੱਦਯਾ, ਲਾਲਚ ਅਰ ਧੱਕੇ ਨਾਲ ਜ਼ਾਲਮ ਹੋ ਰਹੇ ਸਨ, ਇਨ੍ਹਾਂ ਤੋਂ ਪਰਜਾ ਰੱਖਯਾ ਕਰਾਣ ਲਈ ਅਵਤਾਰ ਦੀ ਲੋੜ ਸੀ, ਇਸ ਲਈ ਸ੍ਰੀ ਗੁਰੂ ਜੀ ਨੇ ਅਵਤਾਰ ਧਾਰਿਆ, ਅਰ ਇਸੇ ਖਯਾਲ ਪਰ ਉਨ੍ਹਾਂ ਨੂੰ ਆਮ ਤੌਰ ਤੇ ਅਵਤਾਰ ਕਿਹਾ ਜਾਂਦਾ ਹੈ। ਸ੍ਰੀ ਗੁਰੂ ਜੀ ਨੇ ਆਪਣੇ ਵਕਤ ਵਿਚ ਓਹ ਸਾਮਾਨ ਪੈਦਾ ਕੀਤਾ ਕਿ ਜਿਸ ਕਰਕੇ ਸਮੇਂ ਦਾ ਕਲੇਸ਼ ਪੂਰੀ ਤਰਾਂ ਨਵਿਰਤ ਹੋਵੇ। ਜ਼ੁਲਮ, ਪਾਪ, ਅੰਧੇਰ ਦਾ ਨਾਸ ਕੀਤਾ। ਇਸ ਕਾਰਜ ਦੇ ਕਰਨ ਵਿੱਚ ਸ੍ਰੀ ਗੁਰੂ ਜੀ ਨੇ ਦੋ ਤਰ੍ਹਾਂ ਨਾਲ ਕਾਰਜ ਕਰਨਾ ਸੀ, ਇਸ ਕਰਕੇ ਉਨ੍ਹਾਂ ਦੇ ਦੋ ਹੋਰ ਪਦ ਪੈਦਾ ਹੋਏ, ਇਕ 'ਸੁਧਾਰ ਕਰਤਾ', ਦੂਸਰੇ 'ਜੋਧਾ'।

ਸੁਧਾਰ ਕਰਤਾ– ਜੈਸੇ ਪੂਰਨ ਗੁਰੂ ਸੇ, ਵੈਸੇ ਹੀ ਸ੍ਰੀ ਗੁਰੂ ਜੀ ਪੂਰਨ ਸੁਧਾਰ ਕਰਤਾ ਸੇ। ਸੁਧਾਰ ਕਰਤਾ ਉਸ ਨੂੰ ਕਹਿੰਦੇ ਹਨ, ਜੋ ਆਪਣੇ ਸਮੇਂ ਆਪਣੇ ਇਰਦ ਗਿਰਦ ਦੇ ਲੋਕਾਂ ਵਿਚੋਂ ਪ੍ਰਚਲਤ ਕੁਰੀਤੀਆਂ ਦੂਰ ਕਰੇ ਅਰ ਸੁਰੀਤੀਆਂ ਨੂੰ ਫੈਲਾ ਦੇਵੇ। ਕਿਉਂਕਿ ਸ੍ਰੀ ਗੁਰੂ ਜੀ ਗੁਰੂ ਸੇ ਅਰ ਅਵਤਾਰ ਸੇ, ਐਸਾ ਹੋਣ ਕਰਕੇ ਨਿਰੋਲ ਪ੍ਰੇਮੀ ਸੇ, ਸੋ ਆਪ ਐਸਾ ਤ੍ਰੀਕਾ ਅਖਤਯਾਰ ਕਰਕੇ ਸੁਧਾਰ ਕਰਤਾ ਬਣੇ ਕਿ ਧੱਕੇ ਨਾਲ ਕਿਸੇ ਨੂੰ ਨਹੀਂ ਸੁਧਾਰਿਆ, ਪ੍ਰੇਮ ਨਾਲ ਸਾਫ ਕੀਤਾ ਹੈ। ਉਨ੍ਹਾਂ ਦੇ ਉਪਦੇਸ਼ ਵਿਚ ਐਸੀ ਸ਼ਕਤੀ ਸੀ, ਕਿ ਜੀਵਨ ਨੂੰ ਪਲਟਾ ਦੇਂਦੀ ਸੀ, ਉਨ੍ਹਾਂ ਦੇ ਦਰਸ਼ਨ ਵਿਚ ਓਹ ਖਿੱਚ ਸੀ ਕਿ ਜੀਵ ਉਨ੍ਹਾਂ ਦਾ ਪ੍ਰੇਮੀ ਹੋ ਕੇ ਉਨ੍ਹਾਂ ਦੇ ਵਾਕਾਂ ਤੋਂ ਬਾਹਰ ਤੁਰਨ ਦੀ ਦਲੇਰੀ ਨਹੀਂ ਕਰ ਸਕਦਾ ਸੀ। ਉਥੇ ਇਹ ਲੋੜ ਨਹੀਂ ਸੀ ਪੈਂਦੀ ਕਿ ਸਿੱਖ ਘਾਉਲੀ ਹੈ ਕੱਢ ਦਿਓ, ਨਹੀ ਸਿੱਖਾਂ ਵਿਚ ਤਾਬ ਨਹੀਂ ਸੀ ਕਿ ਆਖਾਂ ਨਾਂ ਮੰਨਦੇ। ਇਹ ਉਨ੍ਹਾ ਦੇ ਪ੍ਰੇਮ ਅਰ ਉਪਦੇਸ਼ ਦਾ ਪ੍ਰਭਾਵ ਸੀ। ਇਸੇ ਕਰਕੇ ਉਨ੍ਹਾਂ ਦਾ ਸੁਧਾਰ ਗੈਹਰਾ ਅਸਰ ਵਾਲਾ ਅਰ ਪੱਕੀ ਤਾਸੀਰ ਵਾਲਾ ਸੀ, ਆਪਣੇ ਵਕਤ ਵਿਚ ਸੁਧਰੇ ਹੋਏ ਲੋਕਾਂ ਦੀ ਗਿਣਤੀ ਗੁਰੂ ਸਾਹਿਬ ਨੇ ਅੱਧੇ ਕ੍ਰੋੜ ਤੇ ਵਧੀਕ ਕਰ ਦਿੱਤੀ ਸੀ। ਅਰ ਆਮ ਲੋਕ ਜੋ ਤਾਸੀਰ ਪਾ ਗਏ, ਅਨੇਕ ਸਨ, ਅੱਜ ਤੱਕ ਉਨ੍ਹਾਂ ਦੇ ਸੁਧਾਰ ਦਾ ਆਮ ਅਸਰ ਪੰਜਾਬ ਵਿਚ ਹੈ। ਚੌਂਕੇ ਦੀ ਛੂਤ, ਜ਼ਾਤ ਨਾਂ ਹੋਣੀ, ਜ਼ਾਤਾਂ ਦੇ ਮਿਲਵਰਤਣ, ਵਿਧਵਾ ਦੇ ਵਿਆਹ ਦੀ ਖੁੱਲ੍ਹ, ਹਿੰਦੂ ਮੁਸਲਮਾਨ ਦਾ ਇੱਕੋ ਪਰਮੇਸ਼ਰ ਦਾ ਨਾਂ ਲੈਣਾ, ਦਇਆ ਦਾਨ, ਸਫਾ ਦਿਲੀ ਪੰਜਾਬ ਵਿਚ ਗੁਰੂ ਸਾਹਿਬਾਂ ਦੀ ਮੇਹਨਤ ਦਾ ਫਲ ਹਨ, ਹੁਣ ਵਲੈਤ ਹੋ ਆਏ ਬੰਗਾਲੀ ਨੂੰ ਬੰਗਾਲੀ ਛੇਕ ਦੇਂਦੇ ਹਨ, ਪਰ ਪੰਜਾਬੀ ਕੁਛ ਵਿਚਾਰ ਨਹੀਂ ਕਰਦੇ, ਤ੍ਰੀਮਤਾਂ ਦੀ ਅਧੋਗਤੀ, ਵਿਧਵਾ ਨਾਲ ਜ਼ੁਲਮ, ਪੰਜਾਬ ਵਿਚ ਓਹ ਨਹੀਂ ਹਨ, ਜੋ ਬੰਗਾਲੇ ਵਿਚ ਹਨ। ਸਤੀ ਦੀ ਰਸਮ ਰੋਕਣੀ, ਧੀ ਮਾਰਨੀ ਬੰਦ ਕਰਨੀ, ਧੀ ਵੇਚਣੀ ਮਨ੍ਹਾਂ ਕਰਨੀ, ਏਹ ਸਾਰੇ ਖਯਾਲ ਪੰਜਾਬ ਵਿਚ ਗੁਰੂ ਸਾਹਿਬਾਂ ਨੇ ਫੈਲਾਏ। ਇਸ ਪਰਕਾਰ ਧਾਰਮਕ ਭਾਈਚਾਰਕ ਵਿੱਦਯਕ ਸੁਧਾਰ ਗੁਰੂ ਜੀ ਨੇ ਐਸੇ ਆਹਲਾ ਕੀਤੇ ਕਿ ਜਿਸਦੀ ਨਜ਼ੀਰ ਨਹੀਂ ਮਿਲ ਸਕਦੀ।

ਜੋਧਾ– ਪਹਿਲੇ ਸਰੂਪ ਗੁਰੂ ਪਦ ਦੇ ਅਧਕਾਰ ਨੂੰ ਕੇਵਲ ਵਰਤਦੇ ਰਹੇ, ਅਰ ਲੋਕਾਂ ਨੂੰ ਪਾਪ ਤੋਂ ਕੱਢ ਕੇ ਵਾਹਿਗੁਰੂ ਨਾਲ ਮੇਲਦੇ ਰਹੇ, ਪਰ ਦੂਸਰਾ ਅਧਕਾਰ ਜੋ ਅਵਤਾਰ ਹੋਣ ਦੀ ਹੈਸੀਅਤ ਵਿਚ ਉਸ ਖਾਸ ਵਕਤ ਦੇ ਸੰਕਟ ਨਿਵਿਰਤ ਕਰਨ ਦਾ ਸੀ, ਜਿਸਦੇ ਦੋ ਸਾਧਨ ਸਨ, ਸੁਧਾਰ ਤੇ ਜੰਗ, ਸੋ ਗੁਰੂ ਜੀ ਕਰਦੇ ਰਹੇ। ਪੈਹਲੇ ਜ਼ਾਲਮ ਮਜਲੂਮ ਦੋਹਾਂ ਨੂੰ ਸਮਝਾਯਾ ਸਿਖਾਯਾ, ਪਰ ਜਦ ਡਿੱਠਾ ਕਿ:–

'ਦੂਹੂੰ ਪੰਥ ਮੈ ਕਪਟ ਬਿਦਯਾ ਚਲਾਨੀ'
ਤਦ ਜਰੂਰ ਹੋਇਆ ਕਿ:–
'ਬਹੁਰ ਤੀਸਰਾ ਪੰਥ ਕੀਜੈ ਪ੍ਰਧਾਨੀ'।

ਜੋ ਲੋਕ ਸੁਧਰ ਚੁਕੇ ਮੈਂ ਉਨ੍ਹਾਂ ਨੂੰ ਪ੍ਰਧਾਨ ਬਣਾ ਕੇ ਇਨਸਾਫ਼ ਦੇ ਪਦ ਪਰ ਲਿਆਉਣ ਦੀ ਲੋੜ ਸੀ। ਇਸ ਕਾਰਜ ਲਈ ਦਵੱਲੀ ਉਪਦੇਸ਼ ਕੀਤੇ, ਪਰ ਜਦ ਲਾਲਚ ਅੱਟਿਆਂ ਨੂੰ ਜ਼ੁਲਮ ਤੋਂ ਟਲਦਿਆਂ ਨਾਂ ਡਿੱਠਾ। ਜਦ ਸਾਫ ਦਿੱਸ ਰਿਹਾ ਸੀ ਕਿ ਪਰਜਾ ਦੀ ਸਦੀਆਂ ਦੀ ਖਿਮਾਂ ਨੇ ਹਾਕਮਾਂ ਵਿੱਚ ਜ਼ੁਲਮ ਨੂੰ ਘਟਾਯਾ ਨਹੀਂ ਤਦ ਕੇਵਲ ਉਪਦੇਸ਼ ਤੋਂ ਛੁੱਟ ਏਸ ਗੱਲ ਦੀ ਬੀ ਲੋੜ ਸੀ ਕਿ ਸਮੱਸਯਾ ਕਰਾਣ ਵਾਲਾ, ਮਜਲੂਮ ਦੀ ਥਾਂ ਆਪਣੀ ਜਾਨ ਪਰ ਖੇਡ ਜਾਏ। ਇਸ ਲਈ ਸਤਿਗੁਰਾਂ ਨੂੰ ਕੁਰਬਾਨੀ ਕਰਨੀ ਤੇ ਸਿਖਲਾਣੀ ਪਈ। ਪਰ ਹਾਰ ਮੰਨਕੇ ਕੁਰਬਾਨ ਹੋਣ ਵਾਲਾ ਜੰਤ੍ਰ ਤਾਂ ਸਦੀਆਂ ਤੋਂ ਵਰਤੀਜ ਰਿਹਾ ਸੀ, ਓਹ ਕਾਰਗਰ ਨਹੀਂ ਸੀ ਹੋਇਆ, ਤੇ ਆਪਣੇ ਰਾਜ ਭਾਗ ਲਈ ਲੜਨਾ ਕੁਰਬਾਨੀ ਨਹੀਂ ਸੀ, ਇਸ ਕਰਕੇ ਦੂਖੀ ਦੀਨ ਦੀ ਰਖਿਆ ਕਰਨੀ ਅਰ ਉਸ 'ਪਰ ਹਿਤ' ਵਿਚ ਜਾਨ ਦੇ ਦੇਣੀ, ਏਸ ਕੁਰਬਾਨੀ ਦੀ ਲੋੜ ਆ ਪਈ। ਏਹੋ ਸਤਿਗੁਰਾਂ ਨੇ ਸਿਖਾਈ। ਰਖਿਆ ਕਰਨ ਵਿਚ ਜਿਸ ਜੀ ਦੀ ਰਖਿਆ ਕਰੀਦੀ ਹੈ ਉਸਨੂੰ ਦੁਖ ਦੇਣ ਵਾਲੇ ਦੀ ਜ਼ਬਰਦਸਤੀ ਦੀ ਰੋਕ ਕਰਨੀ ਪੈਂਦੀ ਹੈ, ਉਸ ਰੋਕ ਕਰਨ ਵਿਚ ਮੁਕਾਬਲਾ ਪੈਂਦਾ ਹੈ। ਜੇ ਮੁਕਾਬਲਾ ਨਾ ਕਰਨਾ ਹੋਵੇ ਕੇਵਲ ਆਪਣੀ ਜਾਨ ਹੀ ਦੇ ਦੇਣੀ ਹੋਵੇ ਤਦ ਰਖਿਆ ਨਹੀਂ ਹੋ ਸਕਦੀ, ਤਦ ਤਾਂ ਜਿੱਕੂੰ ਮਜ਼ਲੂਮ ਮਰ ਰਿਹਾ ਹੈ ਉੱਕਰ ਆਪ ਨਾਲ ਮਰ ਜਾਣਾ ਹੋਇਆ।

ਭੇਡ ਦੀ ਰੱਖਯਾ ਕਰਨ ਵੇਲੇ ਜੇ ਅੱਯਾਲੀ ਭੇਡ ਵਾਂਗੂੰ ਨਿਮਾਣਾ ਹੋਕੇ ਬਘਯਾੜ ਤੋਂ ਮਰ ਜਾਵੇ ਤਦ ਰਖਿਆ ਕਾਹਦੀ ਹੋਈ ? ਰਖਿਆ ਤਦੇ ਹੈ ਕਿ ਬਘਯਾੜ ਨੂੰ ਰੋਕਿਆ ਜਾਵੇ, ਰੋਕਣ ਵੇਲੇ ਇਕ ਕਸ਼ਮਕਸ਼ ਹੋਣੀ ਹੋਈ। ਇਸ ਕਸ਼ਮਕਸ਼ ਨੂੰ ਲੜਾਈ ਕਹਿੰਦੇ ਹਨ। ਗੁਰੂ ਸਾਹਿਬਾਂ ਨੇ ਜਦ ਦੀਨ ਰਖਿਆ ਆਰੰਭੀ ਤਦ ਕੁਰਬਾਨੀ ਸਿਖਲਾਈ, ਪਰ ਰਖਿਆ ਵਿਚ ਮੁਕਾਬਲੇ ਦੀ ਲੋੜ ਹੁੰਦੀ ਹੈ, ਇਸ ਲਈ ਸੀਸ ਦੇਣ ਤੋ ਪਹਿਲੇ ਸਾਮ੍ਹਣਾ ਕਰਨ ਦੀ ਜਾਚ ਦੱਸਣੀ ਜ਼ਰੂਰੀ ਸੀ, ਓਹ ਜਾਚ ਰਣ ਵਿੱਦਯਾ ਯਾ ਯੁੱਧ ਦੀ ਜਾਚ ਸੀ, ਇਸ ਵਿਚ ਇਕ ਭਾਰੇ ਜੋਧੇ ਦੀ ਲੋੜ ਸੀ। ਓਹ ਜੋਧਾ ਗੁਰੂ ਜੀ ਆਪ ਬਣੇ। ਓਹ ਜਿਸ ਨੂੰ ਆਪ ਗੁਰੂ ਵੇਖ ਆਏ ਹੋ, ਅਵਤਾਰ ਵੇਖ ਆਏ ਹੋ, ਸੁਧਾਰ ਕਰਤਾ ਤੇ ਉਪਦੇਸ਼ਕ ਵੇਖ ਆਏ ਹੋ, ਹੁਣ ਜੋਧਾ,ਕਰਕੇ ਵੇਖੋ। ਆਪ ਨੇ ਤਲਵਾਰ ਧਾਰੀ, ਸਿੱਖਾਂ ਦੀ ਕਾਯਾਂ ਪਲਟੀ, ਉਨ੍ਹਾਂ ਵਿਚ ਬੀਰ ਰਸ ਭਰਿਆ, ਜੁਧ ਵਿੱਦਯਾ ਦੀ ਉਹ ਪ੍ਰਬੀਨਤਾ ਗੁਰੂ ਜੀ ਵਿਚ ਸੀ ਕਿ ਸਦੀਆਂ ਦੀ ਪੈਰਾਂ ਹੇਠ ਰੁਲਦੀ ਨਿਤਾਣੀ ਪਰਜਾ ਅੱਖ ਝਮਕਣ ਵਿਚ ਬੀਰ ਬਾਂਕੁਰੀ ਤੇ ਜੋਧਾ ਕਰ ਦਿੱਤੀ। ਇਕ ਅੰਗ੍ਰੇਜ਼ ਜੋ ਸਿੱਖਾਂ ਦਾ ਇਤਹਾਸ ਜ਼ਰਾ ਮਖ਼ੌਲਾਂ ਨਾਲ ਲਿਖਦਾ ਹੈ ਗੁਰੂ ਜੀ ਦੀ ਮਹਿਮਾ ਕਰਨੋਂ ਰੁਕ ਨਹੀਂ ਸਕਦਾ, ਉਹ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਜਰਨੈਲੀ ਯਾ ਜੁਧ ਵਿਦਯਾ ਵਿਚ ਓਹ ਲਯਾਕਤ ਸੀ ਕਿ ਆਪ ਨੇ ਆਖਣੇ ਦਿਮਾਗ਼ ਵਿਚੋਂ ਝੱਟ ਪੱਟ ਤਯਾਰ ਬਰ ਤਯਾਰ ਖਾਲਸਾ ਐਉ ਉਤਪਤ ਕਰ ਦਿੱਤਾ ਕਿ ਜਿਕੂੰ ਦਯੂਸਪ੍ਰਿਤ ਦੇਵਤਾ ਨੇ ਅਪਨੇ ਸਿਰ ਵਿਚੋਂ ਨੌ ਜਾਵਾਨ ਦੇਵੀ ਮਿਨਰਵਾ ਪੈਦਾ ਕੀਤੀ ਸੀ। ਕਿੱਕੂੰ ਬੀਰ ਰਸ ਦੀ ਰੂਹ ਫੂਕ ਕੇ ਇਕ ਦਮ ਜੋਧਾ ਕੌਮ ਬਣਾ ਲਈ। ਇਹ ਮੰਤ੍ਰ ਕੋਈ ਨਹੀਂ ਜਾਣਦਾ। ਗੁਰੂ ਜੀ ਦੀ ਜੰਗੀ ਲਯਾਕਤ, ਜੋਧਾ ਹੋਣ ਦੀ ਪ੍ਰਬੀਨਤਾ ਕਿਧਰੇ ਲੁਕੀ ਹੋਈ ਨਹੀਂ। ਜਿਕੂੰ ਗੁਰੂ ਹੋ ਕੇ ਰੂਹਾਂ ਨੂੰ ਵਾਹਿਗੁਰੂ ਵਿਚ ਮਿਲਾਯਾ, ਜਿਕੂੰ ਅਵਤਾਰ ਹੋ ਕੇ ਸੰਕਟ ਹਰੇ, ਜਿਕੂੰ ਸੁਧਾਰ ਕਰਤਾ ਹੋ ਕੇ ਸੁਧਾਚਾਰ ਅਰ ਸੁਰੀਤ ਫੈਲਾਈ ਉਸੇ ਤਰਾਂ ਜੋਧਾ ਹੋਕੇ ਇਕ ਐਸੀ ਕੌਮ ਪੈਦਾ ਕੀਤੀ ਕਿ ਜਿਸਦੀ ਬੀਰਤਾ ਦੀ ਕੀਰਤੀ ਏਸ ਵੇਲੇ ਤਕ ਸਾਰੇ ਸੰਸਾਰ ਵਿਚ ਪਸਰ ਰਹੀ ਹੈ, ਗੁਰੂ ਜੀ ਦਾ ਇਕ ਫਕੀਰੀ ਦੀ ਹਾਲਤ ਵਿਚ ਮੁਗ਼ਲੀਆਂ ਸਲਤਨਤ ਦੇ ਟਾਕਰੇ ਦੀ ਕੌਮ ਤੇ ਸਾਮਾਨ ਪੈਦਾ ਕਰਨਾ ਅਰ ਉਨ੍ਹਾਂ

ਦੇ ਰਾਜ ਵਿਚ ਰਹਿ ਕੇ ਕਰਨਾ, ਅਰ ਉਨ੍ਹਾਂ ਨੂੰ ਸ਼ਿਕਸਤਾਂ ਦੇ ਕੇ ਉਨ੍ਹਾਂ ਦੇ ਰਾਜ ਵਿਚ ਨਿਰਭੈ ਵੱਸਣਾ ਦੱਸਦਾ ਹੈ ਕਿ ਐਸਾ ਜੋਧਾ ਸੰਸਾਰ ਨੇ ਕਦੇ ਪੈਦਾ ਨਹੀਂ ਕੀਤਾ। ਤੁਸੀਂ ਜਾਣਦੇ ਹੋ ਆਰਯਾ ਸਿੱਖਾਂ ਨਾਲ ਖੁਣਸਦੇ ਹਨ। ਪਰ ਇਕ ਦੌਲਤ ਰਾਮ ਆਰਯਾ ਨੇ ਗੁਰੂ ਜੀ ਦਾ ਜੀਵਨ ਲਿਖਯਾ ਹੈ, ਉਸ ਨੇ ਰਾਮ ਚੰਦ੍ਰ, ਕ੍ਰਿਸ਼ਨ, ਮੁਹੰਮਦ, ਈਸਾ ਸਭ ਤੋਂ ਗੁਰੂ ਜੀ ਨੂੰ ਵੱਡਾ ਲਿਖਿਆ ਹੈ, ਬਲਕੇ ਇੱਥੋਂ ਤਕ ਕਿਹਾ ਹੈ ਕਿ ਹਿੰਦੂ ਜਾਤੀ ਇਸ ਕਰਕੇ ਬਜ਼ੁਰਗ ਹੈ ਕਿ ਉਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਹੋਏ ਜਿਨ੍ਹਾਂ ਦੀ ਨਜ਼ੀਰ ਕੋਈ ਕੌਮ ਪੇਸ਼ ਨਹੀਂ ਕਰ ਸਕਦੀ।

ਹੁਣ ਜੋਧਾ ਹੋਣ ਵਿਚ ਕਈ ਆਖਦੇ ਹਨ ਕਿ ਗੁਰੂ ਜੀ ਆਪ ਕਾਮਯਾਬ ਕਿਉਂ ਨਾਂ ਹੋਏ ? ਇਕ ਅੰਗ੍ਰੇਜ਼ ਲਿਖਦਾ ਹੈ ਕਿ ਇਹ ਇਤਰਾਜ਼ ਗ਼ਲਤ ਹੈ। ਗੁਰੂ ਜੀ ਨੇ ਜੋ ਵਿਉਂਤ ਸੋਚੀ, ਜਿਸਦੀ ਨੀਂਹ ਲਾਈ, ਓਹ ਗਲਤੀ ਤੋਂ ਰਹਤ ਸੀ, ਉਹ ਠੀਕ ਸਿਰੇ ਚੜ੍ਹੀ ਪਰ ਵਕਤ ਸਿਰ ਫਲ ਲਿਆਈ, ਕਿਉਂਕਿ ਉਨ੍ਹਾਂ ਦਾ ਮਤਲਬ ਮੁਲਕਗੀਰੀ ਨਹੀਂ ਸੀ, ਓਹ ਦੀਨਾਂ ਦੀ ਰਖਯਾ ਕਰਨੀ ਚਾਹੁੰਦੇ ਸੇ। ਉਸ ਲਈ ਦੀਨਾਂ ਦੇ ਗਿਰਦ ਆਪਣੀ ਪਿਆਰੀ ਕੌਮ ਦੀ ਅਟੁੱਟ ਵਾੜੀ ਦੇਣੀ ਚਾਹੁੰਦੇ ਸੇ, ਸੋ ਦਿੱਤੀ ਗਈ, ਅਰ ਜ਼ੁਲਮ ਰਾਜ ਦਾ ਗਿਰਾਉ ਹੋ ਗਿਆ, ਅਰ ਉਨ੍ਹਾਂ ਦੇ ਕੁਰਬਾਨੀ ਵਾਲੇ ਬੀਰਾਂ ਦੇ ਹੱਥੋਂ ਦੁਖੀ ਪਰਜਾ ਨੂੰ ਸੁਤੰਤ੍ਰਤਾ ਨਸੀਬ ਹੋਈ।

ਜੋਧਾ ਹੋਣ ਦਾ ਕੰਮ ਗੁਰੂ ਜੀ ਦੇ ਵਾਸਤੇ ਬਹੁਤ ਨਾਜ਼ਕ ਸੀ। ਆਪ ਗੁਰੂ ਸੇ, ਅਵਤਾਰ ਸੇ, ਸੁਧਾਰ ਕਰਤਾ ਸੇ, ਆਪ ਪਾਸੋਂ ਪ੍ਰੇਮ ਦੇ ਵਿਰੁੱਧ , ਧਰਮ ਦੇ ਵਿਰੁਧ ਅਰ ਸਦਾਚਾਰ ਦੇ ਵਿਰੁਧ ਕੋਈ ਕੰਮ ਹੋਣਾ ਭਾਵੇਂ ਜਰਨੈਲੀ ਹੈਸੀਅਤ ਨੂੰ ਵਧਾ ਦੇਂਦਾ, ਪਰ ਗੁਰੂ ਅਵਤਾਰ ਤੇ ਸੁਧਾਰਕ ਹੋਂਦ ਦੀ ਪਦਵੀ ਨੂੰ ਨੀਵਾਂ ਕਰ ਦੇਂਦਾ। ਇਸ ਕਰਕੇ ਆਪ ਦੀ ਬੀਰਤਾ ਦੀ ਨਦੀ ਪ੍ਰੇਮ, ਧਰਮ ਤੇ ਸਦਾਚਾਰ ਦੀਆਂ ਹੱਦਾਂ ਦੇ ਅੰਦਰ ੨ ਵਗਦੀ ਰਹੀ। ਲੜਨਾ ਖੂਬੀ ਨਹੀਂ ਦੱਸਿਆ, ਪਰ ਦੀਨਾਂ ਦੀ ਰਖਯਾ ਵਿਚ ਜੰਗ ਕਰਦੇ ਮਰ ਜਾਣਾ ਬੀਰਤਾ ਦੱਸੀ। ਦੀਨ ਦੁਖੀਆਂ, ਇਸਤ੍ਰੀਆਂ, ਬੱਚਿਆਂ, ਸਰਨਾਗਤਾਂ ਪਰ ਚਾਹੇ ਵੈਰੀ ਹੋਣ ਤਲਵਾਰ ਚੁੱਕਣੀ ਹਰਾਮ ਕੀਤੀ। ਹਾਰੇ ਹੋਏ ਵੈਰੀ ਨੂੰ ਕੋਹਣਾ ਮਨ੍ਹੇਂ ਕੀਤਾ। ਆਪ ਜਦ ਜੰਗ ਕੀਤਾ

ਦੀਨ ਰਖਯਾ ਲਈ, ਫੇਰ ਕਦੇ ਧੱਕਾ ਨਹੀਂ ਕੀਤਾ, ਕਤਲਾਮ ਨਹੀਂ ਕੀਤੀ, ਕਦੇ ਦੁਖ ਨਹੀਂ ਦਿੱਤਾ, ਇਸਤ੍ਰੀ ਬੱਚੇ ਵੈਰੀਆਂ ਦੇ ਘਰੀਂ ਪਤ ਨਾਲ ਪਹੁੰਚਾਏ।

ਇਸ ਨਾਜ਼ਕ ਕੰਮ ਨੂੰ ਜਿਸ ਖ਼ੂਬੀ ਨਾਲ ਨਿਬਾਹਿਆ ਹੈ, ਕੋਈ ਧਰਮ ਦਾ ਆਗੂ ਕਦੇ ਨਹੀਂ ਨਿਬਾਹ ਸਕਿਆ। ਪ੍ਰੇਮ, ਧਰਮ, ਸਦਾਚਾਰ ਆਪਣਾ ਤੇ ਸਿੱਖਾਂ ਦਾ ਕਾਇਮ ਰਹੇ ਅਰ ਫੇਰ ਤਲਵਾਰ ਚੱਲੇ, ਇਹ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਲਯਾਕਤ ਦਾ ਕੰਮ ਸੀ।

ਨੀਤੀ ਵੇਤਾ– ਅਗਲਾ ਦਰਸ਼ਨ ਗੁਰੂ ਜੀ ਦਾ ਅਸੀ ਨੀਤੀ ਵੇਤਾ ਦੀ ਹੈਸੀਅਤ ਵਿਚ ਕਰਦੇ ਹਾਂ। ਜੋ ਤਲਵਾਰ ਫੜਦਾ ਹੈ ਉਸ ਨੂੰ ਨੀਤੀ ਦੀ ਅਵਸ਼ਕਤਾ ਪੈਂਦੀ ਹੈ। ਜੇ ਗੁਰੂ ਜੀ ਨੀਤੀ ਵੇਤਾ ਨਾਂ ਹੁੰਦੇ ਤਦ ਤਲਵਾਰ ਫੜ ਕੇ ਕਾਮਯਾਬ ਨਾਂ ਹੋਂਦੇ। ਨੀਤੀ ਦੀ ਭੇਟ ਤਲਵਾਰ ਨੂੰ ਵੈਰੀ ਦੇ ਹੱਥ ਦੇ ਕੇ ਆਪਣਾ ਹੀ ਗਲਾ ਕਟਵਾ ਦੇਂਦੀ ਹੈ। ਪਰ ਓਹ ਪੂਰਨ ਲੋਕ ਜਿੱਕੂੰ ਹੋਰ ਹਰ ਗੱਲੇ ਪੂਰਨ ਸੇ ਇਸ ਵਿਚ ਬੀ ਪੂਰਨ ਸੇ। ਪੈਹਲੀ ਨੀਤੀ ਤਾਂ ਇਹ ਸੀ ਕਿ ਜੰਗ ਦਾ ਕੰਮ ਪ੍ਰੇਮ, ਧਰਮ, ਸਦਾਚਾਰ ਦੇ ਵਿਚ ਰੱਖਯਾ, ਇਹ ਸਭ ਤੋਂ ਕਠਨ ਨੀਤੀ ਸੀ। ਸਿੱਖਾਂ ਦਾ ਪਹਿਰ ਰਾਤ ਰਹਿੰਦੀ ਉੱਠਨਾ, ਭਜਨ ਕਰਨਾ, ਉਪਕਾਰ ਕਰਨਾ, ਵੈਰਾਗੀ ਤੇ ਵਿਵੇਕੀ ਰਹਿਣਾ, ਲੋੜ ਬਣੇ ਤੇ ਦੀਨਾਂ ਦੀ ਖਾਤਰ ਆਪਣੇ ਭੁਜਬਲ ਨਾਲ ਰੱਖਯਾ ਕਰਨੀ, ਰੱਖਯਾ ਵਿਚ ਜੰਗ ਦੀ ਸਾਰੀ ਅਕਲ ਵਰਤਨੀ, ਆ ਬਣੇ ਤਾਂ ਸਨਮੁਖ ਹੋਕੇ ਸੀਸ ਦੇਣਾ, ਅਰ ਸੀਸ ਦੇਂਦਿਆਂ ਰੰਚਕ ਦੁਖ ਨਾਂ ਮੰਨਣਾ। ਦੂਸਰੇ ਵੈਰੀਆਂ ਨਾਲ ਰੱਖਿਆ ਦਾ ਵਰਤਾਉ ਸਿਖਾਯਾ, ਦਾਉ ਘਾਉ ਸਮਝਣੇ ਦੱਸੇ, ਖਬਰ ਵੈਰੀ ਦੀ ਪੂਰੀ ਰੱਖਦੇ ਸੇ, ਨਦੀ, ਪਹਾੜਾਂ ਦਾ ਲਾਭ ਪੂਰਾ ਉਠਾਂਦੇ ਸੇ, ਅਨੰਦਪੁਰ ਦੀ ਕਿਲਾ ਬੰਦੀ ਐਸੀ ਸੀ ਕਿ ਦੁਸ਼ਮਨ ਦਾ ਯਕਬਯਕ ਪਹੁੰਚਣਾ ਅਸੰਭਵ ਸੀ। ਆਪਣੀ ਫੌਜ ਨੂੰ ਖਾਸ ਕਿਸਮ ਦੀ ਆਪਣੀ ਰਚੀ ਕਵਾਇਦ ਸਿਖਾਈ, ਜਿਸ ਕਰਕੇ ਓਹਨਾਂ ਦਾ ਭੁਜ ਬਲ ਬਹੁਤਾ ਹੀ ਲਾਭਦਾਇਕ ਹੋ ਗਿਆ। ਉਸ ਕਵਾਇਦ ਦੇ ਬੋਲੇ ''ਹਰਨ ਛਹ, ਕੱਛ, ਅੜੰਗ'' ਆਦਿਕ ਅੱਜ ਤਕ ਸਿੱਖਾਂ ਦੇ ਯਾਦ ਹਨ। ਗੁਰੂ ਜੀ ਨੀਤੀ ਦਾਨਾਈ ਅਰ ਮੁਕੰਮਲ ਪ੍ਰਬੀਨਤਾ ਨੂੰ ਸਮਝਦੇ ਸਨ। ਅੱਜ ਕੱਲਦੇ ਸਮੇਂ ਵਾਂਗੂੰ ਕਪਟ ਤੇ

ਫਰੇਬ ਦਾ ਨਾਮ ਨੀਤੀ ਨਹੀਂ ਰਖੱਦੇ ਸੇ, ਇਸੇ ਕਰਕੇ ਉਨ੍ਹਾਂ ਦੇ ਜੁਧ ਸਨਮੁਖ ਬੀਰਤਾ ਤੇ ਹਠ ਦੇ ਭਰੇ ਹੋਏ ਅਰ ਸਖਤ ਜ਼ੋਰਦਾਰ ਹੁੰਦੇ ਸੇ। ਉਨ੍ਹਾਂ ਦੀ ਨੀਤੀ ਸੱਚ ਪਰ ਸੀ ਅਰ ਸੱਚੀ ਦਾਨਾਈ ਪਰ ਸੀ।

ਰਾਜਾ—ਨੀਤੀ ਤੇ ਜੰਗ ਦੇ ਵਰਤਾਉ ਵਾਲੇ ਨੂੰ ਰਾਜ ਕਰਨਾ ਜ਼ਰੂਰੀ ਹੁੰਦਾ ਹੈ। ਗੁਰੂ ਜੀ ਆਪਣੀ ਨਿੱਕੀ ਜੇਹੀ ਅਨੰਦ ਪੁਰੀ ਅਰ ਇਰਦ ਗਿਰਦ ਦੀ ਪਰਜਾ ਦਾ ਨਿਆਉਂ ਤੇ ਪਾਲਨ ਐਸਾ ਕਰਦੇ ਸੇ ਕਿ ਕੋਈ ਰਾਜਾ ਨਹੀਂ ਕਰ ਸਕਦਾ। ਇਹੋ ਕਾਰਨ ਸੀ ਕਿ ਦੂਸਰੇ ਰਾਜਿਆਂ ਦੀ ਪਰਜਾ ਇਨ੍ਹਾਂ ਦੇ ਇਲਾਕੇ ਵਿਚ ਆ ਕੇ ਵਸਦੀ ਸੀ, ਇਸੇ ਕਰਕੇ ਦੂਰ ਦੂਰ ਦੇ ਦੁਖੀ ਇਥੇ ਪਨਾਹ ਲੈਂਦੇ ਅਰ ਸੁਖ ਪਾਉਂਦੇ ਸੇ। ਅਨੰਦਪੁਰ ਦੇ ਇਰਦ ਗਿਰਦ ਐਸਾ ਨੇਕ ਪ੍ਰਬੰਧ ਹੁੰਦਾ ਸੀ ਕਿ ਸੋਨਾਂ ਉਛਾਲਦੇ ਲੈ ਜਾਓ ਕੋਈ ਤੱਕ ਨਹੀਂ ਸਕਦਾ ਸੀ। ਰਵਾਲਸਰ ਦੇ ਮੇਲੇ ਪਰ ਗੁਰੂ ਜੀ ਦਾ ਅਰੋਗਤਾ ਦਾ ਪ੍ਰਬੰਧ ਐਸਾ ਅੱਛਾ ਸੀ ਕਿ ਲੱਖਾਂ ਦੀ ਭੀੜ ਦੇ ਹੋਇਆਂ ਬੀ ਬੀਮਾਰੀ ਨਹੀਂ ਪਈ। ਦੰਡ ਸੀ ਸਖਤ ਨਹੀਂ ਸੀ। ਗੰਦ ਫੈਲਾਉਣ ਦੀ ਸਖਤ ਰੋਕ ਸੀ। ਜੋ ਆਦਮੀ ਇਨ੍ਹਾਂ ਸਰਬ ਸੁਖਦਾਈ ਕਾਇਦਿਆਂ ਨੂੰ ਤੋੜਦਾ ਸੀ ਉਸਨੂੰ ਓਥੋਂ ਦੇ ਜੱਥੇਦਾਰ ਦੇ ਪੇਸ਼ ਹੋਕੇ ਹਲਕਾ ਜਿਹਾ ਦੰਡ ਮਿਲਦਾ ਸੀ ਇਸ ਪ੍ਰਬੰਧ ਨੇ ਲੋਕਾਂ ਨੂੰ ਸੁਖੀ ਰੱਖਯਾ ਅਰ ਪ੍ਰੇਮ ਦੀ ਸਮਝੋਤੀ ਨੇ ਸੁਖੀ ਕਰ ਦਿੱਤਾ। ਪੂਰਨ ਨਯਾਈਂ ਰਾਜਾ ਗੁਰੂ ਜੀ ਸੇ।

ਪੰਡਤ—ਰਾਜਾ ਲਈ ਇਹ ਜ਼ਰੂਰੀ ਹੋਂਦਾ ਹੈ ਕਿ ਵਿੱਦਯਾ ਦੀ ਕਦਰ ਕਰੇ। ਵਿਦਯਾ ਦੀ ਕਦਰ ਓਹੋ ਠੀਕ ਕਰ ਸਕਦਾ ਹੈ ਜੋ ਆਪ ਪੰਡਤ ਹੋਵੇ। ਗੁਰੂ ਜੀ ਆਤਮ ਤੱਤ ਵੇਤਾ ਹੋਣ ਕਰਕੇ ਸੁਤੇ ਸਿੱਧ ਬ੍ਰਹਮਗਯਾਨੀ ਸੇ, ਅਰ ਸਰਬ ਵਿਦਯਾ ਦੇ ਮਾਲਕ ਸੇ, ਬ੍ਰਹਮ ਵਿਦਯਾ ਤਾਂ ਗੁਰੂ ਅਵਤਾਰ ਵਿਚ ਕੁਦਰਤੀ ਨਜ਼ਾਰਾ ਸੀ। ਸੰਸਾਰਕ ਵਿਦਯਾ ਵਿਚ ਬੀ ਗੁਰੂ ਜੀ ਪ੍ਰਬੀਨ ਸੇ। ਫਾਰਸੀ, ਸੰਸਕ੍ਰਿਤ, ਅਰਬੀ ਆਦਿ ਦੇ ਪੱਕੇ ਜਾਣੂੰ ਸੇ। ਇਸੇ ਵਿਦਯਾ ਦੀ ਕਦਰਦਾਨੀ ਪਿੱਛੇ ਇਨ੍ਹਾਂ ਦੇ ਦਰਬਾਰ ਵਿਚ ਬੜੇ ੨ ਕਵੀ ਤੇ ਪੰਡਤ ਆ ਜੁੜੇ। ਕਈ ਤਾਂ ਤੁਰਕਾਂ ਤੋਂ ਸਤ ਕੇ ਪਨਾਹ ਲੈਣ ਆ ਬੈਠੇ ਅਰ ਕਈ ਵੈਸੇ ਹੀ ਕਦਰਦਾਨ ਜਾਣਕੇ ਪਹੁੰਚੇ। ਵਿਦਯਾ ਦਾ ਚਰਚਾ

ਬਹੁਤ ਹੋ ਗਿਆ। ਬੜੇ ਬੜੇ ਸੰਸਕ੍ਰਿਤ ਤੇ ਅਰਬੀ ਦੇ ਪੁਸਤਕ ਦੇਸੀ ਬੋਲੀ ਵਿਚ ਤਰਜਮਾ ਹੋ ਗਏ , ਪੁਸਤਕਾਲੇ ਪੁਸਤਕਾਂ ਨਾਲ ਭਰ ਗਏ। ਪੁਸਤਕਾਲਾ ਇਤਨਾ ਵੱਡਾ ਸੀ ਕਿ ਨੌ ਊਠ ਚਾ ਨਹੀਂ ਸਨ ਸਕਦੇ । ਗੁਰੂ ਜੀ ਹਰ ਰੋਜ਼ ਖਾਸ ਵਕਤ ਵਿਦਵਾਨਾਂ ਦੀ ਸਭਾ ਨੂੰ ਦਿਆ ਕਰਦੇ ਸਨ।

• ਪੰਡਤ ਹੋਣ ਤੋਂ ਛੁਟ ਗੁਰੂ ਜੀ–

ਕਵੀ– ਬੀ ਪੂਰੇ ਸੇ, ਆਪ ਦੀ ਕਵਿਤਾ ਜੋ ਸਾਂਤ ਰਸ ਦੀ ਹੈ, ਓਹ ਤਾਂ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਤੁਲਯ ਹੈ। ਜੋ ਬੀਰ ਰਸ ਦੀ ਹੈ ਓਹ ਕਿਸੇ ਹਿੰਦੀ ਕਵੀ ਤੋਂ ਸਿਰ ਕਢਣੋਂ ਨਹੀਂ ਅਟਕਦੀ। ਬਾਣੀ ਪੜ੍ਹਦਿਆਂ ਪੜ੍ਹਦਿਆਂ ਜੋਸ਼ ਆ ਜਾਂਦਾ ਅਰ ਹੱਥ ਕਬਜ਼ਿਆਂ ਪੁਰ ਜਾ ਟਿਕਦੇ ਸਨ। ਐਸੀ ਕੜਾਕੇਦਾਰ ਰਚਨਾਂ ਹੈ ਕਿ ਮੁਰਦੇ ਵਿਚ ਬਲ ਭਰ ਦੇਂਦੀ ਹੈ , ਆਪ ਦੀ ਰਚਨਾਂ ਅਲੰਕਾਰ, ਰੂਪਕਾਂ, ਬਯੰਜਨਾਂ, ਧੁਨੀਆਂ, ਲੱਛਨਾਂ ਨਾਲ ਐਸੀ ਪੂਰਤ ਹੈ ਕਿ ਜੇ ਕੇਵਲ ਰਚਨਾਂ ਹੀ ਲਈ ਜਾਏ ਤਦ ਬੀ ਆਪਣੇ ਸਮੇਂ ਦੇ ਵੱਡੇ ਹੋਏ ਹਨ। ਕਵਿਤਾ ਵਿਚ ਲਾਵੰਨਤਾ, ਰਸ, ਮਿਠਾਸ, ਚਟਪਟਾ ਪਨ, ਭਰੇ ਪਏ ਹਨ। ਕਵਿਤਾ ਵਿਚ ਬੀ ਗੁਰੂ ਜੀ ਦੇ ਦਰਸ਼ਨ ਸਭ ਤੋਂ ਸਿਰੋਮਣ ਹਨ। ਪਦਾਂ ਪਰ ਖਾਸ ਹੁਕਮ ਹੈ। ਗੱਦ ਵਿਚ ਖਾਸ ਕ੍ਰਮ ਹੈ। ਵਯਾਖਯਾ ਵਿਚ ਖਾਸ ਜ਼ੋਰ ਤੇ ਸਫਾਈ ਹੈ। ਜੋ ਆਪ ਦਾ ਜੀ ਰੁਆਉਣ ਤੇ ਆਯਾ ਹੈ, ਤਦ ਕਰੁਣਾ ਰਸ ਨਾਲ ਨੇਤ੍ਰ ਭਰ ਹੀ ਲਿਆਂਦੇ ਹਨ। ਜੇ ਬੀਰਤਾ ਵੱਲ ਕਲਮ ਮੁੜੀ ਹੈ, ਤਦ ਤਲਵਾਰ ਧੂਹੀ ਗਈ ਹੈ, ਜੇ ਸ਼ਾਂਤੀ ਵੱਲ ਆਏ ਹਨ ਤਦ ਸਮਾਧਿ ਸਥਿਤ ਕਰ ਦਿੱਤਾ ਹੈ , ਜੇ ਰੂਪਕ ਬੱਧੇ ਹਨ ਤਦ ਕਾਲੀਦਾਸ ਭੁਲਾ ਦਿੱਤਾ ਹੈ, ਜੇ ਨੀਤੀ ਕਹੀ ਹੈ ਤਦ ਅਸਲ, ਜੇ ਰਤੀ ਭਾਵ ਦੇ ਕਟਾਖਯ ਕਹੇ ਹਨ ਤਾਂ ਪਯਾਰ ਦੀਆਂ ਨਹਰਾਂ ਵਗਾ ਦਿਤੀਆਂ ਹਨ , ਜੇ ਬਿਰਹਾ ਕਿਹਾ ਹੈ ਤਦ ਭੁੱਬਾਂ ਕਢਾ ਦਿੱਤੀਆਂ ਹਨ। ਕੈਸਾ ਅਸਚਰਜ ਹੈ ਕਿ ਜੋ ਮਹਾਂ ਪੁਰਖ ਅਠਪੈਹਰ ਸ਼ਬਦ ਵਿਚ ਜੁੜ ਰਿਹਾ ਹੈ, ਜੋ ਸੰਸਾਰ ਦੇ ਸੰਕਟ ਹਰ ਰਿਹਾ ਹੈ, ਜੋ ਸਦਾਚਾਰ ਸਿਖਾਲ ਰਿਹਾ ਹੈ , ਜੋ ਜ਼ਬਰਦਸਤ ਰਾਜੇ ਤੇ ਮੁਗ਼ਲ ਸਲਤਨਤ ਦਾ ਮੁਕਾਬਲਾ ਕਰ ਰਿਹਾ ਹੈ, ਜੋ ਨੀਤੀ ਤੇ ਪ੍ਰਬੰਧ ਵਿਚ ਮਗਨ ਹੈ, ਜੋ ਪੰਡਤਾਂ ਦਾ ਕਦਰ ਦਾਨ ਤੇ ਗੁਣੀਆਂ

ਦੀ ਸਭਾ ਨੂੰ ਸ਼ੋਭਾ ਦੇ ਰਿਹਾ ਹੈ, ਓਹ ਆਪ ਕਵਿਤਾ ਕਰਦਾ ਹੈ , ਕਵਿਤਾ ਲਈ ਸਮਾਂ ਕੱਢਦਾ ਹੈ, ਅਰ ਹਰ ਇਕ ਦੀ ਕਵਿਤਾ ਸੰਪੂਰਨ ਕਰਦਾ ਹੈ , ਸੈਂਕੜੇ ਨਵੇਂ ਛੰਦਾਂ ਦਾ ਆਪ ਨੂੰ ਕਰਤਾ ਸਾਬਤ ਕਰਦਾ ਹੈ , ਅਰ ਓਹ ਰਚਨਾਂ ਖਯਾਲੀ ਨਹੀਂ ਇਸ ਵਕਤ ਤਕ ਸਾਡੇ ਪਾਸ ਹੈ , ਅਰ ਸਾਡੇ ਵਿਚ ਉਨ੍ਹਾ ਲਈ ਅਸਚਰਜਤਾ ਵਾਲੀ ਵਡਯਾਈ ਪੈਦਾ ਕਰ ਰਹੀ ਹੈ।

ਕਲਾ ਕੌਸਲ– ਗੁਰੂ ਜੀ ਦੇ ਦਰਬਾਰ ਵਿਚ ਚਿਤ੍ਰਕਾਰਾਂ ਦੀ ਬੜੀ ਕਦਰ ਸੀ, ਅਰ ਆਪ ਚਿਤ੍ਰਕਾਰੀ ਦੇ ਸ਼ੌਕੀਨ ਸੇ। ਰਸਾਂ ਦੀਆਂ ਮੂਰਤੀਆਂ , ਸਥਾਈ, ਸੰਚਾਰੀ ਭਾਵਾਂ ਦੇ ਦਰਸ਼ਨ, ਸਮੇਂ, ਭਾਵ, ਅਨਭਾਵਾਂ ਦੇ ਨਮੂਨੇ ਖਾਸ ਬਹਸ ਨਾਲ ਲਿਖੇ ਜਾਂਦੇ ਸੇ।

ਇਸ ਤੋਂ ਛੁੱਟ ਬਨਸਪਤੀ ਵਿੱਦਯਾ ਦੀ ਖਾਸ ਵਾਕਫੀ, ਘੋੜਿਆਂ ਦੀ ਜਾਚ, ਪਛਾਣ, ਅਰ ਅਨੇਕ ਹੁਨਰਾਂ ਵਿਚ ਖਾਸ ਮਲਕਾ ਸੀ। ਕਿਲੇ ਬਨਾਣ ਦੀ ਮਹਿਮਾਂ ਖੰਡਰਾਂ ਦੇ ਦੇਖਿਆਂ ਸਮਝ ਪੈਂਦੀ ਹੈ। ਤੋਪਾਂ ਗੁਰੂ ਜੀ ਦੀਆਂ ਢਲੀਆਂ ਦਾ ਨਮੂਨਾਂ ਲਹੌਰ ਅਜੈਬ ਘਰ ਵਿਚ ਪਿਆ ਹੈ, ਬੰਦੂਕਾਂ ਤਲਵਾਰਾਂ ਆਪ ਬਨਵਾਂਦੇ ਸੇ। ਰਾਗ ਵਿਦਯਾ ਵਿਚ ਗੁਰੂ ਅਰਜਨ ਦੇਵ ਜੀ ਦੀ ਤਰਾਂ ਪ੍ਰਬੀਨ ਸੇ। ਆਦਿ ਸਤਿਗੁਰਾਂ ਨੇ ਰਬਾਬ ਰਚਿਆ ਸੀ, ਪੰਚਮ ਸਤਿਗੁਰਾਂ ਨੇ ਸਰੰਦਾ ਬਨਾਇਆ ਸੀ, ਜੋ ਸਾਜ ਕੱਲ ਕੱਲ ਤਾਊਸ ਕਹਾਂਦਾ ਹੈ, ਏਸ ਦੀ ਪੇਹਲੀ ਬਣਤ ਜਿਸ ਦੀ ਏਹ ਨਕਲ ਹੈ ਦਸਮ ਗੁਰੂ ਜੀ ਤੋਂ ਸ਼ੁਰੂ ਹੈ। ਸਤਿਗੁਰੂ ਜੀ ਪ੍ਰਬੀਨ ਬੀਨਕਾਰ ਸੇ, ਅਰ ਆਪਣੇ ਪਵਿੱਤ੍ਰ ਗਲੇ ਤੋਂ ਐਸਾ ਸੁਰੀਲਾ ਗਾਉਂਦੇ ਸੇ ਕਿ ਚਲਦੇ ਦਰਯਾ ਠਹਰਨ ਦੀ ਕਹਾਵਤ ਘਟਦੀ ਸੀ।

ਗ੍ਰਹਸਤੀ–ਇਨ੍ਹਾਂ ਤੋਂ ਵੱਖਰੇ ਅਸੀ ਸ੍ਰੀ ਗੁਰੂ ਜੀ ਨੂੰ ਬਨਬਾਸੀ ਸਾਧੂ, ਯਾ ਰੰਡੇ ਛੜੇ ਜਰਨੈਲ ਯਾ ਕੂੜ੍ਹ ਰਾਜਾ ਨਹੀਂ ਪਾ ਰਹੇ, ਸਗੋਂ ਓਹ ਪੱਕੇ ਗ੍ਰਹਸਤੀ ਸੇ। ਗ੍ਰਹਸਤ ਬੀ ਅਨੂਪਮ ਸੀ। ਆਪ ਪਿਤਾ ਜੀ ਦੇ ਆਗਿਆਕਾਰ ਸਪੁਤ੍ਰ ਸੇ। ਮਾਤਾ ਦਾ ਸਾਰੀ ਉਮਰ ਸਨਮਾਨ ਰੱਖਯਾ। ਜੰਗ ਅਨੰਦ ਪੁਰ ਵਿਚ ਆਪਣੀ ਨੀਤੀ ਅਰ

ਪ੍ਰਬੀਨਤਾ ਦੇ ਫੈਸਲੇ ਨੂੰ ਮਾਤਾ ਦੇ ਹੁਕਮ ਪਰ ਛੱਡ ਕੇ ਆਗਿਆਕਾਰ ਸਪੁਤ੍ਰ ਦੀ ਕਾਰ ਪੂਰੀ ਕਰ ਦਿਖਾਈ। ਜੈਸੇ ਲਾਇਕ ਪੁਤ੍ਰ ਸੇ ਵੈਸੇ ਹੀ ਲਾਇਕ ਪਤੀ ਅਰ ਆਪਣੀ ਔਲਾਦ ਦੇ ਪਿਤਾ ਸੇ। ਇਸਤ੍ਰੀ ਨਾਲ ਸਲੂਕ ਪ੍ਰੇਮ ਤੇ ਕ੍ਰਿਪਾਲਤਾ ਦਾ ਸੀ, ਸਤਸੰਗ ਅਰ ਪਰਮਾਰਥ ਦੀ ਸਾਂਝ ਉਸ ਨਾਲ ਪੂਰੀ ਸੀ, ਅਰ ਓਹ ਇਨ੍ਹਾਂ ਦੇ ਚਰਨਾਂ ਕਮਲਾਂ ਦੇ ਭ੍ਰਮਰ ਸੇ। ਔਲਾਦ ਨੇਕ ਆਗਯਾਕਾਰ ਅਰ ਪਿਤਾ ਦੇ ਜੌਹਰਾਂ ਨਾਲ ਚਮਤਕ੍ਰਿਤ ਸੀ। ਆਪ ਦਾ ਸਲੂਕ ਪ੍ਰੇਮ ਕ੍ਰਿਪਾਲਤਾ ਤੇ ਸਿੱਖਯਾ ਦੇਣ ਵਾਲਾ ਸੀ। ਬੱਚਯਾਂ ਦਾ ਸਦਾਚਾਰ ਐਸਾ ਮਜ਼ਬੂਤ ਬਨਾਯਾ ਕਿ ੭ ਤੇ ੯ ਬਰਸ ਦੇ ਬੱਚਿਆਂ ਤੱਕ ਨੇ ਮੌਤ ਚੱਖੀ, ਪਰ ਧਰਮ ਨਹੀਂ ਦਿੱਤਾ। ਚੌਦਾਂ ਅਠਾਰਾਂ ਬਰਸ ਦੇ ਬੱਚਿਆਂ ਨੇ ਪੁਰਜਾ ਪੁਰਜਾ ਕੱਟਕੇ ਜਾਨਾਂ ਸਦਕੇ ਕੀਤੀਆਂ ਪਰ ਪਿੱਠ ਨਹੀਂ ਦਿੱਤੀ। ਗ੍ਰਹਸਤ ਆਸ਼੍ਰਮ ਦੇ ਪੂਰਨ ਨਿਰਬਾਹ ਵਿਚ ਗੁਰੂ ਜੀ ਨੇ ਗੁਰਤਾ, ਅਵਤਾਰਤਾ, ਸੁਧਾਰ ਕਰਤਵਤਾ, ਜੋਧਾਪਨ, ਨੀਤੀ ਵਿਦਵਤਾ, ਪੰਡਤਾਈ ਆਦਿ ਨੂੰ ਦਾਗ਼ ਨਹੀਂ ਆਉਣ ਦਿੱਤਾ। ਪੱਕੇ ਗ੍ਰਹਸਤੀ ਦੀ ਤਰਾਂ ਨੇਕ ਤੇ ਲਾਇਕ ਔਲਾਦ ਬਨਾਈ। ਪਰਵਾਰ ਵਿਚ ਪ੍ਰੇਮ ਤੇ ਭਗਤੀ ਰੱਖੀ, ਜਦ ਵਿਯੋਗ ਹੋਯਾ, ਮਾਤਾ ਚਲ ਬਸੀ, ਔਲਾਦ ਸ਼ਹੀਦ ਹੋ ਗਈ ਤਦ ਪੂਰਨ ਧੈਰਜ ਅਰ ਰਜ਼ਾ ਮੰਨਣ ਦੀ ਅਲੌਕਕ ਦਸ਼ਾ ਦਿਖਾਈ। ਜਦ ਕਿਸੇ ਕਿਹਾ 'ਆਪਦੇ ਲਾਇਕ ਪੁਤ੍ਰ ਮਰ ਗਏ' ਤਦ ਬੋਲੇ, 'ਮੇਰੇ ਪੁਤ੍ਰ ਮੇਰੇ ਸਿਖ ਹਨ, ਜੋ ਚਾਰ ਦੇ ਕੇ ਮੈਂ ਲੱਖਾਂ ਦੀ ਗਿਣਤੀ ਵਿਚ ਲਏ ਹਨ। ਏਹ ਸਦਾ ਜੀਉਂਦੇ ਹਨ'। ਗ੍ਰਹਸਤੀ ਹੋਣਾ, ਪਰ ਗ੍ਰਹਸਤ ਦੇ ਬਾਣਾਂ ਦੀ ਚੋਭ ਨਾ ਖਾਣੀ ਏਹ 'ਪਰਵਾਨ ਗ੍ਰਹਸਤ ਉਦਾਸ' ਸਤਿਗੁਰੂ ਨੇ ਵਰਤਕੇ ਦਿਖਾਇਆ।

ਦੇਸ਼ ਹਿਤੈਸ਼ੀ– ਗੁਰੂ ਜੀ ਜਿਸ ਦੇਸ਼ ਵਿਚ ਹੋਏ, ਉਸਦੇ ਬੜੇ ਹਿਤੈਸ਼ੀ ਹੋਏ। ਕਿਸੇ ਦੇਸ਼ ਦਾ ਅਹਿਤ ਉਨ੍ਹਾਂ ਦਾ ਮੰਤਵ ਨਹੀਂ ਸੀ, ਸਰਬ ਬ੍ਰਹਮੰਡ ਉਨ੍ਹਾਂ ਦਾ ਸ੍ਵਦੇਸ਼ ਸਾ। ਪਰ ਆਪਣੇ ਦੇਸ ਦਾ ਹਿੱਤ ਬੜਾ ਪਿਆਰਾ ਸੀ। ਦੁਖ ਪੀੜਤ ਪਰਜਾ ਨੂੰ ਆਪਣੇ ਆਪ ਤੇ ਭਰੋਸਾ ਕਰਨਾ ਅਰ ਆਪਣੇ ਆਚਰਨ ਨਾਲ ਬਲੀ ਹੋਣਾ, ਅਰ ਸੁਤੰਤ੍ਰਤਾ ਦੀ ਰੂਹ ਵਿਚ ਜੀਉਣਾ ਗੁਰੂ ਜੀ ਨੇ ਸਿਖਲਾਯਾ। ਦੇਸ਼ ਹਿਤ ਉਪਕਾਰ ਕਰਨਾ ਤੇ ਖੇਦ ਝਲਨੇ ਸਿਖਾਏ। ਵਿੱਦਯਾ ਦੇ ਹਿੱਤ ਨਾਲ ਦੇਸ ਸੇਵਾ

ਸਿਖਾਈ ਅਰ ਕਰਕੇ ਦਿਖਾਈ। ਅਸਲ ਵਿਚ ਗੁਰੂ ਜੀ ਤੋਂ ਪੈਹਲੇ 'ਦੇਸ਼ ਹਿਤ' ਦੇ ਖਯਾਲ ਨੂੰ ਬੀ ਲੋਕੀ ਨਹੀਂ ਸਮਝਦੇ ਸੇ।

ਧਨੁਖ ਧਾਰੀ–ਗੁਰੂ ਜੀ ਦੇ ਜਰਨੈਲ ਹੋਣ ਦੇ ਦਰਸ਼ਨ ਵਿਚ ਜਿਥੇ ਖਾਲਸਾ ਵਰਗੀ ਜੋਧਾ ਕੌਮ ਦਾ ਰਚਨਾ, ਇਕ ਗਿਰੀ ਹੋਈ ਆਪ ਨੂੰ ਨਿਕਾਰੀ ਜਾਣਨ ਵਾਲੀ ਕੌਮ ਵਿਚ ਸ੍ਵੈ ਸਤਕਾਰ, ਸ੍ਵੈ ਭਰੋਸਾ, ਅਰ ਬਜ਼ੁਰਗੀ ਦਾ ਮਾਦਾ ਕੁਰਬਾਨੀ ਦੀ ਰੂਹ ਫੂਕ ਕੇ ਭਰ ਦੇਣਾ, ਤੋਪ ਬੰਦੂਕ ਤਲਵਾਰ ਦੇ ਕਾਰਖਾਨੇ ਖੋਲ੍ਹਨੇ, ਘੋੜਸ਼ਾਲਾ ਰਚਨੀਆਂ, ਕਿਲੇ ਬੰਦੀਆਂ ਕਰਨੀਆਂ, ਪਿਆਦੇ ਸੁਆਰ, ਪਲਟਨਾਂ ਦਾ ਬੰਧਾਨ ਆਪ ਬੰਦੂਕ ਤਲਵਾਰ ਦੇ ਕਰਤਵ ਵਿੱਚ ਪ੍ਰਬੀਨ ਹੋਣਾ ਕਥਨ ਹੋ ਚੁਕਾ ਹੈ, ਉਥੇ ਹੀ ਤੀਰ ਅੰਦਾਜ਼ੀ ਇਕ ਦਰਸ਼ਨ ਸੀ। ਵੱਖਰੀ ਕੀ ਲੋੜ ਸੀ ? ਪਰ ਕਿਉਂਕਿ ਇਸ ਧਨੁਖ ਵਿੱਦਯਾ ਦੀ ਸਮਾਪਤੀ ਗੁਰੂ ਸਾਹਿਬ ਪਰ ਹੋ ਗਈ, ਇਸ ਕਰਕੇ ਖਾਸ ਦਰਸ਼ਨ ਦੀ ਲੋੜ ਹੈ। ਤੀਰਾਂ ਦੀ ਕਾਰਾਗਰੀ ਨੇ ਅਰਜਨ ਦੇ ਨਾਮ ਨੂੰ ਕਾਇਮ ਰਖਯਾ ਹੈ। ਪਰ ਗੁਰੂ ਜੀ ਦੇ ਤੀਰ ਬਹੁਤ ਹੀ ਵਧੀਆ ਸੇ। ਅਨੰਦਪੁਰ ਦੇ ਕਿਲੇ ਤੇ ਬੈਠਕੇ ਘੇਰੇ ਘੱਤਣ ਵਾਲੇ ਮੁਸਲਮਾਨ ਜਰਨੈਲ ਦੇ ਪਲੰਘ ਵਿੱਚ ਤੀਰ ਮਾਰਨਾ ਗੁਰੂ ਜੀ ਦਾ ਹੀ ਭੁਜ ਬਲ ਕਰ ਸਕਦਾ ਸੀ। ਵਿੱਥ ਸ਼ਾਇਦ ਦੋ ਮੀਲ ਤੋਂ ਵਧੀਕ ਦੀ ਕਹੀ ਜਾਂਦੀ ਹੈ, ਗੁਰੂ ਜੀ ਦੇ ਤੀਰ ਦੀ ਮੱਖੀ ਸੋਨੇ ਦੀ ਪਛਾਣਕੇ ਤੁਰਕ ਜਰਨੈਲ ਨੇ ਦੰਗ ਹੋ.ਕੇ ਕਿਹਾ ਕਿ ਕਰਾਮਾਤ ਹੈ। ਇਹ ਅਜੇ ਬਹਸ ਹੋ ਹੀ ਰਹੀ ਸੀ ਕਿ ਦੂਸਰੇ ਪਾਵੇ ਵਿਚ ਇਕ ਤੀਰ ਵੱਜਾ, ਜਿਸ ਦੇ ਨਾਲ ਖਤ ਬੱਧਾ ਹੋਇਆ ਸੀ, ਖੋਲ੍ਹਕੇ ਪੜ੍ਹਿਆ ਤਾਂ ਲਿਖਿਆ ਸੀ ਇਹ ਕਰਾਮਾਤ ਨਹੀਂ, ਪਰ ਕਮਾਲ ਹੈ। ਜਿਸਨੇ ਉਨ੍ਹਾਂ ਨੂੰ ਹੋਰ ਹੈਰਾਨ ਕਰ ਦਿੱਤਾ। ਗੁਰੂ ਜੀ ਦੇ ਤੀਰ ਬਹੁਤ ਤਿੱਖੇ ਤੇ ਨਿਸ਼ਾਨੇ ਬੈਠਦੇ ਸਨ। ਅਨੰਦ ਪੁਰ ਦੇ ਘੇਰੇ ਵਿਚ ਇਤਨਾ ਕਾਲ ਲੰਘ ਜਾਣਾ ਇਹ ਆਪ ਦੇ ਤੀਰਾਂ ਦੀ ਬਰਕਤ ਸੀ। ਚਾਲੀ ਪਯਾਰਿਆਂ ਨਾਲ ਚਮਕੌਰ ਦਾ ਕੱਚੀ ਗੜ੍ਹੀ ਵਿਚ ਬੈਠਕੇ ਹਜ਼ਾਰਾਂ ਫੌਜਾਂ ਨਾਲ ਟਾਕਰਾ ਕਰਨਾ ਅਰ ਗੜ੍ਹੀ ਸਰ ਨਾਂ ਹੋਣ ਦੇਣੀ ਇਨ੍ਹਾਂ ਤੀਰਾਂ ਦੀ ਬਰਕਤ ਸੀ। ਮੁਕਤਸਰ ਪਰ ਚਾਲੀ ਮੁਕਤਿਆਂ ਨੇ ਦਲਾਂ ਦੇ ਮੂੰਹ ਮੋੜ ਦੇਣੇ ਸ੍ਰੀ ਗੁਰੂ ਜੀ ਦੇ ਟਿੱਬੀ ਪਰ ਬੈਠਕੇ ਤੀਰਾ ਦੀ ਬੁਛਾੜ ਦਾ ਪ੍ਰਤਾਪ

ਸੀ। ਆਪ ਦਾ ਕਮਾਲ ਧਨੁਖ ਵਿਦਯਾ ਵਿਚ ਅਤੁਟ ਸੀ। ਸਵਾ ਡੇਢ ਮਣ ਦੀ ਮਾਮੂਲੀ ਕਮਾਨ ਖਿੱਚਣੀ ਕੁਛ ਬਾਤ ਨਹੀਂ ਸਮਝਦੇ ਸਨ, ਇਸ ਵਿਦਯਾ ਦੀ ਸਮਾਪਤੀ ਆਪ ਦੇ ਮਗਰੋਂ ਐਸੀ ਹੋਈ ਕਿ ਫੇਰ ਕੋਈ ਪੈਦਾ ਨਹੀਂ ਹੋਇਆ ਜਿਸਨੂੰ ਧਨੁਖ ਧਾਰੀ ਕਿਹਾ ਜਾ ਸਕੇ। ਇਸ ਲਈ ਸਤਿਗੁਰਾਂ ਨੂੰ ਆਖਰੀ ਧਨੁਖ ਧਾਰੀ ਕਹਣਾ ਕੁਛ ਗਲਤ ਨਹੀਂ ਹੈ।

ਕੌਮ ਕਰਤਾ— ਗੁਰੂ ਜੀ ਇਸ ਫਨ ਵਿਚ ਬੀ ਕਮਾਲ ਕਰ ਗਏ। ਆਪ ਨੇ ਟੁੱਟੀ ਫੁਟੀ ਮਰ ਮਿੱਟੀ ਪਰਜਾ ਵਿਚ ਕੌਮੀਅਤ ਦੀ ਨੀਂਹ ਰੱਖੀ, ਅਰ ਕੌਮੀਯਤ ਦਾ ਮਾਦਾ ਭਰਕੇ ਲੋਕਾਂ ਨੂੰ ਕੌਮ ਬਨਾਣਾ ਸਿਖਾਲ ਦਿੱਤਾ। ਸਾਂਝਾ ਪਿਆਰ, ਸਾਂਝਾ ਭੁਜ ਬਲ, ਸਾਂਝੇ ਘਾਟੇ ਦੇ ਅਗੇ ਸਾਂਝਾ ਪ੍ਰਯੱਤਨ, ਸਾਂਝੇ ਲਾਭ ਪਰ ਆਪਣੇ ਹੱਕ ਤੇ ਦੂਸਰੇ ਦੇ ਫਰਜ਼ ਦਾ ਸਤਕਾਰ ਕਰਨਾ, ਕੁਟ ਕੁਟ ਕੇ ਭਰ ਦਿੱਤਾ। ਪੰਚਾਯਤੀ ਪਿਆਰ ਅਰ ਪ੍ਰਬੰਧ, ਪੰਚਾਯਤੀ ਰਾਜ ਅਰ ਤੋਰਾ ਸਿਖਲਾ ਦਿੱਤਾ, ਅਰ ਅਪਣੇ ਚਲਾਣੇ ਵੇਲੇ ਆਪਣੀ ਰਚੀ ਕੌਮੀਯਤ ਦੀ ਨੀਂਹ ਬਹੁਤ ਹੀ ਪੱਕੀ ਕਰ ਦਿੱਤੀ। ਧਾਰਮਕ ਅਰ ਪੰਥਕ, ਬਿਵਹਾਰਕ ਅਰ ਰਾਜਸੀ ਪ੍ਰਬੰਧ ਸਭ ਗੁਰਮਤੇ ਅਰਥਾਤ ਪੰਚਾਯਤ ਦੇ ਪ੍ਰਬੰਧ ਵਿਚ ਕਰਕੇ, ਜਥੇਬੰਦੀ ਦੀ ਆਹਲਾ ਬਿਨਾ ਬੰਨ੍ਹ ਦਿੱਤੀ, ਅਰ ਲੋਕਾਂ ਵਿਚ ਸਾਂਝੇ ਕੰਮਾਂ ਲਈ ਸਾਂਝਾ ਰਸ ਪੈਦਾ ਕਰਕੇ ਸਾਂਝੇ ਬਲ ਬੁਧ ਨਾਲ ਨਜਿੱਠਣਾ ਸਿਖਾ ਕੇ ਅੱਗੇ ਲਈ ਆਪਣੇ ਅਖਤਯਾਰਾਤ ਸਾਂਝੇ ਭਾਈਚਾਰੇ ਅਰਥਾਤ ਪੰਥ ਦੇ ਇਕੱਠ ਵਿਚ ਦੇ ਦਿੱਤੇ, ਅਰ ਗ਼ਲਤੀ ਤੋਂ ਬਚਣ ਲਈ ਗੁਰਤਾ ਦੀ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਕੇ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਗੁਰੂ ਕਰ ਦਿੱਤਾ। ਉਨ੍ਹਾਂ ਨੇ ਜੋ ਬਿਨਾ ਬਧੀ ਅੰਤ ਸਮੇਂ ਤੱਕ ਬਹੁਤ ਉੱਤਮ ਨਿਭੀ, ਚਾਹੇ ਹੁਣ ਅਸੀ ਲੋਭ ਲਾਲਚਾਂ ਨਾਲ ਆਪ ਉਸ ਨੂੰ ਵਿਗਾੜੀਏ, ਜਿਕੂੰ ਕੋਈ ਵਾਹਿਗੁਰੂ ਦੇ ਬਖਸ਼ੇ ਸਰੀਰ ਨੂੰ ਆਤਮ ਘਾਤ ਨਾਲ ਮਾਰ ਦੇਵੇ। ਕੌਮ ਆਪ ਚਾਹੇ ਸ੍ਵੈ ਘਾਤ ਕਰ ਲਵੇ, ਪਰ ਉਨ੍ਹਾਂ ਦੇ ਕੌਮ ਕਰਤਾ ਹੋਣ ਵਿਚ ਕੋਈ ਕਸਰ ਨਹੀਂ, ਕੋਈ ਸੰਸਾ ਨਹੀਂ ਹੈ।

ਗੁਰੂ ਜੀ ਦੇ ਅਨੰਤ ਸਰੂਪ ਦਾ ਦਰਸ਼ਨ ਬਹੁਤ ਵੱਡਾ ਹੈ, ਏਥੇ ਹੁਣ ਥਾਂ

ਘਟ ਹੈ, ਇਸ ਕਰਕੇ ਅਸੀਂ ਹੁਣ ਉਨ੍ਹਾਂ ਦੇ ਸਰੂਪ ਦਾ ਇਕ ਹੋਰ ਝਾਕਾ ਲੈਕੇ ਸਮਾਪਤ ਕਰਕੇ ਆਪ ਤੋਂ ਪੁਛਦੇ ਹਾਂ ਕਿ ਜੇ ਤਾਂ ਆਪ ਨੂੰ ਆਪ ਦੀ ਕੀਰਤ ਮੂਰਤੀ ਦਾ ਦਰਸ਼ਨ ਹੋ ਗਿਆ ਹੈ ਤਦ ਵਾਹ ਵਾਹ, ਨਹੀਂ ਤਾਂ ਦਿਲ ਲਾ ਕੇ ਇਸ ਲੇਖ ਨੂੰ ਫੇਰ ਇਕ ਵੇਰ ਪੜ੍ਹ ਲੈਣਾ।

ਗੁਰਮੁਖ–ਗੁਰਮੁਖ ਦਾ ਅਰਥ ਕੀ ਹੈ ? ਜੋ ਆਪਣੇ ਸਤਿਗੁਰੂ ਨਾਲ ਸਨਮੁਖ ਰਹੇ। ਜਦੋਂ ਸੰਸਾਰ ਵਿਚ ਆਏ ਸੇ ਵਾਹਿਗੁਰੂ ਦੇ ਹੁਕਮ ਨਾਲ ਆਏ ਸੇ। ਪਰ ਉਨ੍ਹਾ ਦਾ ਪ੍ਰੇਮ ਵਾਹਿਗੁਰੂ ਨਾਲ ਐਸਾ ਸੀ ਕਿ ਉਨ੍ਹਾਂ ਦੀ ਸੁਰਤ ਪ੍ਰਭੂ ਚਰਨਾਂ ਵਿਚ ਪਰੋਤੀ ਰਹੀ, ਜੈਸਾ ਆਪ ਕਹਿੰਦੇ ਹਨ–

'ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿ

ਗੁਰਮੁਖ ਦੀ ਨਿਸ਼ਾਨੀ ਇਹ ਹੈ ਕਿ–

'ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੇ। ਸਬਦ ਸੁਰਤ ਭਵ ਸਾਗਰ ਤਰੀਐ ਨਾਨਕ ਨਾਮ ਵਖਾਣੈ '।

ਇਸ ਕਰਕੇ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਨੂੰ ਕਈ ਵੇਰ ਗੁਰਮੁਖ ਕਿਹਾ ਹੈ। ਅਕਾਲ ਪੁਰਖ ਗੁਰੂ ਹੈ, ਪਰ ਆਪਣੇ ਨਿਰਗੁਣ ਸਰੂਪ ਵਿਚ, ਪਰ ਗੁਰੂ ਨਾਨਕ ਦੇਵ ਗੁਰੂ ਹੈ, ਸਰਗੁਣ ਰੂਪ ਹੋਣ ਕਰਕੇ ਸਰਗੁਣ ਰੂਪ ਹੋਕੇ ਜਲ ਮਹਿ ਕਮਲ ਨਿਰਾਲਮ ਰਹਿੰਦੇ ਹਨ। ਦੇਖੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਈ ਕਿਤਨੇ ਬੋਝ ਸਨ। ਸੰਸਾਰ ਨੂੰ ਵਾਹਿਗੁਰੂ ਨਾਲ ਮੇਲਣਾ, ਸੰਸਾਰ ਦੇ ਉਸ ਵੇਲੇ ਦਾ ਸੰਕਟ ਹਰਨਾ, ਪਰਜਾ ਦੇ ਆਮ ਇਖ਼ਲਾਕ ਨੂੰ ਠੀਕ ਕਰਨਾ, ਬੀਰ ਰਸ ਸਿਖਾਣਾ, ਫੌਜਾਂ, ਕਿਲਿਆਂ ਦੇ ਪ੍ਰਬੰਧ ਕਰਨੇ, ਹਜ਼ਾਰਹਾਂ ਸੰਗਤਾਂ ਨੂੰ ਰੋਜ਼ ਮਿਲਨਾ ਤੇ ਸਭ ਨੂੰ ਸੰਤੁਸ਼ਟ ਕਰਨਾ, ਸ਼ਹਿਰ ਦਾ ਪ੍ਰਬੰਧ ਕਰਨਾ, ਦੁਸ਼ਮਨਾਂ ਤੇ ਹਮਸਾਇਆਂ ਨਾਲ ਨਿਭਣਾ, ਪੁਸਤਕ ਰਚਨੇ ਤੇ ਟੀਕਾ ਕਰਵਾਣੇ, ਉਪਕਾਰ ਦੇ ਚਸ਼ਮੇਂ ਜਾਰੀ ਕਰਨੇ, ਗ੍ਰਹਸਤ ਦਾ ਪ੍ਰਬੰਧ ਕਰਨਾ ਤੇ ਫੇਰ ਅਟੰਕ ਰੈਹਣਾ, ਜੈਸੇ ਅਲੇਪ ਆਉਣਾ, ਵੈਸੇ ਅਲੇਪ ਰੈਹਣਾ, ਤੇ ਵੈਸੇ ਅਲੇਪ ਤੁਰ ਜਾਣਾ, ਅਰ ਉਨ੍ਹਾਂ ਦੀ ੪੦ ਬਤਾਲੀ ਬਰਸ ਦੀ ਛੋਟੀ

ਉਮਰਾ ਦੇ ਕੀਤੇ ਕੰਮਾਂ ਦਾ ਅੱਜ ਤਕ ਸੰਸਾਰ ਪਰ ਅਸਰ ਡਾਲਨਾ ਅਰ ਜਾਰੀ ਰੈਹਣਾ, ਇਹ ਉਨ੍ਹਾਂ ਦੇ ਗੁਰਮੁਖ ਜੀਵਨ ਦਾ ਨਜ਼ਾਰਾ ਹੈ।

'ਗੁਰਮੁਖਿ ਕਲਿ ਵਿਚ ਪ੍ਰਗਟ ਹੋਆ'

# ੧੦. ਖੇੜਾ ਦਸਵਾਂ

(ਸੰ: ੪੪੦ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾਂ)

੧

''ਚਿਤ ਨ ਭਯੋ ਹਮਰੋ ਆਵਨ ਕਹ।
ਚੁਭੀ ਰਹੀ ਸੁਰਤਿ ਪ੍ਰਭੁ ਚਰਨਨ ਮਹ''।

ਪਿਤਾ ਜੀ ਪਿਆਰੇ ਪੁਤ੍ਰ ਨੂੰ ਪ੍ਰਦੇਸ਼ ਭੇਜਣ ਦੀ ਆਗਯਾ ਦੇਂਦੇ ਹਨ, ਪੁੱਤ੍ਰ ਜੀ ਪਰਦੇਸ ਵਿਚ ਜੋ ਕੰਮ ਕਰਨਾ ਹੈ ਉਸਦੇ ਬੋਝ ਨੂੰ ਬਹੁਤ ਭਾਰਾ ਸਮਝਕੇ ਪਿਆਰ ਤੇ ਆਸਰੇ ਭਰੀਆਂ ਨਿਗਾਹਾਂ ਨਾਲ ਚਰਨ ਕਮਲਾਂ ਵੱਲ ਤਕ ਰਹੇ ਹਨ। ਪਿਆਰਾ ਪਿਤਾ ਜਾਣਦਾ ਹੈ ਕਿ ਪੁੱਤ੍ਰ ਮੇਰੀ ਸਹਾਇਤਾ ਮੰਗਦਾ ਹੈ, ਅਰ ਮੇਰੀ ਸ਼ਕਤੀ ਦਾ ਆਸਰਾ ਨਾਲ ਲੀਤੇ ਬਿਨਾਂ ਪਰਦੇਸ ਜਾਣੋਂ ਸੰਗਦਾ ਹੈ। ਪਿਆਰਾ ਪਿਤਾ, ਸ਼ਕਤੀਮਾਨ ਪਿਤਾ ਬਚਨ ਦੇਂਦਾ ਹੈ ਕਿ ਪੁਤ੍ਰ! ਤੂੰ ਜਾ ਕੇ ਮੇਰੀ ਆਗਯਾ ਪੂਰਨ ਕਰ, ਪਿਤਾ ਆਖਦਾ ਹੈ ਜਾਹੁ ਬੇਟਾ, ਤੂੰ ਮੇਰੇ ਪੁੱਤ੍ਰ ਹੋਣ ਦੀ ਵਡਿਆਈ ਰਖਦਾ ਹੈਂ, ਤਾਂ ਤੇ ਮੈਂ ਤੇਰੇ ਵਿਚ ਹਾਂ। ਤੂੰ ਆਤਮਜ ਹੈਂ, ਤਾਂ ਤੇ ਮੇਰਾ ਰੂਪ ਹੈਂ, ਮੇਰਾ ਸਾਰਾ ਧਰਮ ਪਰਦੇਸ ਵਿਚ ਤੇਰਾ ਧਰਮ ਹੋਵੇਗਾ, ਮੇਰੀ ਸਾਰੀ ਪਵਿਤ੍ਰਤਾ ਤੇਰੀ ਪਵਿਤ੍ਰਤਾ ਹੋਵੇਗੀ, ਤੇਰੇ ਸਾਰੇ ਕਰਮ ਮੇਰੇ ਕਰਮ ਹੋਣਗੇ, ਤੈਨੂੰ ਕਿਸੇ ਗੱਲ ਦਾ ਲੇਪ ਨਹੀ ਹੋਵੇਗਾ। ਆਗਯਾ ਕਾਰੀ ਪੁਤ੍ਰ ਨਮਸਕਾਰ ਕਰਦਾ ਹੈ, ਸ਼ੁਕਰ ਦੇ ਭਾਵ ਨਾਲ

ਆਕਾਸ਼ ਧੰਨਯ ਹੋ ਜਾਂਦਾ ਹੈ। ਪਰ ਵੇਖੋ ਪੁੱਤ੍ਰ ਅਜੇ ਪਰਦੇਸ ਨਹੀਂ ਜਾ ਰਿਹਾ, ਅਜੇ ਅਟਕ ਰਿਹਾ ਹੈ, ਅਜੇ ਝਿਜਕ ਰਿਹਾ ਹੈ , ਅਜੇ ਸਿਰ ਨਿਹੁੜਾਇ ਪ੍ਰੇਮ ਪ੍ਰੋਤਾ ਖੜਾ ਹੈ। ਕੀ ਪੁਤ੍ਰ ਅਨ ਆਗਯਾ ਕਾਰ ਹੈ ? ਕੀ ਪੁੱਤ੍ਰ ਡਰਾਕਲ ਹੈ, ਜੋ ਪਰਦੇਸ ਦੇ ਦੁਖਾਂ ਤੋਂ ਭੈ ਖਾ ਰਿਹਾ ਹੈ ? ਕੀ ਪੁਤ੍ਰ ਸੁਆਰਥੀ ਹੈ ਜੋ ਪਿਤਾ ਦੀ ਆਗਯਾ ਪਾਲਨ ਲਈ ਘਰ ਦੇ ਸੁਖਾਂ ਦਾ ਤਿਆਗ ਨਹੀਂ ਕਰ ਸਕਦਾ ? ਕਦਾਚਿਤ ਨਹੀਂ, ਪੁਤ੍ਰ ਆਗਯਾ ਕਾਰੀ ਹੈ, ਪੁਤ੍ਰ ਬੀਰ ਹੈ, ਪੁਤ੍ਰ ਆਪਾ ਵਾਰ ਚੁਕਾ ਹੈ, ਸੁਖ ਦੁਖ ਨੂੰ ਸਮ ਜਾਣਦਾ ਹੈ। ਫੇਰ ਅਚਰਜ ਹੈ ਕਿ ਐਸਾ ਲਾਇਕ ਪੁਤ੍ਰ ਆਗਯਾ ਪਾਲਨ ਨਹੀਂ ਕਰ ਰਿਹਾ , ਐਦਾਂ ਹੀ ਖੜਾ ਹੈ ਕਿ ਜਿੱਦਾਂ ਆਗਯਾ ਮੰਨਣੋਂ ਕੁਛ ਟਾਲਾ ਕਰਨ ਵਾਲਾ ਹੁੰਦਾ ਹੈ ? ਮਿਤ੍ਰੋ! ਪਰਦੇਸ ਬੁਰਾ, ਪਰਦੇਸ ਦੇ ਦੁਖ ਬੁਰੇ , ਜਿਸਦੇ ਘਰ ਅਠ ਪਹਰ ਆਨੰਦ ਹੋਵੇ, ਜਿਸਦੇ ਘਰ ਕੋਈ ਕਮੀ ਨਾ ਹੋਵੇ, ਜਿਸ ਦੇ ਘਰ ਮੰਗਲ ਹੀ ਮੰਗਲ ਨਿਵਾਸ ਰਖਦਾ ਹੋਵੇ ਉਸ ਦਾ ਐਸੇ ਪਰਦੇਸ ਵਿਚ ਚਲੇ ਜਾਣਾ ਕਿ ਜਿਥੇ ਦੁਖ ਹੀ ਦੁਖ ਦੁਆਲੇ ਆ ਜਾਣ, ਜਿਥੇ ਕਲੇਸ਼ਾਂ ਦੀ ਛਹਬਰ ਹੀ ਲਗੀ ਰਹੇ, ਜਿਥੇ ਸੁਰਾਹੀ ਹੈ ਤਾਂ ਸੂਲ ਵਾਂਙ ਚੁਭਦੀ ਹੈ, ਪਿਆਲਾ ਹੈ ਤਾਂ ਤਿੱਖੀ ਖੰਜਰ ਵਾਂਗ ਰੱਤ ਦਾ ਕਚਕੌਲ ਭਰ ਲੈਂਦਾ ਹੈ ਜਿਥੇ ਭੋਜਨ ਐਡਾ ਪੀੜ ਦੇਦਾ ਹੈ, ਜਿੱਡਾ ਕਸਾਈਆਂ ਦਾ ਜਾਨਵਰ ਨੂੰ ਕੱਸਕੇ ਸ਼ਾਹ ਰਗ ਕੱਟਕੇ (ਥਿੰਗ) ਤੜਫਨੀ ਵਿਚ ਪਾ ਦੇਣਾ ਹੈ। ਹਾਇ! ਐਸੇ ਭਿਆਨਕ ਪਰਦੇਸ ਵਿਚ ਜਾਣੋਂ ਜੇ ਕੋਈ ਸੰਗੇ ਤਾਂ ਕੀ ਅਪਰਾਧ ਹੈ ? ਕੀ ਪਿਤਾ ਦੀਆਂ ਆਂਦਰਾਂ ਨੂੰ ਖੋਹ ਨਹੀਂ ਪੈਂਦੀ ਕਿ ਮੈਂ ਜਿਗਰ ਦੇ ਟੁਕੜੇ ਨੂੰ ਕਿੱਥੇ ਕੱਢਣ ਲੱਗਾ ਹਾਂ ? ਤੇ ਕੀਹ ਪੁਤ੍ਰ ਦਾ ਚਿਤ ਭੈ ਨਹੀਂ ਖਾਂਦਾ ? ਕੀ ਇਹੋ ਦਸ਼ਾ ਹੈ ਕਿ ਪੁਤ੍ਰ ਦੇ ਕਦਮ ਮਚਲ ਰਹੇ ਹਨ ਅਤੇ ਪਿਤਾ ਦੀਆਂ ਆਦਰਾਂ ਦੀ ਖਿਚ ਉਸਦੀ ਅਨਆਗਯਾਕਾਰੀ ਨੂੰ ਖਿਮਾਂ ਦੀ ਨਜ਼ਰ ਨਾਲ ਤਕ ਰਹੀ ਹੈ ? ਨਹੀਂ, ਪਿਆਰੇ ਪਾਠਕ ! ਅਸੀਂ ਅਪਨੇ ਖਿਆਲਾਂ ਤੇ ਭੁਲ ਬੈਠੇ ਹਾਂ। ਪੁਤ੍ਰ ਪਰਦੇਸ ਦੇ ਦੁਖਾਂ ਤੋ ਡਰ ਨਹੀਂ ਰਿਹਾ, ਪਰ ਪਿਆਰੇ ਪਿਤਾ ਦੇ ਚਰਨਾਂ ਦੇ ਵਿਛੋੜੇ ਦੀ ਚੋਭ 'ਅਣੀਆਲੇ ਅਣੀਆ ਰਾਮ ਰਾਜੇ'

ਪੁੱਤ੍ਰ ਨੂੰ ਅਟਕਾ ਰਹੀ ਹੈ, ਆਗਯਾ ਤਾਂ ਸਿਰ ਮੱਥੇ ਤੇ ਧਰ ਚੁਕਾ ਹੈ, ਟੁਰਨ ਬੀ ਲੱਗਾ ਹੈ, ਪਰ ਹਾਇ ਪ੍ਰੇਮ ਦੀਆਂ ਲੱਗੀਆਂ, ਹਾਇ 'ਰਾਮ ਭਗਤ ਅਣੀਆਲੇ

ਤੀਰ' ਕਦਮਾਂ ਨੂੰ ਹਿੱਲਣ ਨਹੀਂ ਦੇਂਦੇ ਇਸ ਭਾਵ ਨੂੰ ਕੌਣ ਸਮਝੇ। 'ਜਿਨ ਲਾਗੀ ਪ੍ਰੀਤ ਪਿਰੰਮ ਕੀ ਸੋ ਜਾਣੈ ਜਰੀਆਂ ਰਾਮ' ਮੋਹ ਤੇ ਮਮਤਾ ਨੂੰ ਸਾਰੇ ਸਮਝਦੇ ਹਨ, ਹਿਤ ਤੇ ਪਯਾਰ ਨੂੰ ਸਾਰੇ ਜਾਣਦੇ ਹਨ, ਪਰ ਪ੍ਰੇਮ ਨੂੰ ਕੇਵਲ ਓਹ ਸਮਝਦਾ ਹੈ ਜਿਨ ਪ੍ਰੇਮ ਵੇਖਿਆ ਹੈ। ਫਿਰ ਜਦ ਬਿਰਹਾ ਸੁਲਤਾਨ ਆ ਜਾਵੇ, ਪ੍ਰੇਮ ਦੀ ਨੈਂ ਫਿਰ ਓਹ ਕਾਂਗਾਂ ਤੇ ਆਉਂਦੀ ਹੈ ਕਿ ਹੰਦ ਬੰਨੇ ਸਭ ਇਕ ਹੋ ਜਾਂਦੇ ਹਨ। ਤਦੇ ਸਤਗੁਰਾਂ ਨੇ ਕਿਹਾ ਹੈ :

''ਬਿਰਹਾ ਬਿਰਹਾ ਆਖੀਐ ਬਿਰਹਾ ਤੂੰ ਸੁਲਤਾਨ'।

ਬਿਰਹੋਂ ਪਾਤਸ਼ਾਹ ਹੈ, ਇਸ ਵੇਲੇ ਪਿਤਾ ਦੇ ਚਰਨਾਂ ਕਮਲਾਂ ਤੋਂ ਬਿਰਹਾ ਆ ਰਿਹਾ ਹੈ, ਇਸ ਵੇਲੇ ਪ੍ਰੇਮ ਹੁਰੀ ਹੜ੍ਹ ਲੈ ਆਏ ਹਨ, ਸੁਰਤ ਚਰਨਾਂ ਕਮਲਾਂ ਨੂੰ ਲਪਟ ਰਹੀ ਹੈ, ਕਦਮ ਕੀ ਹਿੱਲਣ ਜਦ ਸੁਰਤ ਹੀ ਚਰਨਾਂ ਵਿਚ ਮਹਵ ਹੋ ਰਹੀ ਹੈ, ਸੁਰਤ ਆਪੇ ਵਿਚ ਆਵੇ ਤਾਂ ਕੋਈ ਟੁਰੇ। ਜੇ ਸੁਰਤ ਹੀ ਅਨ ਆਪੇ ਵਿਚ ਹੈ ਤਦ ਟੁਰੇ ਕੌਣ, ਅਰ ਕੌਣ ਕਿਸਦਾ ਅਪਰਾਧ ਵੀਚਾਰੇ ? ਜੇ ਪੁਤ੍ਰ ਦੀ ਸੁਰਤ ਇਕੁਰ ਲੀਨ ਹੈ, ਤਾਂ ਪਿਤਾ ਨੂੰ ਇਹ ਖਿਆਲ 'ਕਿਨਹੀਂ ਟੁਰ ਰਿਹਾ' ਯਾ 'ਅਨਆਗਯਾ ਕਾਰੀ ਹੈ' ਕਿਥੇ ਹੈ ? ਓਹ ਤਾਂ ਅਪਨੇ ਪੁੱਤ੍ਰ ਦੇ ਪ੍ਰੇਮ ਵਿਚ ਆਨੰਦ ਹਨ। ਜੇ ਢੋਲ ਚੁਹੱਕਲੀ ਦੇ ਬੂੜੀਏ ਫਸੇ ਹਨ ਤਦ ਦੁਵੱਲੀ ਖਿੱਚ ਇਕ ਸਾਰ ਤਣ ਰਹੀ ਹੈ। ਇਸ ਵੇਲੇ 'ਮੈਂ ਅਟਕ ਰਿਹਾ ਹਾਂ' ਤੇ 'ਇਹ ਜਾ ਨਹੀਂ ਰਿਹਾ' ਦੋਨੋਂ ਭਾਵ ਪ੍ਰੇਮ ਦੇ ਵੇਗ ਵਿਚ ਲੋਪ ਹਨ, ਪ੍ਰੇਮ ਹੈ ਕਿ ਜਾਦੂ ਹੈ, ਪਰ ਮਿਤ੍ਰ ! ਪਰਦੇਸ ਦੇ ਦੁਖੀਆਂ ਦੇ ਦੁਖ ਉਸ ਪ੍ਰੇਮ ਮੰਡਲ ਵਿਚ ਬੀ ਜਾ ਅਪੜੇ ਹਨ, ਉਹ ਪੀੜਾ ਦੀ ਕੂਕ, ਓਹ ਦਰਦ ਦੀ ਫਰਿਆਦ, ਓਹ ਕਲੇਸ਼ ਦੀ ਵਿਲਕਣੀ, ਇਤਨੀ ਤ੍ਰਿਖੀ ਤੇ ਕਟਕ ਦੀ ਡਾਢੀ ਹੋ ਗਈ ਹੈ ਕਿ ਉਥੇ ਬੀ ਜਾ ਅੱਪੜੀ। ਦੀਨ ਰੱਖਿਆ , ਪਤਤ ਪਾਵਨਤਾ ਉਸ ਪ੍ਰੇਮ ਦੇ ਆਨੰਦ ਨੂੰ ਬੀ ਅਪਨੇ ਬਿਰਦ ਪਰ ਵਾਰਦੀ ਹੈ। ਪਿਤਾ ਪੁਤ੍ਰ ਵਿਛੜਦੇ ਹਨ, ਪ੍ਰੇਮ ਦੀ ਪ੍ਰਭਾ ਵਿਚ ਪ੍ਰੇਮ ਨਾਲ ਖਿਚੇ ਪਿਤਾ ਪੁਤ੍ਰ ਵਿਛੜਦੇ ਹਨ। ਪਿਤਾ ਤਾਂ ਸ੍ਵਦੇਸ਼ ਬੈਠਾ, ਦੇਸ ਪਰਦੇਸ ਵਿਚ ਇਕ ਰੂਪ ਹੋ ਰਿਹਾ ਹੈ, ਤੇ ਪੁਤ੍ਰ ਨੂੰ ਇਕ ਸਰੀਰ ਦੇ ਕੇ ਪਰਦੇਸ਼ ਵਿਚ ਟੋਰਿਆ ਜਾਂਦਾ ਹੈ। ਸਰੀਰ ਦੇ ਮੰਦਰ ਵਿਚ ਆ ਰਿਹਾ ਪੁਤ੍ਰ ਜੋ

ਪਰੇਮ ਦੀ ਕਮਾਲ ਖਿੱਚ ਦੇ ਕਾਰਣ ਜਾਣਾ ਨਹੀਂ ਚਾਹੁੰਦਾ, ਸਰੀਰ ਦੇ ਮੰਦਰ ਵਿਚ ਜਾਣ ਤੋਂ ਪਹਿਲਾ ਪਿਤਾ ਦੇ ਚਰਨਾਂ ਨਾਲ ਇਕ ਡੋਰ ਬੰਨ੍ਹਦਾ ਹੈ , ਜਿਸਦਾ ਦੂਜਾ ਸਿਰਾ ਇਸ ਨਵੇਂ ਮੰਦ੍ਰ (ਸਰੀਰ) ਦੀ ਖਿੜਕੀ ਦਿਲ ਨੂੰ ਬੰਨ੍ਹ ਦੇਂਦਾ ਹੈ, ਤਾ ਜੋ ਪਰਦੇਸ ਵਿਚ ਪਿਤਾ ਪੁੱਤ੍ਰ ਦੇ ਵਿਚਕਾਰ ਤਾਰ ਘਰ ਦੀ ਤਾਰ ਵਾਂਗੂੰ ਤਾਰ ਲਗੀ ਰਹੀ, ਅਰ ਇਸ ਤਾਰ ਵਿਚ ਪ੍ਰੇਮ ਦੀ ਤਾਰ ਆਠ ਜਾਮ ਚੌਸਠ ਘੜੀ ਵਜਦੀ ਹੀ ਰਹੇ। ਅਸੀਂ ਇਸ ਰੰਗ ਨੂੰ ਕਿਥੋਂ ਸਮਝ ਸਕੀਏ, ਓਹ ਦੈਵੀ ਪੁੱਤ੍ਰ ਜੀ ਆਪ ਆਖਦੇ ਹਨ :–

'ਚਿਤ ਨ ਭਯੋ ਹਮਰੋ ਆਵਨ ਕਹ।
ਚੁਭੀ ਰਹੀ ਸੁਰਤਿ ਪ੍ਰਭੁ ਚਰਨਨ ਮਹ'।

ਉਹ ਜੋ ਆਉਣ ਨੂੰ ਚਿੱਤ ਨਹੀਂ ਸੀ, ਉਸਨੇ ਸੁਰਤ ਨੂੰ ਪਿਤਾ ਦੇ ਚਰਨਾਂ ਨਾਲ ਬੰਨ੍ਹ ਦਿਤਾ, ਸੁਰਤ ਦਾ ਓਥੇ ਬੰਨ੍ਹਕੇ ਟੁਰਨਾ ਫੇਰ ਯਾਦ ਦੀ ਡੋਰ ਨਾਲ ਬਝੇ ਰਹਿਣਾ, ਇਕ ਪਯਾਰੇ ਪਿਤਾ ਦੇ ਨਾਲ ਏ ਕ ਤਾਸੀ ਜੋ ਆਪ ਨਾਲ ਲੈ ਕੇ ਆਏ। ਏਹ ਵਸਲ ਸੀ ਜਿਸ ਨੂੰ ਹਰ ਦਮ ਪੁਤ੍ਰ ਨੇ ਪਰਦੇਸ ਆਕੇ ਬੀ ਪਿਤਾ ਨਾਲ ਇਕ ਰਸ ਕਾਇਮ ਰਖਿਆ। ਇਹ ਸੰਜੋਗ ਸੀ ਜਿਸ ਨੇ ਪਰਦੇਸ ਦੀ ਵਿੱਥ ਅਰ ਸਰੀਰ ਦੇ ਪਰਦੇ ਦੇ ਹੁੰਦਿਆਂ ਬੀ ਵਿਜੋਗ ਵਿਚ ਨਹੀਂ ਪਲਟਣ ਦਿਤਾ। ਇਹ ਮੇਲ ਦੀ ਗੰਢ ਸੀ ਜਿਸਨੇ ਬਿਰਹੋਂ ਸੁਲਤਾਨ ਨੂੰ ਉਸ ਸਰੀਰ ਵਿਚ ਸੁਰਜੀਤ ਰੱਖਿਆ, ਕਿਉਂਕਿ:–

'ਜਿਤ ਤਨ ਬਿਰਹੋ ਨਾ ਉਪਜੇ ਸੋ ਤਨ ਜਾਣ ਮਸਾਣ'

ਓਹ ਸਰੀਰ ਜਿਸ ਵਿਚ ਵੱਸ ਕੇ ਪਰਦੇਸ ਦਾ ਕੰਮ ਕਰਨਾ ਸੀ, ਮਸਾਣ ਹੋ ਜਾਂਦਾ। ਮਸਾਣ ਸਰੀਰ ਤਾਂ ਮੁਰਦੇ ਹੋ ਗਏ, ਮੁਰਦੇ ਅੱਗੇ ਸਾਰੇ ਹੀ ਸਨ, ਲੋੜ ਜੀਉਂਦੇ ਦੀ ਸੀ, ਜੋ ਮੁਰਦਿਆਂ ਨੂੰ ਜਿਵਾ ਦੇਂਦਾ। ਸੋ ਕਿਕੂੰ ਹੋ ਸਕਦਾ ਸੀ ਜੇ ਏਹ ਸਰੀਰ ਬੀ ਮੁਰਦਾ ਹੋ ਜਾਂਦਾ ਤਾਂ ? ਇਸੇ ਕਰਕੇ ਇਸ ਸਰੀਰ ਨੂੰ ਮਸਾਣ ਨਹੀਂ ਬਣਨ ਦਿਤਾ, ਇਸ ਸਰੀਰ ਨੂੰ ਜੀਉਂਦਿਆਂ ਰੱਖਿਆ, ਇਸ ਵਿਚ ਬਿਰਹਾ ਪਾ

ਦਿਤਾ। ਬਿਰਹੋਂ ਨੇ ਇਸ ਸਰੀਰ ਨੂੰ ਜ਼ਿੰਦਾ ਰਖਿਆ, ਬਿਰਹੋਂ ਸੁਲਤਾਨ ਹੈ, ਉਸ ਜੀਉਂਦੇ ਸੁਲਤਾਨ ਨੇ ਸਰੀਰ ਨੂੰ ਬੀ ਵੈਸਾ ਸੁਰਜੀਤ ਰਖਿਆ ਕਿ ਜੈਸਾ ਸੁਰਜੀਤ ਵਿਚ ਵੱਸਣ ਵਾਲਾ ਜ਼ਿੰਦਗੀ ਦਾ ਸੋਮਾਂ ਪੁਤ੍ਰ ਆਪ ਸੀ, ਪਰ ਬਿਰਹੋਂ ਸੁਲਤਾਨ ਕਿੱਕੂੰ ਵਸਿਆ! ਇਸ ਪਹਲੀ ਚੋਭ ਨੇ ਕਿ:—

'ਮੇਰਾ ਜੀ ਆਉਣ ਨੂੰ ਨਹੀਂ ਕਰਦਾ ਸੀ, ਮੇਰੀ ਸੁਰਤ ਪਿਆਰੇ ਦੇ ਚਰਨਾਂ ਵਿਚ ਚੁਭੀ ਹੀ ਰਹੀ ਹੈ'।

ਇਸ ਪਰੇਮ ਭਰੇ ਰੰਗ ਵਿਚ ਮਗਨ ਹੋਕੇ ਨਾ ਆਉਣ ਦੇ ਭਾਵ ਨੇ ਸੁਰਤ ਨੂੰ ਪਿਤਾ ਦੇ ਚਰਨਾਂ ਵਿਚ ਚੋਭ ਦਿਤਾ, ਸੁਰਤ ਦੇ ਚੁਭੇ ਰਹਣ ਨੇ ਸਰੀਰ ਵਿਚ ਬਿਰਹੋਂ ਦਾ ਵਾਸ ਕਰ ਦਿਤਾ, ਬਿਰਹੋਂ ਨੇ ਸਰੀਰ ਨੂੰ ਜੀਵਤ ਰਖਿਆ, ਜੀਵਤ ਸਰੀਰ ਨੇ ਪਰਦੇਸ ਵਿਚ ਵਸਦੇ ਦੁਖੀ ਰਵਾਣੇ ਮੁਰਦੇ ਸਰੀਰਾਂ ਨੂੰ ਅਪਨੀ ਛੂਤ ਨਾਲ, ਅਪਨੀ ਲਾਗ ਨਾਲ ਸੁਰਜੀਤ ਕਰ ਦਿਤਾ। ਇਸ ਸੁਰਜੀਤ ਕਰਨ ਨੇ ਉਹ ਮਨੋਰਥ ਪੂਰਾ ਕਰ ਦਿਤਾ, ਜਿਸਦੇ ਕਰਨ ਲਈ ਪਿਤਾ ਨੇ ਪਿਆਰੇ ਪੁੱਤ੍ਰ ਲਾਲ ਦੁਲਾਰੇ ਨੂੰ ਪਰਦੇਸ ਵਿਚ ਭੇਜ ਦਿੱਤਾ ਸੀ। ਸੋ ਪਿਆਰੇ ਪਾਠਕ! ਪੁੱਤ੍ਰ ਦਾ ਪਿਆਰੇ ਪਿਤਾ ਦੇ ਚਰਨਾਂ ਤੋਂ ਵਿਛੜਕੇ ਟੁਰਨ ਵਿਚ ਅੜਕਣੀ ਅਨਾਗਯਾਕਾਰੀ ਨਹੀ ਸੀ, ਪਰ ਸਚੀ ਆਗਯਾ ਮੰਨਣੀ ਸੀ। ਉਸੇ ਨੁਕਤੇ ਵਿਚ ਸਾਰੇ ਮਨੋਰਥ ਦੀ ਸਿਧੀ ਸੀ, ਉਸੇ ਰੰਗ ਵਿਚ ਸਾਰਾ ਕਾਰਜ ਸੌਰਨਾ ਸੀ।

ਮਿਤ੍ਰ ਜੀ ਕੀ ਸਮਝੇ ਹੋ ? ਅੱਜ ਪਿਆਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਦਿਨ ਹੈ, ਓਹ ਇਹੋ ਸਾਈਂ ਸਵਾਰਿਆ ਪੁਤ ਹੈ ਜੋ ਵਾਹਿਗੁਰੂ ਪਿਤਾ ਨੇ ਅਜ ਦੇ ਦਿਨ ਪਰਦੇਸ ਘਲਿਆ ਸੀ। ਇਹ ਸੰਸਾਰ ਜੋ ਸਾਡਾ ਵਤਨ ਹੈ, ਇਹੋ ਧਰਤੀ ਜਿਸਨੂੰ ਅਸੀ ਅਪਨਾ ਦੇਸ ਕਹਿੰਦੇ ਹਾਂ, ਉਸ ਪੁਤ੍ਰ ਲਈ ਪਰਦੇਸ ਸੀ ਜਿਥੇ ਉਨ੍ਹਾਂ ਦੇ ਦੇਸ ਦੇ ਉਲਟ ਕਰਤੱਬ ਹੁੰਦੇ ਹਨ। ਇਸੇ ਪਰਦੇਸ ਵਿਚ ਵਾਹਗੁਰੂ ਪਿਤਾ ਜੀ ਨੇ ਸਪੁਤ੍ਰ ਕਲਗੀਧਰ ਜੀ ਨੂੰ ਆਖਿਆ ਸੀ ਕਿ 'ਜਾਹੁ ਬੇਟਾ ਪਾਪ ਵਧ ਗਿਆ ਹੈ, ਸ੍ਰਿਸ਼ਟੀ ਦੁਖੀ ਹੈ ਅਰ ਸਾਰੇ ਸਰੀਰ ਮੁਰਦਾ ਹੋ ਗਏ ਹਨ, ਤੂੰ ਜਾਹ, ਦੁਖ ਦੂਰ

ਕਰ ਤੇ ਜ਼ਿੰਦਗੀ ਦਾਨ ਕਰ।'' ਅਜ ਦੇ ਦਿਨ ਹੀ ਓਹ ਪਿਆਰੇ ਟੁਰਨ ਲਗੇ ਪ੍ਰੇਮ ਵਿਚ ਬੱਧੇ ਰੁਕਦੇ ਸਨ, ਤੇ ਟੁਰੇ ਤਾਂ ਸੁਰਤ ਦੀ ਕੁੰਡੀ ਯਾਦ ਦੀ ਡੋਰ ਨਾਲ ਬੰਨ੍ਹ ਕੇ ਟੁਰੇ, ਪਰ ਉਹੋ ਪ੍ਰੇਮ ਦੀ ਰੱਤੀ ਯਾਦ ਦੀ ਸੁਰਤ ਨਾਲ ਪਾ ਕੇ ਸਾਡੇ ਅੰਦਰ ਬੰਨ੍ਹ ਕੇ ਬਿਰਹੋਂ ਸੁਲਤਾਨ ਦੇ ਹਥ ਫੜਾ ਦਿਤੀ ਕਿ ਜਾਹ ਵਾਹਿਗੁਰੂ ਦੇ ਚਰਨਾਂ ਨਾਲ ਬੰਨ੍ਹ ਦੇਹ। ਜੋ ਜੋ ਇਸ ਡੋਰ ਨਾਲ ਬਝਾ ਸੋ ਸੋ ਜੀਉਂਦਾ ਹੋ ਗਿਆ, ਉਸੇ ਦਾ ਨਾਉਂ ਸਿੱਖ ਹੋਇਆ, ਕਿਉਂਕਿ ਓਹ ਮੁਰਦਾ ਅਵਸਥਾ ਤੋਂ ਜ਼ਿੰਦਗੀ ਵਿਚ ਅਪੜਨ ਦੀ ਜਾਂਚ ਸਿਖ ਗਿਆ। ਜੀਉਂਦੇ ਗੁਰੂ ਨੇ ਮੁਰਦੇ ਜੀਉਂਦੇ ਕਰਕੇ ਪਿਤਾ ਦੀ ਆਗਯਾ ਪੂਰਨ ਕੀਤੀ, ਪਰ ਆਪ ਪਰਦੇਸ ਵਸਦੇ ਬੀ ਦੇਸ ਰਹੇ, ਪਿਤਾ ਤੋਂ ਵਿਛੜੇ ਬੀ ਮਿਲ ਰਹੇ।

ਹਾਇ ਪਰਦੇਸ ! ਸਾਨੂੰ ਤਾਂ ਇਹ ਪਰਦੇਸ ਨਹੀਂ, ਕਿਉਂਕਿ ਸਾਡਾ ਇਹ ਵਤਨ ਹੈ, ਇਥੋਂ ਦੇ ਵਿਹੁ ਦੇ ਅਹਾਰ ਸਾਨੂੰ ਵਿਹੁ ਨਹੀਂ, ਕਿਉਂਕਿ ਅਸੀ ਵਿਹੁ ਦੇ ਕੀੜੇ ਹਾਂ। ਅਸਾਂ ਵਿਹੁਲਿਆਂ ਨੇ ਉਸ ਅੰਮ੍ਰਿਤ ਕੁੰਡ ਨੂੰ ਵੀ ਵਿਹੁ ਦੇ ਛੱਟੇ ਮਾਰੇ, ਅਸਾਂ ਕਦਰ ਨਾ ਪਾਈ ਕਿ ਪਿਆਰਾ ਕਿਤਨੀ ਕੁਰਬਾਨੀ ਕਰਕੇ ਪਰਦੇਸ ਆਯਾ ਹੈ, ਅਸਾਂ ਉਸਨੂੰ ਬੀ ਦੁਖ ਦਿੱਤਾ, ਕਲੇਸ਼ ਪੁਚਾਏ, ਸਤਾਯਾ ਤੇ ਖੇਦਾਂ ਵਿਚ ਪਾਇਆ, ਪਰ ਓਹ ਪਰਦੇਸ ਵਿਚ ਵੱਸਕੇ ਬੀ ਸ੍ਵਦੇਸ਼ ਰਹਨ ਵਾਲਾ ਸਾਡੇ ਵਿਹੁ ਦੇ ਬਦਲੇ ਅੰਮ੍ਰਤ ਦੇਂਦਾ ਰਿਹਾ। ਉਹ ਸਾਨੂੰ ਅੰਮ੍ਰਿਤ ਉਪਦੇਸ ਦੇਵੇ ਅਸੀ ਕਹੀਏ ਤੂੰ ਮੁੰਡਾ ਹੈਂ, ਅਜੇ ਤੈਨੂੰ ਜਾਂਚ ਨਹੀਂ। ਵਰੇਸ ਛੋਟੀ ਹੈ, ਵੱਡਿਆਂ ਦੀ ਰੀਤੀ ਤੇ ਨਹੀਂ ਟੁਰਦਾ ਹੈਂ। ਹਾਇ ! ਸਾਡੇ ਵਿਹੁਲਿਆਂ ਕੀੜਿਆਂ ਦੀ ਨਾਸ਼ੁਕਰੀ ਤੇ ਧ੍ਰਿਕਾਰ ਹੈ। ਉਹ ਪਯਾਰਾ ਅੰਮ੍ਰਿਤ ਤਯਾਰ ਕਰਕੇ ਕਹਿੰਦਾ ਹੈ ਛਕੋ, ਅਮਰ ਹੋ ਜਾਓ, ਆਪ ਹੀ ਨਹੀਂ, ਮੈਥੋਂ ਅਮਰ ਹੋਣ ਦੀ ਐਸੀ ਲਾਗ ਲਓ ਕਿ ਜਿਸਨੂੰ ਲਾਓ ਓਹ ਅਮਰ ਹੋ ਜਾਏ, ਪਰ ਅਸੀ ਕੀ ਆਖਦੇ ਹਾਂ, ਕਿ ਦੇਵੀ ਸਿਰ ਨੂੰ ਚੜ੍ਹ ਗਈ ਹੈ, ਹੋਸ਼ ਟਿਕਾਣੇ ਨਹੀਂ ਰਹੀ ਹੈ। ਇਹ ਉਸਦਾ ਪਯਾਰ ਤੇ ਇਹ ਸਾਡੀ ਵਿਖ ਭਰੀ ਕਦਰ ਦਾਨੀ। ਉਹ ਪਿਆਰਾ ਜਿੰਦ ਦੇਣ ਵਾਲਾ ਆਖਦਾ ਹੈ, ਆਓ ਮੈਂ ਤੁਹਾਨੂੰ ਸੰਤ ਅਰ ਬੀਰ ਬਨਾਵਾ। ਅਸੀਂ ਆਖਦੇ ਹਾਂ ਤੂੰ ਗੁਰੂ ਨਾਨਕ ਦਾ ਰਾਹ ਛਡ ਕੇ ਤਲਵਾਰ ਫੜੀ ਹੈ। ਓਹ ਕਹਿੰਦਾ ਹੈ ਆਓ ਸੁਰਤ ਦੀ ਉਚੀ ਅਟਾਰੀ ਚੜ੍ਹਾਵਾਂ ਤੁਹਾਨੂੰ

ਤਲਵਾਰ ਦੇ ਕੇ ਦੱਸਾਂ ਕਿ ਇਹ ਖੂਨ ਨਹੀਂ ਕਰਦੀ, ਇਹ ਪਾਪ ਨਹੀਂ ਕਰਦੀ, ਇਹ ਤਾਂ ਪਾਪ ਨੂੰ ਖੰਡਦੀ ਹੈ। ਰੋਗ ਸਰੀਰ ਨੂੰ ਮਾਰਦਾ ਹੈ, ਪਰ ਦਾਰੂ ਮੌਤ ਨਹੀਂ ਹੈ। ਤਿਵੇਂ ਇਹ ਤਲਵਾਰ ਰੋਗ ਨਹੀਂ ਹੈ, ਪਰ ਰੋਗ ਨੂੰ ਰੋਗ ਹੈ, 'ਨਮੋ ਰੋਗ ਰੋਗੇ' ਕੈਹਕੇ ਗੁਰੂ ਦਸਦਾ ਹੈ ਕਿ ਜੋ ਰੋਗ ਨੂੰ ਰੋਗ ਰੂਪ ਹੋ ਕੇ ਲੱਗੇ, ਜੋ ਤੰਦਰੁਸਤੀ ਦੇ ਵੈਰੀ ਨੂੰ ਮਾਰ ਪਛਾੜੇ ਓਹ ਜ਼ਿੰਦਗੀ ਲਈ ਤੰਦਰੁਸਤੀ ਹੈ, ਮੌਤ ਨਹੀਂ ਹੈ। ਮਰੇ ਹਥ ਵਿਚ ਦੁਰਗਾ ਪਾਪ ਨਹੀਂ ਹੈ, ਪਰ ਪਾਪ ਨੂੰ ਪਾਪ ਕਰਨੋ ਰੋਕਣ ਲਈ ਹੈ। ਪਰ ਇਸ ਨੂੰ ਸੁਰਤ ਪੱਕੀ ਵਾਲੇ ਧਾਰਦੇ ਹਨ, ਇਸ ਨੂੰ ਅਭੈ ਪੁਰਖ ਵਾਹੁੰਦੇ ਹਨ। ਹਰਖ ਸ਼ੋਕ ਤੇ ਮਾਨ ਅਪਮਾਨ ਤੋਂ ਤਰ ਚੁਕੇ ਇਸ ਨੂੰ ਚਲਾ ਸਕਦੇ ਹਨ। ਆਓ! ਮੈਂ ਅੰਮ੍ਰਿਤ ਛਕਾ ਕੇ ਤੁਹਾਨੂੰ ਅਮਰ ਕਰਾਂ, ਆਓ! ਮੈਂ ਅੰਮ੍ਰਿਤ ਨਾਲ ਤੁਹਾਡੀ ਸੁਰਤ ਨੂੰ ਚੜ੍ਹਾ ਦਿਆਂ, ਚੜ੍ਹੀ ਸੁਰਤ ਨਾਲ ਤੁਸੀਂ ਲੋਕਾਂ ਦਾ ਕਾਰਜ ਸਵਾਰੋ। ਤੁਹਾਨੂੰ ਹਉਮੈ ਦੀ ਮੌਤ ਮਾਰ ਦਿਆਂ, ਫੇਰ ਤੁਸੀ ਨਵੀਂ ਜ਼ਿੰਦਗੀ ਪਾਵੋ, ਫਿਰ ਇਸ ਤਲਵਾਰ ਨਾਲ ਮੌਤ ਨੂੰ ਮਾਰੋ ਤੇ ਜਿੰਦਗੀ ਨੂੰ ਬਚਾਓ। ਮੇਰੀ ਤਲਵਾਰ ਵਾਰ ਨਹੀਂ ਕਰਦੀ, ਪਰ ਵਾਰ ਨੂੰ ਢਾਲ ਹੈ। ਪਰ ਢਾਲ ਐਸੀ ਪੱਕੀ ਹੈ ਕਿ ਪਾਪ ਦੀ ਤਲਵਾਰ ਨੂੰ ਤੋੜਦੀ ਹੈ। ਮਿਤਰੋ! ਉਹ ਪਿਆਰਾ ਦਾਤਾ ਸਾਨੂੰ ਕੀੜਿਆਂ ਸੋਗ ਵਾਲੇ ਡਰਾਕਲ, ਪਾਪ ਤੇ ਹਉ ਭਰੇ ਜੀਵਨ ਤੋ ਕਢਕੇ ਨਰੋਏ ਜੀਵਨ ਵਿਚ ਪਾਕੇ ਪਾਪ ਰੋਕਣ ਲਈ ਖੜਗ ਧਾਰੀ ਕਰਦਾ ਹੈ, ਪਰ ਹਾਇ! ਸਾਡੀ ਕਦਰਦਾਨੀ ਕਿ ਢੱਹਦੀਆਂ ਸੁਰਤਾਂ ਵਾਲੇ ਹੋਕੇ ਚੜ੍ਹਦੀਆਂ ਕਲਾਂ ਦੇ ਮਾਲਕ ਦੀ ਕਰਨੀ ਪਰ ਫੈਸਲੇ ਕਰਦੇ ਹਾਂ। ਓਹ ਪਿਆਰਾ ਆਖਦਾ ਹੈ, ਉਹ ਸਾਡਾ ਜੀਵਨ ਦਾਤਾ ਜਿਸਦੀ ਸ਼ਾਨ ਵਿਚ ਇਹ ਕਿਹਾ ਜਾਵੇ:—

'ਜਿਸ ਬਿਨ ਘੜੀ ਨਾ ਜੀਵਨਾ ਵਿਸਰੇ ਚਸਾ ਨ ਬਿੰਦ।
ਤਿਸ ਸਿਉ ਕਿਉ ਮਨ ਰੂਸੀਐ ਜਿਸੈ ਹਮਾਰੀ ਚਿੰਦ।'

ਉਹ ਸਾਡਾ ਜੀਵਨ ਦਾਤਾ ਆਖਦਾ ਹੈ, ਆਓ ਮੇਰੇ ਹੁਕਮ ਹੇਠ ਟੁਰੋ। ਅਸੀ ਕਹਿੰਦੇ ਹਾਂ ਅਸੀਂਤੇਰੇ ਲਾਲ ਰੁਠੇ ਭਲੇ, ਆਹ ਲੈ ਸਿੱਖੀ ਤੇ ਆਹ ਲੈ ਗੁਰੀਆਈ, ਅਸੀ ਵੈਂਦੇ ਪਏ ਹਾਂ। ਹਾਇ, ਸਜਨੋਂ! ਐਨ ਜੰਗ ਮਚੇ ਤੇ ਅਸਾਂ ਪਿਆਰੇ ਸੱਜਨ ਨੂੰ ਪਿੱਠ ਦਿੱਤੀ, ਉਸ ਘਮਸਾਨ ਵਿਚ ਓਹ ਕਹਰ ਵਰਤਿਆ ਕਿ

ਪਿਆਰੇ ਮਾਰੇ ਗਏ, ਸਾਹਿਬਜ਼ਾਦੇ ਜਾਨਾਂ ਤੇ ਖੇਡ ਗਏ, ਦੋ ਕੰਧਾਂ ਵਿਚ ਚਿਣੇ ਗਏ, ਮਾਤਾ ਜੀ ਨੇ ਸੱਚਖੰਡ ਤਿਆਰੀ ਕੀਤੀ, ਆਪ ਪਿਆਰੀ ਜੋਤ ਜੋ ਸਚੇ ਪਿਤਾ ਨੇ ਸਚਖੰਡ ਦੇ ਪਰਮਾਨੰਦ ਵਿਚੋਂ ਸਾਡੇ ਪਾਸ ਭੇਜੀ ਅੱਸੀ ਘੰਟੇ ਬਿਨਾਂ ਅੰਨ ਜਲ, ਨੰਗੇ ਪੈਰੀਂ ਬਨਾਂ ਉਜਾੜਾਂ ਵਿਚ ਫਿਰਦੀ ਰਹੀ। ਜ਼ਰਾ ਧਿਆਨ ਕਰਨਾ ਜੋ ਸਾਡੇ ਭਲੇ ਲਈ ਆਯਾ, ਜੋ ਅਤ ਕੁਰਬਾਨੀ ਕਰਕੇ ਸਾਡੇ ਵਿਚ ਸਾਡੇ ਵਰਗਾ ਹੋ ਕੇ ਵੱਸਿਆ, ਜਿਸ ਇਥੋਂ ਦੇ ਸੁਖ, ਧਨ, ਧਾਮ ਪੁਤ੍ਰਾ ਤਕ ਸਾਡੇ ਤੋਂ ਵਾਰ ਘੱਤੇ, ਜ਼ਰਾ ਤੱਕਣਾ, ਉਹ ਇਕੱਲੇ ਬਨਾਂ ਵਿਚ ਵਿਚਰ ਰਹੇ ਹਨ, ਪੈਰਾਂ ਨੂੰ ਛਾਲਿਆਂ ਨੇ ਚੁੰਮ ਚੁੰਮ ਕੇ ਰੱਤਿਆਂ ਕਰ ਦਿੱਤਾ ਹੈ, ਉਨੀਂਦ੍ਰੇ ਥਕਾਨ ਤੇ ਭੁਖ ਨੇ ਖੂਨ ਦੇ ਗੇੜ ਪਰ ਅਸਰ ਕਰ ਦਿੱਤਾ ਹੈ। ਜਿਸਨੂੰ ਖੂਨ ਦੀ ਹਰਕਤ ਆਖਦੇ ਹਨ, ਯਾ ਜਿਸਨੂੰ ਹਰਾਰਤ ਗਰੀਜ਼ੀ (ਸਰੀਰ ਦੀ ਨਿੱਘ)ਆਖਦੇ ਹਨ, ਓਹ ਘਟ ਚੱਲੀ ਹੈ, ਉਸ ਵੇਲੇ ਉਹ ਸ੍ਰਿਸ਼ਟੀ ਦੇ ਨਯੰਤਾ ਦਾ ਪੁਤਰ, ਉਹ ਵਤਨ ਵਿਚ ਸ਼ਹਨਸ਼ਾਹ ਦਾ ਸ਼ਹਜ਼ਾਦਾ, ਉਹ 'ਹਰਨ ਭਰਨ ਜਾਂਕਾ ਨੇਤ੍ਰ ਫੋਰ ਦਾ ਦੁਲਾਰਾ, ਅਜ ਇਕ ਜ਼ਹਰੀਲੇ ਅੱਕ ਦੇ ਨਿਮਾਣੇ ਬੂਟੇ ਤੇ ਝੁਕਦਾ ਹੈ, ਪਵਿਤ੍ਰ ਹੱਥ, ਉਪਕਾਰੀ ਹਥ, ਪਿਆਰੇ ਹੱਥ ਅੱਕ ਦੇ ਫੁਲ ਤੋੜਦੇ ਹਨ, ਅਰ ਦੋ ਤ੍ਰੈ ਮੁਖਾਰ ਬਿੰਦ ਵਿਚ ਪਾ ਕੇ ਚਿੱਥਦੇ ਹਨ, ਭੋਜਨ ਦਾ ਆਸਰਾ ਤਾਂ ਨਹੀਂ, ਪਰੰਤੂ ਖੂਨ ਦੇ ਗੇੜ ਨੂੰ ਤੇਜ਼ੀ ਮਿਲ ਜਾਵੇ, ਤੇ ਨਿਘ ਨਾ ਘਟੇ। ਤੇ ਅਗੋਂ ਕੁਛ ਬਚਾ ਲਈ,ਘਾਹ ਦੇ ਬਿਸਤਰੇ ਪਰ ਲੇਟ ਜਾਂਦੇ ਹਨ, ਨੀਂਦ ਆ ਕੇ ਚਰਨ ਦਬਾਂਦੀ ਤੇ ਸੁਰਤ ਪਿਆਰੇ ਵਾਹਿਗੁਰੂ ਦੇ ਚਰਨਾਂ ਨਾਲ ਅਭੇਦ ਹੋ ਜਾਂਦੀ ਹੈ। ਜ਼ਰਾ ਤੱਕਣਾ ਅਪਨੀ ਕਦਰ ਦਾਨੀ ਤੇ, ਜ਼ਰਾ ਵੇਖਣਾ ਅਪਣੇ ਤ੍ਰਾਣ ਕਰਤਾ ਦੇ ਖੇੜਿਆਂ ਦਾ ਭੱਠ ਕੈਸਾ ਭੱਠ ਹੈ, ਹੈ ਨਾ 'ਭੱਠ ਖੇੜਿਆਂ ਦਾ ਰਹਣਾ'। ਓਹ ਸੁਰਤ ਦੇ ਮੇਲੀ ਸਥਰ ਲੇਟਦੇ ਸਾਰ (ਖੇੜਿਆਂ ਦੇ ਸਥਰ ਨਹੀਂ ਲੇਟੇ, ਪਰ ਯਾਰੜੇ ਦੇ ਸਥਰ ਪਰ) ਜੋਤੀ ਜੋਤ ਵਿਚ ਮਗਨ ਹੋ ਗਏ। ਓਹ ਹਿਰਦਾ ਜਿਸ ਵਿਚ ਸਿਖਾਂ ਦੇ ਅਪਰਾਧ ਦਾ ਕੰਡਾ ਰਾਜਧਾਨੀ ਦੇ ਉਜੜਨ ਦੀ ਪੀੜ, ਪਯਾਰਿਆਂ ਦੇ ਕਤਲ ਦਾ ਵਿਜੋਗ, ਲਾਇਕ ਪੁਤਰਾਂ ਦੀ ਸ਼ਹਾਦਤ ਦਾ ਸੱਲ, ਮਾਸੂਮ ਦੁਲਾਰਿਆਂ ਦੇ ਵਿਛੋੜੇ ਦਾ ਦਾਹ, ਪਿਆਰੀ ਮਾਤਾ ਦੇ ਚਲਾਣੇ ਦਾ ਦੁਖ, ਅਰਧੰਗੀ ਜੀ ਦੇ ਖੇਦਾਂ ਦੇ ਬਿਰਹੋਂ ਦੇ ਤੀਰ, ਆਪਣੇ ਖੇਦਾਂ ਦੀ ਦਰਦ, ਸਰੀਰ ਦੇ ਕਲੇਸ਼ਾਂ ਦੀ

ਤਕਲੀਫ ਦਾ ਵਾਸ ਹੋਣਾ ਚਾਹੀਦਾ ਸੀ, ਮਾਨ ਸਰੋਵਰ ਵਾਙ ਨਿਰਮਲ ਹੈ, ਅਤੇ ਸ਼ੁਕਰ ਤੇ ਅਨੰਦ ਵਿਚ ਪਿਆਰੇ ਪਿਤਾ ਜੀ ਦੇ ਚਰਨਾਂ ਕਮਲਾਂ ਵਿਚ ਲੀਨ ਹੈ:–

'ਚੁਭੀ ਰਹੀ ਸੁਰਤਿ ਪ੍ਰਭੁ ਚਰਨਨ ਮਹਿ

ਉਹ ਸੁਰਤ ਪਿਆਰੇ ਦੇ ਚਰਨਾਂ ਵਿਚ ਚੁਭੀ ਰਹਿੰਦੀ ਹੈ। ਉਨ੍ਹਾਂ ਦੀ ਸੁਰਤ ਉੱਚੀ ਹੈ, ਨਾ ਮਾਰਨ ਵਿਚ ਨਾ ਮਰਨ ਵਿਚ, ਨਾ ਦੁਖ ਦੇਣ ਵਿਚ ਨਾ ਪਾਣ ਵਿਚ, ਪੂਰਨ ਚੜ੍ਹਦੇ ਸੁਮੇਰ ਤੇ ਬਿਰਾਜੀ ਸੁਰਤ ਦੁਖਾਂ ਤੋਂ ਅਹਿਲ ਭਾਵੇਂ ਸਥਰ ਤੇ ਸਰੀਰ ਸੱਟੀ ਪਈ ਹੈ, ਪਰ ਆਪ ਉਚੇ ਭਵਨ ਵਿਚ ਬਿਰਾਜਮਾਨ ਹਨ।

ਦੇਖੋ! ਪਿਆਰੀ ਸੂਰਤ ਜਾਗਦੀ ਹੈ, ਹੁਣ ਹਿੰਦੂਆਂ ਤੇ ਸਿੱਖਾਂ ਨੂੰ ਜਿਨ੍ਹਾਂ ਨੂੰ ਬਚਾ ਰਹੀ ਹੈ, ਟੋਲ ਨਹੀਂ ਰਹੀ। ਕੁਦਰਤ ਵੈਰੀਆਂ ਨੂੰ ਸੱਜਨ ਬਨਾਂਦੀ ਹੈ, ਆਪ ਖਿਦਰਾਣੇ ਦੇ ਛੰਭ ਤੱਕ ਇਨ੍ਹਾਂ ਹੀ ਲੋਕਾਂ ਦੇ ਪਿਆਰ ਨਾਲ ਅਪੜਦੇ ਹਨ। ਹੁਣ ਪੁਛੋ, ਆਓ ਅਰਜ਼ ਕਰੀਏ 'ਹੇ ਸਤਗੁਰ ਹਿੰਦੂਆਂ ਤੇਰੇ ਨਾਲ ਦਗਾ ਕੀਤਾ, ਮੁਗਲਾਂ ਤੇਰੇ ਨਾਲ ਮੱਥਾ ਲਾਕੇ ਜ਼ੁਲਮ ਕਮਾਏ, ਸਿੱਖਾਂ ਨੇ ਅੰਗ ਨਾ ਪਾਲੇ ਬੇ ਮੁਖਾਈ ਕੀਤੀ, ਏਹ ਬਖੇੜੇ ਛੱਡ ਕੇ ਹੁਣ ਤੂੰ ਕੋਈ ਮੌਜ ਕਰ' ਸੁਣੋਂ ਪਿਆਰਿਓ ਕਵਲਾਂ ਤੋਂ ਸੁੰਦਰ ਮੁਖੜਾ ਕੀਹ ਆਖਦਾ ਹੈ:–

''ਆਯਾ ਹਾਂ ਪਯਾਰ ਕਰਨੇ, ਕਰਸਾਂ ਪਿਆਰ ਕਰਸਾਂ।
ਜੀਵਾਂ ਏ ਪ੍ਰੇਮ ਜੀਵਨ, ਵਿੱਚੇ ਪਿਆਰ ਟੁਰਸਾਂ,
ਕੋਈ ਜੇ ਵੈਰ ਕਰਦਾ, ਉਸਤੇ ਤਰਸ ਮੈਂ ਖਾਵਾਂ,
ਵੈਰੀ ਨੂੰ ਪਯਾਰ ਕਰਨਾ, ਕਰਦਾ ਨਾ ਪਯਾਰ ਰੁਕਸਾਂ।
ਕੋਈ ਨਾ ਓਪਰਾ ਹੈ, ਵੈਰੀ ਨਾ ਕੋਈ ਮੈਨੂੰ,
ਕੀਤੀ ਬਦੀ ਕਿਸੇ ਦੀ, ਹਿਰਦੇ ਕਦੀ ਨਾ ਧਰਸਾਂ।
ਕਰਕੇ ਪਿਆਰ ਦੱਸਾਂ, ਕਰਨਾ ਮੈਂ ਹਿਤ ਸਿਖਾਵਾਂ,
ਮੁਰਦੇ ਜਿਵਾਇ ਦੇਸਾਂ, ਜੀਵਨ ਪਰੇਮ ਭਰਸਾਂ''॥

ਸੁਣੀਂ ਜੇ ਪਿਆਰੇ ਦੀ ਸੱਦ, ਕੀਹ ਆਖਦੇ ਹਨ ? ਅੱਕੇ ਨਹੀਂ, ਥੱਕੇ ਨਹੀਂ, ਦਗ਼ਾ ਦੇਣ ਵਾਲੇ ਆਪਣਿਆਂ ਦੀ ਕਰਤੂਤ ਤੋਂ ਨਹੀਂ ਡੋਲੇ, ਜਿਨ੍ਹਾਂ ਦੁਖੀਆਂ ਨੂੰ ਦੁਖੋਂ ਛੁਡਾਇਆ ਉਨ੍ਹਾਂ ਦੀ ਬੇਈਮਾਨੀ ਤੋਂ ਨਹੀਂ ਘਬਰਾਏ, ਵੈਰੀਆਂ ਦੇ ਜ਼ੁਲਮ ਤੋਂ ਨਹੀਂ ਅਕੁਲਾਏ, ਉਸੇ ਅਪਨੇ ਕੰਮ ਲਈ ਤੁਲੇ ਖੜੇ ਹਨ ਕਿ ਜਿਸ ਲਈ ਆਏ ਸਨ। ਅਪਰਾਧ ਨਹੀਂ ਵਿਚਾਰ ਰਹੇ, ਪਰ ਖਿਮਾਂ ਵਿਚ ਖੜੇ ਹਨ। ਚੜ੍ਹਦੀਆਂ ਕਲਾਂ ਦੀ ਅਟਾਰੀ ਤੇ ਸਦਾ ਰਹਣ ਵਾਲੇ ਕਦ ਡੋਲਦੇ ਹਨ, ਕਦ ਘਬਰਾਂਦੇ ਹਨ, ਕਦ ਵੈਰ ਨੂੰ ਵੈਰ ਨਾਲ ਧੋਂਦੇ ਹਨ, ਕਦ ਗੁਸੇ ਹੋਕੇ ਗਾਲਾਂ ਦੇਂਦੇ ਤੇ ਅਪਨੀ ਵੈਂਹਦੀ ਸੂਰਤ ਦਾ ਫੋਟੋ ਵੇਚਦੇ ਹਨ ? ਏਹ ਦਰਸ਼ਨ ਹੈ, ਦੇਖੋ ਕਿਸਤਰਾਂ ਵੈਰ ਕੀਤੇ ਗਏ, ਦਗੇ ਦਿਤੇ ਗਏ, ਸਤਾਏ ਤੇ ਦੁਖਾਏ ਗਏ, ਪਿਆਰੇ ਫੇਰ ਉਹੋ ਸਤ ਧਰਮ ਦੇ ਫੈਲਾਨ ਤੇ ਉਹੋ ਦੀਨ ਰਖਿਆ ਕਰਨ ਲਈ ਉਸੇ ਤਰ੍ਹਾਂ ਤਿਆਰ ਬਰ ਤਿਆਰ ਖੜੇ ਹਨ। ਅਗਲੇ ਹੀ ਦਿਨ ਮਾਫ ਕਰਦੇ ਤੇ ਫੇਰ ਜ਼ੁਲਮ ਦੀ ਆਈ ਹਨੇਰੀ ਨੂੰ ਖੰਡ ਖੰਡ ਕੇ ਟੁਟੀਆਂ ਮੇਲਦੇ ਤੇ ਬਖਸ਼ਦੇ ਹਨ। ਇਥੋਂ ਪਿਆਰੇ ਜੀ ਮਾਲਵੇ ਵਿਚ ਜਾਨ ਭਰਨ ਜਾਂਦੇ ਹਨ। ਡਲੇ ਵਰਗੇ ਨੂੰ ਉਸ ਜੀਵਨ ਦਾ ਨਜ਼ਾਰਾ ਦਿਖਾਲਦੇ ਹਨ ਜੋ ਸਤਕਾਰ, ਪਿਆਰ ਤੇ 'ਮੈਂ' ਨੂੰ ਕੱਟ ਕੇ ਪੈਦਾ ਕਰਦੇ ਹਨ, ਫੇਰ ਰਾਜਪੂਤਾਂ ਵਿਚ ਚੱਕਰ ਲਾਂਦੇ ਤੇ ਫੇਰ ਮਰਹਟਿਆਂ ਵਿਚ ਫੇਰਾ ਪਾਂਦੇ ਹਨ, ਦੋਹਾਂ ਵਿਚ ਧਰਮ ਜੀਵਨ ਦੀ ਰੌ ਜਾਰੀ ਕਰਨ ਤੋਂ ਪਹਿਲੇ ਇਕ ਜ਼ਾਲਮ ਹਥ ਉਨ੍ਹਾਂ ਦੇ ਵੱਸਣ ਵਾਲੇ ਮੰਦਰ ਨੂੰ ਚੋਭ ਦੇਂਦਾ ਹੈ, ਤੇ ਓਹ ਪਯਾਰੇ ਜ਼ਿੰਦਗੀ ਵਾਲਿਆਂ ਦਾ ਇਕ ਟੋਲਾ ਪੈਦਾ ਕਰਕੇ, ਜ਼ਿੰਦਗੀ ਦਾ ਬਾਗ ਲਗਾ ਕੇ ਆਪ ਪਿਆਰੇ ਦੇ ਸੱਦੇ ਪਰ ਟੁਰ ਜਾਂਦੇ ਹਨ। ਓਹ ਜੀਵਨ ਹਜ਼ਾਰਾਂ ਨੂੰ ਜਿੰਦ ਦੇਂਦਾ, ਕਾਯਾਂ ਪਲਟਦਾ ਤੇ ਜੁਗ ਜੁਗ ਜੀਵਨ ਸੋਤ ਬਨ ਕੇ ਸੰਸਾਰ ਵਿਚ ਲਹਰ ਪੈਂਦਾ ਹੈ, ਪਰ ਅਸੀ ਹਾਂ ਕਿ ਭੁਲ ਦੀ ਗੋਦ ਨਹੀਂ ਛਡਦੇ, ਅਸੀ ਹਾਂ ਕਿ ਅੱਜ ਉਸ ਪਵਿਤ੍ਰ ਦਿਹਾੜੇ ਦੀ ਯਾਦ ਲਈ ਕਠੇ ਹੋਏ ਇਕ ਵੇਰ ਬੀ ਪਿਆਰ ਦੇ ਵਲਵਲੇ ਨਾਲ ਨਹੀਂ ਭਰੇ ਜਾਂਦੇ ਅਰ ਬਿਰਹੋਂ ਸੁਲਤਾਨ ਦੇ ਪਰਤਾਪ ਨਾਲ ਇਕ ਅੰਝੂ ਭਰਕੇ ਨਹੀਂ ਆਖਦੇ ਕਿ ਹੇ ਪਿਆਰੇ ਬਖਸ਼ਿੰਦ! ਸਾਨੂੰ ਭੁਲਿਆਂ ਤੇ ਹਉਮੈ ਭਰੇ ਤੇਰਿਆਂ ਨੂੰ ਮੱਤ ਦੇਹ, ਸੁਮੱਤ ਦੇਹ ਤੇ ਚਰਨੀਂ ਲਾ ਜੋ ਅੱਜ ਤੇਰੇ ਪਿਆਰੇ ਵਿਚ ਪਵਿਤ੍ਰ ਹੋਵੀਏ, ਏਕਾਗਰ ਚਿਤ ਹੋਵੀਏ, ਪ੍ਰੇਮ ਵਿਚ ਮੱਤੇ ਜਾਵੀਏ

ਤੇ ਆਖੀਏ:—

''ਧੰਨ ਗੁਰੂ ਗੁਰ ਧੰਨ ਤੂੰ, ਕਰ ਲੈ ਢੌਂਹਦੀਓਂ ਪਾਰ।
ਚੜ੍ਹਦੀ ਦੇ ਵਿਚ ਵਾਸ ਦੇਹ, ਹਉਮੈ ਬਾਹਰ ਮਾਰ।
ਮੱਤੇ ਵਾਂਙੂ ਸ਼ੇਰ ਦੇ, ਪਰ ਮਦ ਮੱਤੋਂ ਦੂਰ,
ਗੁਰਮਤ ਰਹਬਰ ਰੱਖਕੇ, ਮਨਮਤ ਕਰਕੇ ਚੂਰ,
ਤੈਨੂੰ ਹਰਦਮ ਦੇਖਦੇ, ਤੈਨੂੰ ਅਪਨਾ ਜਾਨ।
ਆਪਾ ਤੈਨੂੰ ਸੌਂਪਕੇ, ਬਣੀਏਂ ਸਿੱਖ ਸੁਜਾਨ॥''

# ੧੧. ਖੇੜਾ ਯਾਰ੍ਹਵਾਂ

(ਸੰ: ੪੪੧ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾਂ)

## ੧. ਗੁਰਪੁਰਬ ਵਾਲੇ ਪਵਿਤ੍ਰ ਦਿਨ ਕੀ ਕਰਨਾ ਚਾਹੀਦਾ ਹੈ ?

੧. ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨਾ।

੨. ਨਿੱਤ ਨੇਮ ਦੀ ਬਾਣੀ ਤੋਂ ਵਧੀਕ ਬਾਣੀਆਂ ਦਾ ਪਾਠ ਕਰਨਾ।

੩. ਗੁਰਦੁਆਰੇ ਵਿਚ ਜਾ ਕੇ ਆਸਾ ਦੀ ਵਾਰ ਲਾਉਣੀ ਯਾ ਸੁਣਨੀ।

੪. ਕਥਾ ਤੇ ਵਖਿਆਨ ਕਰਨੇ ਤੇ ਸੁਣਨੇ ਅਰ ਕੜਾਹ ਪਰਸ਼ਾਦ ਵਰਤਾਣੇ।

੫. ਕਲਗੀਆਂ ਵਾਲੇ ਸਤਿਗੁਰੂ ਦੇ ਪਵਿਤ੍ਰ ਜ਼ੀਵਨ ਨੂੰ ਮਨ ਅੰਦਰ

ਵਿਚਾਰ ਕੇ ਲਖ ਲਖ ਸ਼ੁਕਰ ਕਰਨਾ।

੬. ਕਲਗੀਧਰ ਸਤਿਗੁਰੂ ਦੇ ਹੁਕਮਾਂ ਨੂੰ ਵਿਚਾਰਨਾ ਤੇ ਆਪਣੇ ਅੰਦਰ ਖੋਜਣਾਂ ਜੋ ਅਸੀ ਕਿੰਨੇ ਕੁ ਸਿੱਖ ਹਾਂ ?

੭. ਕਾਮ ਕਰੋਧ ਲੋਭ ਮੋਹ ਹੰਕਾਰ ਆਦਿ ਦੀ ਨਵਿਰਤੀ ਲਈ ਅਰਦਾਸੇ ਸੋਧਣੇ ਤੇ ਬੇਨਤੀਆਂ ਕਰਨੀਆਂ।

੮. ਸਾਫ ਪੁਸ਼ਾਕੇ ਪਹਿਰਨੇ ਤੇ ਆਪਣੇ ਪਰਵਾਰ ਨੂੰ ਪਹਿਰਾਉਣੇ।

੯. ਆਪਣੇ ਪਰਵਾਰ ਤੇ ਮਿਤਰਾਂ ਨਾਲ ਰਲਕੇ ਪ੍ਰੇਮ ਪ੍ਰਸ਼ਾਦ ਛਕਣੇ।

੧੦.ਘਰ ਘਰ ਦੀਪ ਮਾਲਾ ਕਰਨੀਆਂ ਤੇ ਉਤਸ਼ਵ ਕਰਨੇ।

੧੧.ਖ਼ਾਲਸਾ ਸਮਾਚਾਰ ਦੇ ਲੇਖ ਤੇ ਖਾਲਸਾ ਟ੍ਰੈਕਟ ਸੁਸਾਇਟੀ ਦਾ ਮਨ ਖਿਚਵਾਂ 'ਪ੍ਰੀਤਮ ਜੀ' ਪੜ੍ਹਨਾ ਤੇ ਸੁਨਾਉਣਾਂ।

੧੨.ਰੱਖੜੀ ਦੀ ਜਗਾ ਆਪਣੀਆਂ ਭੈਣਾਂ ਨੂੰ ਤੇ ਧੀਆਂ ਆਦਿਕਾਂ ਨੂੰ ਰੋਕ ਜਾਂ ਸੁਗਾਤਾਂ ਘਲਣੀਆਂ।

੧੩.ਆਪਣੇ ਮਿਤਰਾਂ ਨੂੰ ਗੁਰਪੁਰਬ ਕਾਰਡ ਭੇਜਣੇ।

੧੪.ਵਿਛੜੇ ਹੋਇਆਂ ਨੂੰ ਮੇਲਣਾ।

੧੫.ਪੰਥ ਵਿਚੋਂ ਫੁਟ ਦੂਰ ਕਰਨ ਦਾ ਯਤਨ ਕਰਨਾ।

੧੬.ਧਰਮ ਕਾਰਜਾਂ ਨੂੰ ਅਰਦਾਸੇ ਕਰਾਉਣੇ।

੧੭.ਜੇ ਦੁਆਨੀ ਫੰਡ ਚੀਫ ਖਾਲਸਾ ਦੀਵਾਨ ਨੂੰ ਨਾ ਭੇਜਿਆ ਹੋਵੇ ਤਾਂ ਹੁਣ ਜਰੂਰ ਭੇਜਣਾਂ।

੧੮.ਬੇ ਅੰਮ੍ਰਤੀਆਂ ਨੂੰ ਪ੍ਰੇਰਕੇ ਅੰਮ੍ਰਿਤ ਛਕਾਉਣਾ।

੧੯.ਚੌਥੀ ਸਿੱਖ ਐਜੂਕੇਸ਼ਨਲ ਕਾਨਫਰੰਸ ਲਈ ਡੈਲੀਗੇਟ ਤੇ ਵਿਜ਼ੀਟਰ ਬਣਾਉਣੇ।

੨੦.ਗੁਰਪੁਰਬ ਵਾਲੇ ਦਿਨ ਕੋਈ ਕਾਰ ਵਿਹਾਰ ਨਾ ਕਰਨਾ, ਸਾਰਾ ਦਿਨ ਸਤਿਸੰਗ ਵਿਚ ਗੁਜ਼ਾਰਨਾ।

## ੨. ਕਲਗੀਆਂ ਵਾਲਾ

ਕੇਡੇ ਪਿਆਰ ਭਰੇ ਸਰੂਪ ਨੂੰ ਹਿਰਦੇ ਦੀਆਂ ਅੱਖਾਂ ਅੱਗੇ ਲਿਆਉਣ ਵਾਲਾ ਇਹ ਸ਼ਬਦ 'ਕਲਗੀਆਂ ਵਾਲਾ' ਹੋ ਰਿਹਾ ਹੈ। ਨਾਉਂ ਲਿਆ ਨਹੀਂ ਕਿ ਅੰਦਰਲੀਆਂ ਪਿਆਰ, ਸਤਕਾਰ ਤੇ ਸਿੱਕ ਦੀਆਂ ਸਾਰੀਆਂ ਤਰਬਾਂ ਵਲਵਲਾ ਖਾ ਕੇ ਹਿੱਲੀਆਂ ਨਹੀਂ, ਇਨ੍ਹਾ ਛੀਆਂ ਅੱਖਰਾਂ ਦੇ ਮਗਰ ਉਸ ਅੱਖਰ (ਨਾਸ ਨਾ ਹੋਣੇ ਵਾਲੀ ਸਚਿਆਈ) ਦੀ ਯਾਦ ਲੁਕੀ ਖੜੀ ਹੈ, ਜਿਸ ਨੇ ਕਦੇ ਸਰੀਰ ਦੀ ਕਲਾ ਵਿਚ ਪਰਕਾਸ਼ ਪਾ ਕੇ ਸਰੀਰ ਧਾਰੀਆਂ ਨੂੰ ਦਸਿਆ ਸੀ ਕਿ ਅਪਨਾ ਰੁਖ ਉਸ ਪਾਸੇ ਕਰੋ, ਕਿ ਜਿਧਰ ਤੱਕਿਆਂ ਸਾਰੀਆਂ ਤਕਾਂ ਮਿਟ ਜਾਣ। ਜਿਸ ਨੇ ਸੰਸਾਰ ਤੋਂ ਰੁਸ ਜਾਣ ਦੀ ਸਦੀਆ ਦੀ ਭੁਲ ਦੂਰ ਕਰਕੇ ਇਹ ਸਿਖਾਇਆ ਸੀ ਕਿ ਰੁਸ ਨਾ ਜਾਓ, ਕਿਉਂਕਿ ਰੁਸ ਜਾਣ ਨਾਲ ਤੁਸੀ ਸੰਸਾਰ ਦੇ ਬੰਧਨ ਤੋਂ ਛੁਟ ਨਹੀਂ ਸਕਦੇ, ਪਰ ਇਸ ਵਿਚੋਂ ਛੁਟਕਾਰਾ ਕਰਨੇ ਲਈ ਅੰਦਰਲੀ ਝਾਤੀ ਪਿਛਲੇ ਪਾਸੇ ਮਾਰੋ ਤੇ ਦੇਖੋ ਕਿ ਤੁਸੀ ਆਪ ਕੀ ਹੋ, ਤੇ ਕੀ ਬਣ ਰਹੇ ਹੋ। ਪਾਣੀ ਦੇ ਸਰੋਵਰ ਵਿਚ ਨਜ਼ਰ ਮਾਰੋ ਚੰਦ ਦਾ ਝਲਕਾ ਪਾਣੀ ਵਿਚ ਪੈ ਰਿਹਾ ਹੈ, ਸਮੁੱਚਾ ਚੰਦ ਪਾਣੀ ਵਿਚ ਹੈ, ਚੰਦ ਦਾ ਸਾਰਾ ਪਰਕਾਸ਼ ਪਾਣੀ ਵਿਚ ਹੈ। ਜਿਸਨੇ ਕਦੇ ਉਪਰ ਨਹੀਂ ਤੱਕਿਆ, ਸਦਾ ਤਲਾ ਵੱਲ ਹੀ ਡਿਠਾ ਹੈ, ਉਸਨੂੰ ਚੰਦ ਸਦਾ ਹਿਲਦਾ, ਸਦਾ ਕੰਬਦਾ ਤੇ ਹੇਠਾਂ ਉਤਾਹਾਂ ਹੁੰਦਾ ਦਿਸੇਗਾ, ਪਰ ਜੇ ਕੋਈ ਉਸਦੀ ਧੌਣ ਫੜਕੇ ਉਪਰਲੇ ਪਾਸੇ ਕਰਕੇ ਥਰ ਥਰਾਉਂਦੇ ਚੰਦ ਦਾ ਪਿਛਾ ਦਿਖਾ ਦੇਵੇ ਤਾਂ ਅਕਾਸ਼ਾਂ ਵਿਚ ਅਡੋਲ ਪਰਕਾਸ਼ ਪੁੰਜ ਚੰਦ ਉਸਨੂੰ ਦਿਸੇਗਾ, ਅਰ ਸਾਰਾ ਘਬਰਾ ਜੋ ਤਲਾ ਦੇ ਚੰਦ ਵਿਚ ਸੀ ਮਿਟਾ

ਦੇਵੇਗਾ।

ਉਸ ਕਲਗੀਆਂ ਵਾਲੇ ਨੇ ਸਰੀਰ ਸਰੋਵਰ ਵਿਚ ਥਰ ਥਰ ਕੰਬ ਰਹੀ ਤੇ ਹਿਲਦੀ ਜਿੰਦੜੀ—ਸੁਖ ਤੇ ਹਾਵੇ ਭਰਦੀ ਜਿੰਦੜੀ ਦੇ ਝਲਕੇ ਨੂੰ ਹਉਮੈ ਕਰਕੇ ਦੱਸਿਆ ਤੇ ਦੇਖਣ ਵਾਲੇ ਦੀ ਨਜ਼ਰ ਪਰਤਾ ਕੇ ਪਿਛਲੇ ਪਾਸੇ ਝਾਤੀ ਪੁਆ ਕੇ ਅਡੋਲ ਜਿੰਦੜੀ ਦਿਖਾ ਕੇ ਅਭੈ ਕਰ ਦਿਤਾ, ਦੁਖ ਤੇ ਕਲੇਸ਼ ਦੇਖਦਿਆਂ ਹੀ ਬਿਲਾ ਗਿਆ। ਉਹ ਜੋ ਆਪ ਨਿਰਭੈ ਸੀ, ਜੋ ਆਪ ਸੰਸੇ ਤੋਂ ਪਾਰ ਸੀ ਭੈ ਗੁਸੇ ਤੇ ਸੰਸੇ ਫਾਥਿਆਂ ਨੂੰ ਨਿਰਭੈ ਤੇ ਨਿਰਸੰਸੇ ਕਰਨੇ ਆਯਾ ਸੀ ਸੋ ਕਰ ਦਿਖਾਯਾ।

ਇਹ ਧੋਣੋਂ ਫੜਕੇ ਡੋਲਦੀ ਜਿੰਦੜੀ ਤੋਂ ਅਡੋਲ ਜਿੰਦ ਦੇ ਬੇੜੇ ਚਾੜ੍ਹਨ ਦੇ ਸਾਰੇ ਭਾਵ ਦਾ ਨਾਂ ਉਸ ਮਾਲਕ ਨੇ 'ਪ੍ਰੇਮ' ਰੱਖਿਆ। ਸਾਡੀ ਨਜਰ ਦਿੱਸਣ ਵਾਲੇ ਨਾਲ ਪਿਆਰ ਕਰ ਰਹੀ ਸੀ, ਦਿੱਸਣ ਵਾਲਾ ਚਾਲਣਹਾਰ ਸੀ, ਚੱਲਣਹਾਰ ਹੋਣ ਕਰਕੇ (ਵਿਛੋੜੇ ਵੇਲੇ ਦੁਖ ਦੇਂਦਾ ਸੀ, ਤੇ ਪ੍ਰਾਪਤੀ ਦੇ ਯਤਨ ਵਿਚ ਕਲੇਸ਼ ਪਾਂਦਾ ਸੀ) ਦੁਖ ਦਾਤਾ ਸੀ, ਸੋ ਇਸ ਦਿੱਸਣ ਵਾਲੇ ਤੋਂ ਚੁਕ ਕੇ ਦੇਖਣ ਵਾਲੇ ਵਲ ਪਾ ਦਿਤਾ। ਆਖਯਾ ਇਸ ਨਾਲ ਪਿਆਰ ਨਾ ਕਰੋ ਜੋ ਨਹੀਂ ਰਹਿਣਾ, ਉਸ ਨਾਲ ਪਿਆਰ ਕਰੋ ਜਿਸ ਨੇ ਰਹਿਣਾ ਹੈ। ਜਦ ਇਹ ਨੁਕਤਾ ਅੰਦਰੋਂ ਪਲਟਾ ਪਾ ਗਿਆ ਤਾਂ ਦੇਖੋ ਸਾਰੇ ਜੀਵਨ ਦਾ ਨਜ਼ਾਰਾ ਪਲਟਾ ਖਾ ਗਿਆ। ਬਨਾਂ ਵਿਚ ਜਾ ਕੇ ਬ੍ਰਿਛਾਂ ਵਾਂਗੂ ਜੜ੍ਹਤਾ ਅਖਤਿਆਰ ਕਰਨ ਦੀ ਲੋੜ ਨਾ ਰਹੀ, ਪਰ ਡੋਲਵੇਂ ਰੰਗਾਂ ਵਿਚ ਬੈਠਿਆਂ ਅਪਨੇ ਅਡੋਲ ਅਸਲੇ ਦੇ ਧਿਆਨ ਵਿਚ (ਪਿਆਰ ਵਿਚ) ਸਦਾ ਟਿਕੇ ਰਹਕੇ ਡੋਲਣਹਾਰ ਨੂੰ ਚੱਲਣਹਾਰ ਤੱਕਣ ਨਾਲ ਅਪਨਾ ਡੋਲਣਾ ਸਮਝ ਵਿਚ ਆ ਗਿਆ, ਤਾਂ ਡੋਲਨਹਾਰ ਨਾਲ ਰੁਸੇਵਾਂ ਨਾ ਪਿਆ ਸਗੋਂ ਸਚੀਮੁਚੀ ਉਸਤੋਂ ਛੁਟੀ ਹੋ ਗਈ। ਪਰ ਸੰਸਾਰ ਵਿਚ ਬੈਠਿਆਂ ਹਜ਼ਾਰਹਾਂ ਸਾਡੇ ਵਰਗੇ ਉਸ ਡੋਲਣਹਾਰ ਦਰਸ਼ਨ ਵਿਚ ਡੋਲਕੇ ਦੁਖੀ ਹੋ ਰਹੇ ਹਨ। ਕਲਗੀਆਂ ਵਾਲੇ ਨੇ ਦਸਿਆ ਕਿ ਜਿਕੂੰ ਮੈਂ ਤੁਹਾਨੂੰ ਡੋਲਣੀ ਬੇੜੀ ਵਿਚੋਂ ਕੱਢਿਆ ਹੈ ਤੁਸੀਂ ਹੋਰਨਾਂ ਫਾਥਿਆਂ ਨੂੰ ਕੱਢੋ। ਇਸ ਕੰਮ ਵਿਚ ਜੋ ਖੇਚਲ ਤੇ ਕੁਰਬਾਨੀ ਕਰਨੇ ਦੀ ਲੋੜ ਸੀ, ਸੋ ਅਸੀ ਆਪੇ ਹੀ ਕਰ ਸਕਾਂਗੇ, ਕਿਉਂਕਿ ਜੋ ਕੁਛ ਡੋਲਣ ਹਾਰ ਸਾਡੇ ਦੁਆਲੇ ਹੈ, ਜਿਸਦੇ ਵਿਚ ਅਸੀ

ਬੈਠੇ ਹਾਂ ਓਹ ਸਾਡਾ ਨਹੀਂ ਹੈ। ਅਸੀ ਉਸਦੇ ਨਿਕੰਮੇ ਹੋਣ ਨੂੰ ਸਮਝ ਚੁਕੇ ਹਾਂ, ਇਸ ਕਰਕੇ ਉਸ ਸਾਰੇ ਨੂੰ ਕੁਰਬਾਨ ਕਰਦਿਆਂ ਸਾਨੂੰ ਤੁਛ ਦੁਖ ਹੋਊ।

ਐਉ ਉਸ ਕਲਗੀਆਂ ਵਾਲੇ ਨੇ ਸੰਸਾਰ ਨੂੰ ਤਾਰ ਦਿਤਾ, ਭੁਲੇਵੇਂ ਤੋਂ ਕੱਢ ਕੇ ਅਸਲੇ ਤੇ ਪੱਕਿਆਂ ਕੀਤਾ ਤੇ ਅਗੋਂ ਸ਼੍ਰੇਣੀ ਤੋਰ ਦਿਤੀ ਕਿ ਇਹ ਕੰਮ ਸਦਾ ਹੁੰਦਾ ਹੀ ਰਹੇ। ਜੋ ਇਹ ਸਿਖਿਆ ਸਿਖ ਲਵੇ ਸੋ ਸਿੱਖ ਸਦਾਵੇ ਤੇ ਅੱਗੋਂ ਇਹ ਸਿਖਿਆ ਸਿਖਾਂਦਾ ਹੀ ਜਾਵੇ।

ਸੋ ਕਲਗੀਆਂ ਵਾਲੇ ਦੀ ਸਿਖੀ ਪ੍ਰੇਮ ਦੇ ਤਰੀਕੇ ਨਾਲ ਅਸਲੇ ਨੂੰ ਪਛਾਣਨਾ ਤੇ ਹੋਰਨਾਂ ਨੂੰ ਇਸ ਪਛਾਣ ਵਿਚ ਮਦਦ ਕਰਨੀ ਹੈ।

ਦੇਖੋ ਇਹ ਸਿੱਖੀ ਦਾ ਕੀ ਨਮੂਨਾ ਨਿਕਲਿਆ। ਖੁਸ਼, ਆਨੰਦ, ਨਿਰਭੈ, ਅਪਨੇ ਆਪ ਵਿਚ ਸਮਝਦਾਰ, ਭਰਮ ਤੋਂ ਪਾਰ ਆਦਮੀ ਦਿਸਣ ਲੱਗ ਪਏ। ਓਹ ਆਦਮੀ ਫੇਰ ਸੰਸਾਰ ਵਿਚ ਬੈਠੇ ਕੀਹ ਕਰ ਰਹੇ ਹਨ? ਕੋਈ ਕੀਰਤਨ ਸੁਣਾਕੇ ਚਿਤ ਪਿਆਰੇ ਵਲ ਲਾ ਰਿਹਾ ਹੈ, ਕੋਈ ਕਥਾ ਕਰਕੇ ਖਿਆਲ ਪਿਆਰੇ ਵਲ ਪੁਆ ਰਿਹਾ ਹੈ, ਕੋਈ ਯਤੀਮਾਂ ਦੀ ਬਾਹੁੜੀ ਕਰਕੇ ਪਿਆਰੇ ਦੇ ਪਿਆਰ ਦੀ ਵੰਨਗੀ ਦਿਖਾ ਰਿਹਾ ਹੈ, ਕੋਈ ਰੋਗੀ ਤੇ ਕਲੇਸ਼ਾਤੁਰ ਦੀ ਮਦਦ ਕਰਕੇ ਅਸਲੇ ਦਾ ਉਪਦੇਸ਼ ਕਰ ਰਿਹਾ ਹੈ। ਜਿੱਥੇ ਈਰਖਾ, ਡਾਹ, ਲੜਾਈ ਤੇ ਧੱਕਾ ਸੀ, ਓਥੇ ਪਿਆਰ ਦੇ ਫੁਹਾਰੇ ਛੁਡਾ ਰਿਹਾ ਹੈ, ਗੱਲ ਕੀ ਕਲਜੁਗ ਨੂੰ ਸਤਜੁਗ ਬਣਾ ਰਿਹਾ ਹੈ।

ਅੱਜ ਉਸ ਪਿਆਰੇ ਦਾ ਗੁਰਪੁਰਬ ਹੈ ਜਿਸਨੂੰ ਪਿਆਰ ਨਾਲ 'ਕਲਗੀਆਂ ਵਾਲਾ' ਕਹਿਕੇ ਅਨੰਦ ਆਉਂਦਾ ਹੈ, ਓਹ ਸਾਨੂੰ ਮੁਰਦੇ ਤੋਂ ਜੀਊਂਦਾ ਕਰ ਗਿਆ ਹੈ। ਕੀ ਅਸੀ ਜਾਣਦੇ ਹਾਂ? ਪਿਆਰੇ ਵਾਹਿਗੁਰੂ ਦੇ ਪਿਆਰ ਨਾਲ ਭਰੇ ਰਹਣਾ, ਦੁਪਰਿਆਰੇ ਸੰਸਾਰ ਦੇ ਬਿਨਸਨਹਾਰ ਨਕਸ਼ੇ ਵਿਚ ਫਨਾਹ ਦਾ ਰੰਗ ਵੇਖਦੇ ਰਹਿਣਾ ਪਰ ਵਿਚੇ ਬੈਠਕੇ ਅਸੰਗ ਰਹਿਣਾ ਤੇ ਸੁਖ ਦਾਤੇ ਬਣਨਾ, ਜੇ ਤਾਂ ਇਹ ਕੁਛ ਹੈ ਤਾਂ ਅਸੀਂ ਜੀਉਂਦੇ ਹਾਂ, ਨਹੀਂ ਤਾਂ ਉਸ 'ਜੀਅ ਕੇ ਦਾਤੇ' ਸਤਿਗੁਰੂ ਦੇ ਜੀਵਨ ਪਦ ਨੂੰ ਯਾਦ ਕਰਾਨ ਵਾਲੇ ਅੱਜ ਦੇ ਗੁਰਪੁਰਬ ਵਿਚ ਸਾਡਾ ਹਿਸਾ ਜੀਉਂਦਾ ਜਾਗਦਾ

ਨਹੀਂ, ਪਰ ਇਕ ਰੀਸ ਦਾ ਬੇਜਿੰਦ ਹਿਸਾ ਹੈ।

'ਬਿਨਸਨਹਾਰ ਨੂੰ ਸਥਿਰ ਸਮਝਕੇ ਸਭ ਕੁਛ ਕਰਨਾ' ਇਹ ਸਤਿਗੁਰੂ ਦੀ ਸਿੱਖਿਆ ਨਹੀਂ ਸੀ, ਤੇ ਜੇ ਸਾਡੀ ਬੁਧੀ ਏਹ ਹੈ ਤਾਂ ਅਸੀ ਉਸ ਸ਼ਾਹੀ ਸੜਕ ਤੇ ਨਹੀਂ ਟੁਰ ਰਹੇ, ਜੋ ਇਸ ਲੋਕ ਤੋਂ ਲੰਘਦੀ ਹੋਈ ਪਰਲੋਕ ਤਕ ਲੈ ਜਾਂਦੀ ਹੈ, ਜਿਥੋਂ ਪਰਤ ਕੇ ਫੇਰ ਏਥੇ ਆ ਕੇ ਦੁਖ ਸੁਖ ਨਹੀਂ ਭਰੀਦੇ, ਤੇ ਭੁਲੇਵਿਆਂ ਵਿਚ ਅਸਲ ਦੇ ਟਪਲੇ ਖਾ ਕੇ ਨਹੀਂ ਰੁਲੀਦਾ। ਉਸ ਮਹਾਨ ਸੜਕ (ਪੰਥ) ਦੇ ਜੇ ਅਸੀ ਰਾਹੀ ਨਹੀਂ ਬਣੇ ਜਾਂ ਅਸਾਂ ਉਸ ਮੁਸਾਫਰਤ ਨੂੰ ਅਖਤਯਾਰ ਨਹੀਂ ਕੀਤਾ ਜੋ ਧੁਰ ਦੇ ਨੁਕਤੇ ਤੇ ਪੁਚਾਂਦੀ ਹੈ, ਤਾਂ ਅਸਾਂ ਗੁਰੂ ਕੀ ਸਿਖਿਆ ਸਿਰ ਮਥੇ ਤੇ ਨਹੀਂ ਧਰੀ ਤੇ ਜੇ ਉਸ ਮਹਾਨ ਆਨੰਦ ਦਾ ਤੇ ਗੁਰੂ ਦੀ ਸਿਖਿਆ ਪਰ ਕੰਨ ਹੀ ਨਹੀਂ ਧਰੇ ਤਾਂ ਕਾਹਦੀ ਸਿਖੀ ਹੈ ?

''ਸਿਖੀ ਸਿਖਿਆ ਗੁਰ ਵੀਚਾਰ''

ਗੁਰੂ ਦੀ ਸਿਖਿਆ ਨਹੀਂ ਮੰਨੀ ਤਾਂ ਕੀਹ ਸਿਖੀ ? ਜੇ ਸਿੱਖੀ ਨਹੀਂ ਤਾਂ ਗੁਰੂ ਦੇ ਅਨੰਦ ਵਿਚ ਸਾਡਾ ਕਾਹਦਾ ਹਿੱਸਾ ਹੈ ? ਜੇ ਅਸੀ ਹਿਸੇਦਾਰ ਨਹੀਂ, ਜਾਂਝੀਵਾਲ ਨਹੀਂ, ਤਾਂ ਫੇਰ ਸਾਡਾ ਅਪਨੇ ਆਪ ਨੂੰ ਐਸਾ ਪਰਗਟ ਕਰਨਾ ਸਧਾਰਨ ਤੋਂ ਵਧੀਕ ਡੋਲਨੀ ਬੇੜੀ ਚਾੜ੍ਹਨਾ ਹੈ।

ਅੱਜ ਗੁਰਪੁਰਬ ਇਸ਼ਟ ਹੀਨ ਲੋਕਾਂ ਦੀ ਤਰ੍ਹਾ ਇਕ ਸੰਸਾਰਕ ਖੁਸ਼ੀ ਦਾ ਦਿਨ ਨਹੀਂ, ਜੋ ਕਿਸੇ ਦਿਨ ਮੇਲਾ ਬਣ ਕੇ, ਮੋਟੀਆਂ ਤੇ ਪਾਪ ਮਈ ਖੁਸ਼ੀਆਂ ਦਾ ਦਿਨ ਬਣ ਜਾਵੇ, ਪਰ ਖਸਮ ਵਾਲੀ ਸੁਹਾਗਣ ਇਸਤ੍ਰੀ ਦੀ ਤਰਾਂ ਪ੍ਰੇਮ ਸਤਿਕਾਰ ਤੇ ਨਿਰਮਲ ਭੈ ਵਾਲੇ ਆਨੰਦ ਦਾ ਦਿਨ ਹੈ। ਅੱਜ ਇਸ ਗਲ ਦੀ ਵੀਚਾਰ ਦਾ ਦਿਨ ਹੈ ਕਿ ਕੀਹ ਸੱਚੀ ਮੁੱਚੀ ਅਸੀਂ ਭਾਵੇਂ ਡਿਗਦੇ ਢੈਂਹਦੇ ਹਾਂ ਪਰ ਉਸ ਪਿਆਰੇ ਦੀ ਸਿਖਿਆ ਪੁਰ ਟੁਰਨੇ ਦਾ ਯਤਨ ਕਰ ਰਹੇ ਹਾਂ ? ਕੀ ਅਸੀਂ ਜਾਣਦੇ ਹਾਂ ਕਿ ਸਾਡੇ ਵਿਚ ਸਿਖੀ ਦਾ ਮਾਣ ਅਪਣੇ ਗੁਰੂ ਉਤੇ ਹੈ ? ਜੇ ਸਾਡੇ ਵਿਚ ਏਹ ਘਾਟਾ ਹੈ ਤਾਂ ਅਸੀਂ ਅਜ ਹੀ ਪੁਰਬ ਦਾ ਦਿਨ ਜਾਣਕੇ ਹਾਹੁਕਾ ਲਈਏ, ਪਛਤਾਵਾ ਕਰੀਏ,

ਪਿਛਲੀ ਕੀਤੀ ਤੇ ਅੰਝੂ ਕੇਰੀਏ ਕਿ ਅੱਜ ਦਾ ਦਿਨ ਮੇਰੇ ਲਈ ਸੁਭਾਗ ਦਿਨ ਹੋਵੇਗਾ, ਕਿਉਂਕਿ ਅੱਜ ਤੋਂ ਮੈਂ ਜੀਅ ਦਾਨ ਦੇ ਦਾਤੇ ਦੇ ਸਚੇ ਹੁਕਮ ਨੂੰ ਮਨ ਵਸਾ ਕੇ ਜੀਵਨ ਪਦ ਦੇ ਰਸਤੇ (ਪੰਥ) ਉਤੇ ਟੁਰ ਪੈਣਾ ਹੈ। ਅਜ, ਨਹੀਂ ਨਹੀਂ ਹੁਣੇ ਹੀ, ਪਿਛਲੀ ਭੁਲ ਦੂਰ ਕਰਕੇ ਟੁਰ ਪੈਣਾ ਹੈ। ਹੁਣੇ ਹੀ ਕਰਨਾ ਹੈ ਜੋ ਕੁਛ ਕਰਨਾ ਹੈ, ਅਰ ਹੋਰ ਸੁਆਸ ਬਿਰਥਾ ਨਹੀਂ ਜਾਣ ਦੇਣਾ।

•

ਫਿਲਾਸਫੀਆਂ ਤੇ ਗਯਾਨ ਸੰਸਾਰ ਵਿਚ ਚਰੋਕਣੇ ਹਨ, ਕਿਆ ਕਲਗੀਆਂ ਵਾਲੇ ਦੇ ਆਗਮ ਵੇਲੇ ਹਿੰਦੁਸਤਾਨ ਵਿਚ ਉਪਨਿਸ਼ਦਾਂ ਤੇ ਛੇਵੇਂ ਦਰਸ਼ਨ ਨਹੀਂ ਸਨ ਹੈਗੇ ? ਕਿਆ ਇਨ੍ਹਾਂ ਦੇ ਪੰਡਤ ਸੰਨਯਾਸੀ ਤੇ ਯੋਗੀ ਤੇ ਸਿੱਧ ਨਹੀਂ ਸਨ ਹੈਗੇ ? ਸਭ ਕੁਛ ਸੀ, ਪਰ 'ਜੀਵਨ' ਨਹੀਂ ਸੀ। ਗੁਰੂ ਸਾਹਬ ਫੋਕੀ ਦਿਮਾਗ਼ੀ ਆਤਸ਼ਬਾਜ਼ੀ ਲੈਕੇ ਨਹੀਂ ਆਏ ਸਨ, ਪਰ 'ਜੀਵਨ' ਦਾ ਅਖੈ 'ਚਾਨਣਾ' ਲੈ ਕੇ ਆਏ ਸਨ। ਉਨ੍ਹਾਂ ਨੇ ਮਸਲੇ ਬਾਜ਼ੀ ਨਹੀਂ ਸਿਖਾਈ, ਪਰ ਮੁਰਦਾ ਸਰੀਰਾਂ ਵਿਚ 'ਆਤਮ ਜੀਵਨ' ਦੀ ਰੌਂ ਚਲਾ ਦਿਤੀ। ਜੀਵਨ ਤੋਂ ਸਾਡਾ ਮਤਲੰਬ ਮੁਢ ਦਾ (ਪਹਲੀ ਪਉੜੀ ਦਾ ਨਿਰਾ) ਇਖ਼ਲਾਕੀ ਜੀਵਨ ਨਹੀਂ, ਅਰਥਾਤ ਨਿਰਾ ਸ਼ੁਭ ਆਚਰਨ ਤੋਂ ਮਤਲਬ ਨਹੀਂ, ਇਹ ਜੀਵਨ ਤਾਂ ਉਸ ਜੀਵਨ ਦੇ ਕੇਵਲ ਪਹਲੇ ਡੰਡੇ ਹਨ। ਇਹ ਤਾਂ ਪੁੰਨ ਮਯ ਜੀਵਨ ਹੈ ਜਿਸ ਨੇ ਪਾਪ ਮਯ ਜੀਵਨ ਨੂੰ ਕੱਟ ਸਿਟਣਾ ਹੈ। ਅਰ ਇਨ੍ਹਾਂ ਪੁੰਨ ਤੇ ਪਾਪਮਯ ਦੁਹਾਂ ਵਿਚ 'ਹਉ' ਦਾ ਆਸਰਾ ਹੁੰਦਾ ਹੈ। ਦੋਵੇਂ ਲੋਹਾ ਹਨ, ਇਕ ਲੋਹੇ ਦੀ ਬੇੜੀ ਹੈ ਜੋ ਸਾਨੂੰ ਬੰਨ੍ਹ ਰਹੀ ਹੈ, ਦੂਸਰਾ ਛੈਣੀ ਹੈ ਜਿਸਨੇ ਬੇੜੀ ਕਟਣ ਵਿਚ ਸਹਾਇਤਾ ਕਰਨੀ ਹੈ। ਇਹ ਇਖਲਾਕੀ ਜੀਵਨ ਉਸ ਮਹਾਨ ਜੀਵਨ ਦਾ ਮੁਢ ਹੈ, ਇਹ ਉਸ ਜੀਵਨ ਦਾ ਇਕ ਛੋਟਾ ਜਿਹਾ ਹਿੱਸਾ ਹੈ। ਸਾਡਾ ਮਤਲਬ ਆਤਮ ਜੀਵਨ ਤੋਂ ਹੈ, ਜਿਥੇ ਹਉ ਆਸਰਾ ਨਹੀਂ, ਪਰ ਹਉ ਤੋਂ ਆਤਮਾ ਛੁਟ ਗਿਆ ਹੈ, ਸੁਤੰਤਰ ਹੋ ਗਿਆ ਹੈ, ਅਰ ਸੁਤੰਤਰ ਹੋ ਕੇ ਆਪਨੇ ਆਪ ਵਿਚ ਆਨੰਦ ਤੇ ਆਨੰਦ ਸਰੂਪ ਵਾਹਗੁਰੂ ਦੇ ਉਜਲ ਪ੍ਰੇਮ ਵਿਚ ਨਿਮਗਨ ਹੈ। ਜਿਥੇ ਰਸੀਆ ਰਸ ਭਰੇ ਹਾਲ ਵਿਚ ਰਸ ਰੂਪ ਹੋ ਰਿਹਾ ਹੈ, ਉਹ ਜੀਵਨ 'ਸਚ' ਵਿਚ ਪਹੁੰਚਣਾ ਹੈ, ਮੂੰਹ ਬੋਲੇ ਜਾਣ ਵਾਲੇ ਸਚ ਤੋਂ (ਜੋ ਝੂਠ ਦੀ ਅਪੇਖਯਾ ਤੇ ਕਹੀਦਾ

ਹੈ ) ਬਹੁਤ ਉੱਚਾ ਸੱਚ ਹੈ, ਜਿਸਦਾ ਵਰਣਨ ਐਉਂ ਕੀਤਾ ਹੈ 'ਨਾਨਕ ਵਖਾਣੇ ਬੇਨਤੀ ਤੁਝ ਬਾਝ ਕੂੜੋ ਕੂੜ' ਜਿਸ ਸਚ ਨੂੰ ਏਥੇ ਪਦ 'ਤੁਝ' ਪਰਗਟ ਕਰਦਾ ਹੈ, ਉਸਦਾ ਨਾਮ 'ਸਚ' ਹੈ ਉਸ ਸਚ ਨੂੰ ਪਰਾਪਤ ਕਰਨਾ ਐਉਂ ਲਿਖਿਆ ਹੈ:—

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ।
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ। ਸਚੁ
ਤਾ ਪਰ ਜਾਣੀਐ ਜਾ ਸਚੁ ਧਰੇ ਪਿਆਰੁ। ਨਾਉ
ਸੁਣਿ ਮਨੁ ਰਹਸੀਐ ਤਾ ਪਾਏ ਮੋਖੁ ਦੁਆਰੁ।
ਸਚ ਤਾ ਪਰੁ ਜਾਣੀਐ ਜੇ ਜੁਗਤ ਜਾਣੈ ਜੀਉ।
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ
ਬੀਉ। ਸਚੁ ਤਾਪਰੁ ਜਾਣੀਐ ਜਾ ਸਿਖ ਸਚੀ
ਲੇਇ। ਦਇਆ ਜਾਣੈ ਜੀਅਕੀ ਕਿਛੁ ਪੁੰਨੁ ਦਾਨੁ
ਕਰੇਇ। ਸਚੁ ਤਾ ਪਰੁ ਜਾਣੀਐ ਜਾ ਆਤਮ
ਤੀਰਥਿ ਕਰੇ ਨਿਵਾਸੁ। ਸਤਿਗੁਰੂ ਨੋ ਪੁਛਕੈ
ਬਹਿ ਰਹੈ ਕਰੇ ਨਿਵਾਸੁ। ਸਚ ਸਭਨਾ ਹੋਇ ਦਾਰੂ
ਪਾਪ ਕਢੈ ਧੋਇ। ਨਾਨਕ ਵਖਾਣੈ ਬੇਨਤੀ ਜਿਨ
ਸਚੁ ਪਲੈ ਹੋਇ' ।।੨।।

ਇਹ ਓਹ ਜੀਵਨ ਹੈ ਜੋ ਕਲਗੀਆਂ ਵਾਲੇ ਨੇ ਸਿਖਾਯਾ, ਸਿਖਾਯਾ ਨਹੀਂ ਜੋ ਲੋਕਾਂ ਵਿਚ ਭਰ ਦਿਤਾ, ਅਰ ਜਿਸਦੇ ਸਦਾ ਭਰੇ ਜਾਣ ਦੇ ਕਾਰਖਾਨੇ ਨੂੰ ਜਾਰੀ ਰਖਣੇ ਲਈ ਪੰਥ ਬਣਾ ਦਿਤਾ, ਐਸੇ ਮਹਾਨ ਦਾਤੇ ਦਾ ਅਜ ਪੁਰਬ ਹੈ। ਆਓ ਅੱਜ ਉਸ ਪਿਆਰੇ ਦੇ ਅਗੇ ਹਥ ਜੋੜਕੇ ਬੇਨਤੀ ਕਰੀਏ:—

ਹੇ— ''ਜੀਅ ਦਾਨ ਦੇ ਭਗਤੀ ਲਾਇਨ
ਹਰ ਸਿਉ ਲੈਨਿ ਮਿਲਾਇ''।

ਦੇ ਸੁਭਾਵ ਵਾਲੇ ਸਤਿਗੁਰੂ! ਅਜ ਸਾਨੂੰ ਬੀ (ਸਾਡੇ ਮੁਰਦੇ ਦਿਲਾਂ ਨੂੰ)

ਅਪਨੇ ਦਇਆਲ ਹਥਾਂ ਨਾਲ ਅੰਮ੍ਰਿਤ ਦਾ ਡੋਬਾ ਦੇਹ ਜੋ ਸਾਡਾ ਮੁਰਦਾਪਨ ਦੂਰ ਹੋ ਕੇ ਸਾਡੇ ਵਿਚ ਜੀਵਨ ਦੀ ਰੌ ਛਿੜ ਪਵੇ, ਅਰ ਓਹ ਵਧਦੀ ਵਧਦੀ ਸਾਨੂੰ ਸੁਰਜੀਤ ਕਰ ਦੇਵੇ ਤਾਂ ਜੋ ਸੰਸਾਰ ਯਾਤਰਾ ਕਰਕੇ ਤੁਰੇ ਆਤਮ ਮੰਡਲ ਵਿਚ–ਸਦਾ ਜਾਗਤੀ ਜੋਤ ਦੇ ਮੰਡਲ ਵਿਚ–ਅਸੀ ਬੀ ਵਾਸਾ ਪਾ ਕੇ:–

- 'ਬਾਬਾ ਮੇਰਾ ਆਵਨ ਜਾਨ ਰਹਿਓ'
  ਦਾ ਫ਼ਖ਼ਰ ਕਰ ਸਕੀਏ।

## ੩. ਭਾਈ ਬੁਧੂ ਸ਼ਾਹ ਦੀ ਸਿੱਕ

ਭਾਈ ਬੁੱਧੂ ਸ਼ਾਹ ਮੁਸਲਮਾਨ ਫਕੀਰ ਭਾਰਿਆਂ ਚੇਲਿਆਂ ਤੇ ਵਹੀਰਾਂ ਦਾ ਆਗੂ ਸੀ, ਅਤੇ ਰਾਜਸੀ ਪਰਤਾਪ ਬੀ ਰਖਦਾ ਸੀ, ਸਚ ਦਾ ਸਦਾ ਢੂੰਡਾਊ ਸੀ, ਇਹ ਫਕੀਰ ਅਪਨੀ ਫਕੀਰੀ ਵਿਚ 'ਫ਼ਿਨਾ ਫ਼ਿ ਸ਼ੈਖ' ਦੇ ਦਰਜੇ ਤੋਂ ਅਗੇ ਅੜਿਆ ਖੜਾ ਸੀ, ਅਰਥਾਤ ਮੁਰਸ਼ਦ ਏਸਨੂੰ ਜਦ ਅਪਨੇ ਪਿਆਰ ਤੋਂ ਚੁਕੇ ਦੂਸਰੇ ਦਰਜੇ ਵਿਚ ਲੈ ਗਿਆ ਤਦੋਂ ਉਥੇ ਹੀ ਇਕ ਅੜਚਨ ਵਿਚ ਖੜਾ ਹੋ ਗਿਆ, ਕਿਉਂਕਿ ਇਸਨੂੰ 'ਰਸੂਲ' ਦੇ ਓਹ ਦਰਸ਼ਨ ਨਹੀਂ ਹੁੰਦੇ ਸਨ ਜੋ ਰਾਹ ਪਾਣ ਵਾਲਾ ਦਸਦਾ ਸੀ। ਸੱਚੀ ਤਲਾਸ਼ ਦੇ ਲਗੇ ਨੂੰ ਗੁਰੂ ਨਾਨਕ ਦੀ ਬਾਣੀ ਨੇ ਇਕ ਦਿਨ ਵਿੰਨ੍ਹ ਲਿਆ, ਤੇ ਕਲਗੀਆਂ ਵਾਲੇ ਦੀ ਖਿੱਚ ਪਈ, ਬਾਣੀ ਸੁਣੀ ਸੁਣ ਕੇ ਕੀਰਤੀ ਦਾ ਰੰਗ ਬੱਝਾ, ਮਹਿਮਾਂ ਦੇ ਰੰਗ ਨੇ ਧੂਹ ਪਾਈ, ਜਦੋਂ ਉਨ੍ਹਾਂ ਦੇ ਸਰੂਪ ਦਾ ਨਕਸ਼ਾ ਸੁਣਿਆਂ ਤਾਂ ਮੂਰਛਾ ਆ ਗਈ। ਸਮਾਧੀ ਵਿਚ ਜੋ ਉਲਝਨ ਬਰਸਾਂ ਤੋਂ ਪੈ ਰਹੀ ਸੀ ਸੁਲਝ ਗਈ, ਅਰ ਨਾਲ ਹੀ ਇਹ ਪਤਾ ਲੱਗ ਗਿਆ ਕਿ ਇਹ ਓਹ ਪਿਆਰਾ ਹੈ ਜਿਸਦੇ ਮੰਡਲ ਵਿਚ ਰਾਹ ਪਾਣ ਵਾਲਾ ਵਾੜਦਾ ਸੀ ਤੇ ਹੋਰ ਧਿਆਨ ਦਸਦਾ ਸੀ, ਆਪ ਗ਼ਲਤੀ ਤੇ ਸੀ, ਅਸਲ ਧਿਆਨ ਉਹੋ ਹੈ ਜੋ ਬੁਧੂ ਸ਼ਾਹ ਨੂੰ ਦਿਸਦਾ ਸੀ ਅਤੇ ਉਸ ਧਿਆਨ ਦਾ ਧੇਯ ਆਤਮ ਮੰਡਲ ਵਿਚ ਅਵਯਕਤ ਰੂਪ ਵਿਚ ਨਹੀਂ ਹੈ, ਸਰੀਰ ਦਾ ਜਾਮਾਂ ਪਹਿਰ ਕੇ ਆਨੰਦ ਪੁਰ ਵਿਚ ਪਰਤੱਖ ਜੋਤ ਜਗਾ ਰਿਹਾ ਹੈ। ਤਦ ਮਨ

ਨੇ ਉਸ ਸਰੂਪ ਵਲ ਧੂਹ ਖਾਧੀ, ਤੇ ਬਿਰਹੋਂ ਸੁਲਤਾਨ ਨੇ ਆ ਡੇਰੇ ਜਮਾਏ। ਓਹ ਸਮਾਂ ਜੋ ਸਿੱਕ ਦਾ ਲੰਘਿਆ ਡਾਢਾ ਹੀ ਸੁਆਦਲਾ ਤੇ ਰੰਗਾਂ ਵਾਲਾ ਸੀ। ਬਿਰਹੋਂ ਤੇ ਸੱਚੇ ਪ੍ਰੇਮੀ ਦਾ ਬਿਰਹੋਂ ਤਾਂ ਇਕ ਜ਼ਿੰਦਗੀ ਦੀ ਰੌ ਚਲਾ ਦੇਣ ਵਾਲਾ ਤੇ ਸੱਚੇ ਜੀਵਨ ਦੀ ਝਰਨਾਟ ਛੇੜ ਦੇਣ ਵਾਲਾ ਪ੍ਰੇਮ ਮੰਡਲ ਦਾ ਸੁਲਤਾਨ ਹੁੰਦਾ ਹੈ। ਇਨ੍ਹਾਂ ਬਿਰਹੋਂ ਭਰੇ ਦਿਨਾਂ ਦਾ ਇਕ ਦਰਸ਼ਨ ਇਨ੍ਹਾਂ ਹੇਠ ਲਿਖੀਆਂ ਸਤਰਾਂ ਵਿਚ ਵਰਣਤ ਹੈ। ਇਸ਼ਕ ਦੀ ਖਿੱਚ ਨੇ ਨਿਮਾਜ਼ ਦਾ ਰੁਖ ਬਦਲ ਦਿਤਾ, ਇਕ ਦਿਨ ਚੇਲਿਆਂ ਨੂੰ ਕਹ ਦਿਤਾ, ਹੁਣ ਪੱਛੋਂ ਵਲੋਂ ਵੁੱਠਕੇ ਪੂਰਬ ਜੋਤ ਜਗਾ ਕੇ ਉੱਤਰ ਵਲ ਆ ਰਿਹਾ ਹੈ ਕਿ ਇਸ ਨੇ ਸਤਗੁਰੂ ਦੇ ਦਲਾਂ ਵਿਚੋਂ ਪੰਜ ਸੌ ਪਠਾਣ ਸਿਪਾਹੀਆਂ ਦੇ ਨੱਠ ਜਾਣੇ ਪਰ ਅਪਨੀ ਵਲੋਂ ਕਈ ਸੌ ਸਿਪਾਹੀ ਅਪਨੇ ਮੁਰੀਦ ਤੇ ਪਿਆਰੇ ਘੱਲੇ ਸੇ। ਅਰਥਾਤ ਜਦੋਂ ਸਚੇ ਸਤਗੁਰੂ ਨੇ ਧਰਮ ਰਖਿਆ ਦਾ ਨਾਟ ਵਰਤਾਯਾ ਤਾਂ ਬੁੱਧੂ ਸ਼ਾਹ ਨੇ ਅਪਨੀ ਵਲੋਂ ਕੁਮਕ ਲਈ ਸਾਰੇ ਪਿਆਰੇ ਘੱਲੇ ਸਖ ਤੇ ਅਪਨੇ ਦੋਵੇ ਪੁਤ੍ਰ ਰਣ ਤੱਤਿਆ ਵਿਚ ਉਸ ਪਿਆਰੇ ਪਯਾਰ ਦੇ ਚਸ਼ਮੇਂ ਤੇ ਪ੍ਰੇਮ ਦੇ ਜੀਉਂਦੇ ਜਾਗਦੇ ਸੋਮੇ ਦੇ ਚਰਨਾਂ ਵਿਚ ਸੇਵਾ ਲਈ ਘੱਲੇ ਸਨ। ਦੋਵੇਂ ਲਾਲ ਉਸ ਜੋਤ ਨਿਰੰਜਨੀ ਦੇ ਸਚੇ ਦੀਨ ਰਖਿਆ ਦੇ 'ਆਤਮ ਰਾਜਸੂ ਜੱਗ' ਵਿਚ ਹਵਨ ਹੋ ਗਏ। ਜਦੋਂ ਇਸ਼ਕ ਦੇ ਮੰਡਲ ਦੇ ਪਵਿਤ੍ਰ ਪਤੰਗੇ ਭਾਈ ਬੁਧੂਸ਼ਾਹ ਨੂੰ ਖਬਰ ਲੱਗੀ ਕਿ ਪਿਆਰੇ ਜੀਅ ਦਾਨ ਦੇ ਦਾਤੇ ਦੇ ਚਰਨਾਂ ਕਮਲਾਂ ਤੋਂ ਜਿਗਰ ਦੇ ਟੁਕੜੇ ਸਦਕੇ ਹੋ ਗਏ ਹਨ ਤਾਂ ਆਖਿਆ ਸੀ:—

ਅੱਜ ਸਪੂਤਾ ਹੋ ਗਿਆ ਬੁਧੂ ਸ਼ਾਹ ਫਕੀਰ।
ਗੋਦੀ ਪੁਤ ਸਮਾ ਲਏ ਕਲਗੀਆਂ ਵਾਲੇ ਪੀਰ।

ਏਥੇ ਹੀ ਬਸ ਨਹੀਂ ਔਰੰਗਜੇਬ ਨੇ ਇਸ ਫਕੀਰ ਦਾ ਸਰਬੰਸ ਨਸ਼ਟ ਇਸੇ ਗੁਸੇ ਵਿਚ ਕੀਤਾ ਸੀ ਤੇ ਇਹ ਸਿਦਕੋਂ ਨਹੀਂ ਡੋਲਿਆ। ਫੇਰ ਬਾਬੇ ਬੰਦੇ ਨੇ ਪੰਜਾਬ ਵਿਚ ਆ ਕੇ ਸਭ ਤੋਂ ਪਹਲੇ ਬੁਧੂ ਸ਼ਾਹ ਦੇ ਤਬਾਹ ਕਰਨੇ ਵਾਲਿਆਂ ਨੂੰ ਦੰਡ ਦਿਤਾ ਸੀ।

ਇਸ ਸਚੇ ਪ੍ਰੇਮੀ, ਪ੍ਰੇਮ ਮੰਡਲ ਦੇ ਸੱਚੇ ਆਪਾ ਵਾਰਨ ਵਾਲੇ ਬੁਧੂ ਸ਼ਾਹ ਜੀਆਂ ਪਹਲੇ ਦਿਨੀ ਲਗੀਆਂ ਸਿੱਕਾਂ, ਸੱਧਰਾਂ ਤੇ ਬਿਰਿਹਾਂ ਦਾ ਇਕ ਵੰਨਗੀ ਮਾਤ੍ਰ ਦਰਸ਼ਨ ਹੇਠਲੀਆਂ ਸਤਰਾਂ ਵਿਚ ਵਰਣਤ ਹੈ :—

(ਰਾਗ ਭੈਰਵੀ ਤਾਰ ੩)

ਦਯਾ ਮਯ ਕਲਗੀਆਂ ਵਾਲੇ ! ਕਦੋਂ ਦਰਸ਼ਨ ਦਿਖਾਵੋਗੇ ?
ਕ੍ਰਿਪਾ ਦੇ ਮੇਘ ਬਰਸਾ ਕੇ ਤਪਤ ਮਨ ਦੀ ਬੁਝਾਵੋਗੇ ?
ਮੈਂ ਅਪਨੇ ਆਪ ਤੋ ਭੁੱਲਾ ਅਧਮਤਾ ਮੌਤ ਮਰਦਾ ਹਾਂ,
ਕਦੋਂ ਦੇ ਆਤਮਾ ਜੀਵਨ, ਕਲੇਸ਼ਾਂ ਤੋਂ ਬਚਾਵੋਗੇ ?
ਵਿਛੁੜ ਕੇ ਮੂਲ ਤੋਂ ਸ੍ਵਾਮੀ ਅਨੇਕਾਂ ਚੁਭ ਚੁਕੇ ਕੰਟਕ,
ਹਿਰਦੇ ਦਾ ਸੂਲ ਕਰ ਨਿਰਪੂਲ ਕਦ ਚਰਨੀਂ ਲਗਾਵੋਗੇ ?
ਸਹਾਰਾ ਆਜਜ਼ਾਂ ਦਾ ਤਾਂ ਦਿਲਾਸਾ ਆਪ ਦਾ ਹੀ ਹੈ,
ਬਚਾਂਗਾ ਜੇ ਬਚਾਵੋਗੇ, ਜੀਆਂਗਾ ਜੇ ਜਿਵਾਵੋਗੇ ?
ਜੇ ਮੇਰੇ ਕਰਮ ਦੇਖੋਗੇ ਤਾਂ ਮੁਸ਼ਕਲ ਫਿਰ ਟਿਕਾਣਾ ਹੈ,
ਦਯਾ ਸਿੰਧੂ ਕਹੀਦੇ ਹੋ ਦਯਾ ਕਰ ਹੀ ਤਰਾਵੋਗੇ।
ਕਪੁਤਰ ਪੁਤ੍ਰ ਭੀ ਹੋਵਨ; ਕੁਮਾਪੇ ਹੋਣ ਨਹਿੰ ਮਾਪੇ,
ਬਿਰਦ ਦੀ ਲਾਜ ਰੱਖਣ ਨੂੰ ਮੇਰੇ ਔਗੁਣ ਭੁਲਾਵੋਗੇ।
ਅਨੇਕਾਂ ਜਿਸ ਤਰਾਂ ਪਿਆਰੇ, ਕਰਾਏ ਮੁਕਤ ਅਪਨਾ ਕੇ,
ਤਿਵੇਂ ਮੈਂ ਨੀਚ ਨੂੰ ਭੀ ਕਯਾ ਨ ਬਾਹੋਂ ਫੜ ਲੰਘਾਵੋਗੇ ?
ਖੁਲਾ ਹੈ ਦ੍ਵਾਰ ਮੁਕਤੀ ਦਾ ਸੁਕਰਮਾਂ ਵਾਲਿਆਂ ਹਿਤ ਤਾਂ,
ਮੇਰੇ ਜੈਸੇ ਹੀ ਪਾਪੀ ਜਨ ਬਚਾ ਕੇ ਨਾਮ ਪਾਵੋਗੇ।
ਦਲੀਜੀਂ ਆਣ ਡਿੱਗਾ ਹਾਂ, ਕ੍ਰਿਪਾ ਦਾ ਖੈਰ ਪੈ ਜਾਵੇ,
ਜਿਹੜੇ ਰਸਤੇ ਮਿਲੇ ਢੋਈ ਤਿਵੇਂ ਹੀ ਤਰਸ ਖਾਵੋਗੇ।
ਮੈਂ ਅਪਨਾ 'ਆਪ ਨੂੰ' ਲਖਕੇ ਨਿਮਾਣਾਂ ਆਸ ਕਿਉਂ ਢਾਵਾਂ,
ਭਰੋਸਾ ਹੈ ਇਹੋ ਪਯਾਰੇ ! ਕਦੇ ਨਾਂ ਮਾਣ ਢਾਵੋਗੇ।

ਪਿਤਾ ! ਜਿਸ ਰੰਗ ਦੇ ਵਿਚ ਆਪ ਪਿਆਰੇ ਪਾਸ ਬੈਠੇ ਹੋ,
ਤਿਵੇਂ ਮੈ ਨੀਚ ਨੂੰ ਅਪਨੇ ਖੁਲ੍ਹੇ ਦਰਸ਼ਨ ਕਰਾਵੋਗੇ ।
ਅਧ ਮਜਨ ਪਾਰ ਕਧੋ ਕਰ ਹੋਨ ਸਾਗਰ ਬਿਨ ਸਹਾਰੇ ਦੇ,
ਰੁੜ੍ਹੇ ਜਾਂਦੇ ਨੂੰ ਫੜ ਬਾਹੋਂ ਕ੍ਰਿਪਾ ਬੇੜੇ ਚੜ੍ਹਾਵੋਗੇ ?
ਹੈ ਦਰਸ਼ਨ ''ਪ੍ਰੇਮ'' ਪਿਆਰੇ ਦਾ ਸੋ ਪ੍ਰੇਮੀ ਪਾ ਰਹੇ ਹੋਨਗੇ
ਮੇਰੇ ਵਲ ਪ੍ਰੇਮ ਦਾ ਇਕ ਤੀਰ ਕਦ ਭਰਕੇ ਚਲਾਵੋਗੇ ?
ਨਿਗਹ ਇਕ ਮੇਹਰ ਦੀ ਪੈ ਕੇ ਕਰਾਵੇ ਪਾਰ ਬੇੜੇ ਨੂੰ,
ਕਦੋਂ ਪਾ ਪਿਆਰ ਦੀ ਚਿਤਵਨ ਮੇਰੀ ਬਿਗੜੀ ਬਨਾਵੋਗੇ ?
ਉਮੈਦਾਂ ਮੇਰੀਆਂ ਸ੍ਵਾਮੀ ! ਤੇਰੇ ਦਰ ਤੇ ਅਟਕ ਜਾਵਨ !
ਏ ਗੁੰਝਲ ਆਪ ਹੀ ਸੁਲਝਾ ਕੇ ਬੇੜਾ ਪਾਰ ਲਾਵੋਗੇ ।
ਮੇਰਾ ਮਨ ਟਿਕ ਨਹੀਂ ਸਕਦਾ ਭਟਕ ਵਿਚ ਰਾਹ ਰੁਕਦਾ ਹੈ,
ਕ੍ਰਿਪਾ ਕਰ ਆਪ ਹੀ ਸ੍ਵਾਮੀ ਟਿਕਾਣੇ ਸਿਰ ਪੁਚਾਵੋਗੇ ।
ਮੈਂ ਬੰਜਰ ਧਰਤੀਓਂ ਭੇੜਾ ਨ ਜਾਣਾਂ ਸਾਰ ਪ੍ਰੀਤਮ ਦੀ,
ਕ੍ਰਿਪਾ ਦਾ ਬੀਜ ਅੰਕੁਰ ਕੇ ਮੇਰਾ ਮਨ ਲਹਿਲਹਾਵੋਗੇ ।
ਲੁਕੇ ਹੋ, ਹੋ ਪ੍ਰਗਟ ਜਗ ਤੇ, ਮੇਰੇ ਕਰਮਾਂ ਲੁਕਾਏ ਹੋ,
ਮਿਟਾ ਕੇ ਧੁੰਦ ਕਰਮਾਂ ਦੀ ਕਦੋਂ ਸੂਰਜ ਚੜ੍ਹਾਵੋਗੇ ?
ਭੁੱਲਾਵਾ ਰੂਪ ਵਾਲਾ ਸੀ, ਸੋ ਮਿਟਿਆ ਸੋਇ ਸੁਣਦੇ ਹੀ,
ਕਦੋਂ ਦਰਸ਼ਨ ਦਿਖਾਵੋਗੇ ਤੇ ਅੰਚਲ ਆ ਫੜਾਵੋਗੇ ?
ਲਗਾਵੋਗੇ ਏ ਸਿਹ ਚਰਨੀ ਤਪਤ ਬਿਰਹੋਂ ਮਿਟਾਵੋਗੇ,
ਮਨੂਰਾ ਮਨ ਜਿਵਾਵੋਗੇ ਤੇ ਦਰਸ਼ਨ ਖੈਰ ਪਾਵੋਗੇ ।
'ਬਚਾਵੋਗੇ' ਨਹੀਂ ਸੰਸਾ, ਬਿਰਦ ਅਪਨਾ 'ਰਖਾਵੋਗੇ'
'ਲਗਾਵੋਗੇ' ਚਰਨ ਸ਼ਰਨੀ ਸਦਾ ਸ਼ਰਨੀ ਸਮਾਵੋਗੇ ॥

# ੧੨. ਖੇੜਾ ਬਾਹਰਵਾਂ

(ਸੰ: ੪੪੩ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾਂ)

## ੧. ਗੁਰਪੁਰਬ

ਫਿਰਦਾ ਗਗਨ, ਫੇਰ ਵਿਚ ਅਪਨੇ,
ਦਿਨ ਕ ਫੇਰ ਕੇ ਲਯਾਵੇ,
ਚਾਉ ਖਿੜੇ ਹਰ ਸੀਨੇਂ ਅੰਦਰ
ਮੇਲ ਮੇਲ ਭਰ ਆਵੇ।
ਪਿਆ ਵਿਛੋੜਾ ਜਿਸ ਸੀਨੇ ਬੀ
ਉਹ ਬੀ ਉਛਲ ਆਵੇ,
ਚਾਹੇ ਮਿਲਾਂ ਪਿਆਰਯਾਂ ਤਾਂਈ
ਰਲ ਮਿਲ ਮੰਗਲ ਗਾਵੇ।
ਬਾਲਕ ਬ੍ਰਿਧ ਉਮਰ ਨਹੀਂ ਤੱਕੇ
ਹੱਸ ਹੱਸ ਪਿਆ ਤਕਾਵੇ,
ਖੁਸ਼ ਹੋਵੇ, ਖੁਸ਼ ਦੇਖੇ ਹੱਸੇ
ਹੱਸ ਕੇ ਪਿਆ ਹਸਾਵੇ।
ਘਰ ਘਰ ਖੁਸ਼ੀਆਂ ਮੰਗਲ ਆਵੇ
ਘਰ ਘਰ ਆਨੰਦ ਆਵੇ,
ਸਮਾਂ ਫਿਰੰਦਾ ਬਾਣ ਆਪਣੀ
ਇਸ ਦਿਨ ਨੂੰ ਭੁਲ ਜਾਵੇ।

ਐਸਾ ਸੁਭਾਗ ਦਿਨ ਕੇਹੜਾ ਹੈ ? ਪਯਾਰੇ ਸੱਜਨ ਏਸਨੂੰ ਗੁਰਪੁਰਬ ਕਰਕੇ ਆਖਦੇ ਹਨ। ਸੱਚ ਹੈ ਇਹ ਪੂਰਬ ਹੈ। ਅਸਲ ਪੂਰਬ ਦਾ ਦਿਨ ਓਹ ਨਹੀਂ ਜਿਸ ਨੂੰ ਚੰਦ੍ਰਮਾਂ ਤੇ ਨਛੱਤ੍ਰਾਂ ਦੇ ਵਾਧੇ ਘਾਟੇ ਪਏ ਹੋਣ, ਪਰ ਉਹ ਦਿਨ ਹੈ ਜਿਸ ਦਿਨ ਜੀਉਂਦੇ ਦਿਲਾਂ ਨੂੰ ਇਕ ਨਿਸ਼ਾਨੇ ਵੱਲ ਸਾਂਝੀ ਖਿੱਚ ਪਵੇ, ਅਰ ਓਹ ਖਿੱਚ ਪ੍ਰਸੰਨਤਾ ਨਾਲ ਭਰੀ ਹੋਵੇ। ਜਿਸ ਦਿਨ ਵਿਆਕਰਨ ਦਾ ਘੁਮਿਆਰ ਐਸੇ ਦਿਨ ਦਾ ਨਾਂ ਘੜਨ ਬੈਠਾ ਸੀ ਤਾਂ ਉਸਨੂੰ ਏਸ ਦੇ ਗਾਰੇ ਗੁੰਨ੍ਹਣ ਵਾਸਤੇ ਖੁਸ਼ੀ ਦੀ ਮਿੱਟੀ ਲੱਭਣੀ ਪਈ, ਤਦ ਓਸਨੇ ਲੱਭ ਲੱਭ ਕੇ ਤੇ ਪੱਟ ਪੱਟ ਕੇ ''ਪ੍ਰੀ'' ਦੀ ਧਾਤੂ ਲੱਭੀ, ਜਿਸ ਨੂੰ ਕਈ ਉਲਟ ਫੇਰਾਂ ਨਾਲ ਗੋ ਕੇ ਉਸਨੇ ਚੱਕ ਚਾੜ੍ਹਿਆ ਤੇ 'ਪਰਬ' ਪਦ ਬਨਾਯਾ। ਸੋ ਏਸਦੇ ਅਸਲੇ ਵਿਚ ਓਸ ਨੇ ਭਰਪੂਰੀ ਵਾਲੀ ਖੁਸ਼ੀ ਭਰ ਦਿਤੀ ਪਰ ਇਹ ਸ਼ੈ ਕਿਸੇ ਅਨਾੜੀ ਸ਼ਗਿਰਦ ਦੇ ਹੱਥੀਂ ਚੰਦ੍ਰਾਂ ਤੇ ਨਛੱਤ੍ਰਾਂ ਉਤੇ ਜਾ ਚੜ੍ਹੀ, ਜਦ ਕਦੇ ਉਨ੍ਹਾਂ ਦੇ ਫੇਰ ਫਿਰੰਦਿਆ ਧਰਤੀ ਵੱਲ ਮੂੰਹ ਹੋਵੇ ਤਦ ਲੋਕੀ ਇਸ ਖਿਆਲ ਵਿਚ ਹੀ ਕਿ ਪਰਬ ਜਾਂ ਪੂਰਬੀ ਅਕਾਸ਼ਾਂ ਤੇ ਇਸ ਰੁਖ ਆ ਗਈ ਹੈ ਕਈ ਤਰਾਂ ਦੇ ਤਪ ਤਾਪਯਾ ਕਰਨ ਜੋ ਕਿਵੇਂ ਇਹ ਹੇਠਾਂ ਆਵੇ, ਪਰ ਹਿਸਾਬੀਆਂ ਦੇ ਹਿਸਾਬ ਇਸ ਨੂੰ ਹੇਠ ਨਾਂ ਲਿਆ ਸਕੇ। ਧਰਤੀ ਤੇ ਵਸਦੇ ਜੀਵ ਦਿਨੋਂ ਦਿਨ ਤੰਗ ਹੁੰਦੇ ਗਏ, ਐਨੇ ਕਿ ਪੰਜ ਦਰਯਾਵਾਂ ਦੇ ਇਕ ਖਤੇ ਵਾਲਿਆਂ ਦੀ ਆਪਣੀ ਬੋਲੀ ਵਿਚ ਖੁਸ਼ੀ ਦਾ ਲਫਜ਼ ਹੀ ਕੋਈ ਨਾਂ ਰਿਹਾ। ਤਦੋਂ ਇਕ ਤੇਜ ਪ੍ਰਕਾਸ਼ ਵਾਲੇ ਦਾਤੇ ਨੇ ਅਕਾਸ਼ਾਂ ਅਰ ਲੱਖਾਂ ਅਕਾਸਾਂ ਦੀ ਦੂਰੀ ਤੋਂ ਇਹ ਹਾਲ ਤੱਕ ਦੇ ਤਰਸ ਖਾਧਾ ਅਰ ਬਿਜਲੀ ਦੀ ਤੇਜ਼ੀ ਨਾਲ ਹੇਠਾਂਹ ਨੂੰ ਆਇਆ, ਰਸਤੇ ਵਿਚ ਚੰਦ੍ਰਮਾਂ ਤੇ ਨਛੱਤ੍ਰਾਂ ਦੇ ਪਾਸ ਦੀ ਜਦ ਓਹ ਲੰਘਿਆ ਤਾਂ ਸਾਰੇ ਬ੍ਰਹਮੰਡਾਂ ਨੇ ਨਮਸਕਾਰਾਂ ਕੀਤੀਆਂ ਤੇ ਭੇਟਾਂ ਚਾੜ੍ਹੀਆਂ, ਉਸ ਵੇਲੇ ਚੰਦ੍ਰਮਾਂ ਤੇ ਇਸ ਧਰਤੀ ਦੇ ਨਛੱਤ੍ਰਾਂ ਨੇ ਏਹਅਮੋਲਕ 'ਪਰਬ' ਦੀ ਸੁਗਾਤ ਦਾਤਾ ਜੀ ਦੇ ਅੱਗੇ ਧਰਕੇ ਮੱਥਾ ਟੇਕਿਆ ਤਦੋਂ ਏਹ ਅਮੋਲਕ ਸ਼ੈ ਨਾਲ ਹੀ ਨਾਲ ਏਸ ਧਰਤੀ ਉਤੇ ਆ ਗਈ। ਜਦੋਂ ਧਰਤੀ ਦੇ ਰੋਂਦੇ ਤੇ ਦੁਖੀ ਲੋਕਾਂ ਨੇ ਸੁਖ ਪਾਯਾ ਤਦ ਦਾਤਾ ਜੀ ਤੋਂ ਸਦਕੇ ਲੱਗੇ ਹੋਣ, ਅਰ ਵਾਰੇ ਵਾਰੇ ਜਾਣ, ਅਤੇ ਜਿਸ ਦਿਨ ਦਾਤਾ ਜੀ ਆਏ ਸਨ ਉਸ ਦਿਨ ਨੂੰ ਉਨ੍ਹਾਂ ਨੇ ਪਰਬ ਦੇ ਨਾਮ ਨਾਲ ਸੁਭਾਗ ਬਣਾ ਲਿਆ, ਅਰ ਏਸ ਯਾਦਗਾਰ ਵਿਚ ਕਿ ਇਹ ਸ਼ੈ ਮੁੜ ਕੇ ਆਈ

ਹੈ ਤੇ ਫੇਰ ਨਾਂ ਉੱਡ ਜਾਵੇ, ਏਸ ਦੇ ਪੈਰ ਔਂਕੁੜ ਦਾ ਔਂਕੁੜਾ ਮਾਰਕੇ ਹੁਕਮ ਦਿਤਾ ਕਿ ਤੂੰ ਉਸ ਦਾਤੇ ਦੇ ਦਿਨ ਨਾਲ ਜਿਸਦਾ ਨਾਉਂ ''ਗੁਰੂ'' ਹੈ, ਲੱਗੇ ਰਹਿਣਾ ਹੈ। ਤਦ ਤੋਂ ਪਰਬ ਜੋ ਖੁਸ਼ੀ ਦਾਤਾ ਦਿਨ ਹੈ, ਗੁਰਾਂ ਨਾਲ ਲੱਗ ਕੇ ਗੁਰਪੂਰਬ ਬਨ ਗਿਆ ਹੈ। ਹੁਣ ਇਹ ਨਛੱਤ੍ਰਾਂ ਤੇ ਬੈਠਾ ਸਾਨੂੰ ਸੈਨਤਾਂ ਨਹੀਂ ਮਾਰਦਾ, ਸਗੋਂ ਪਿਆਰੇ 'ਗੁਰੂ' ਦੀ ਪਯਾਰ ਭਰੀ ਕਰਨੀ ਦੀ ਯਾਦ ਦੇ ਪੰਘੂੜੇ ਝੂਟਦਾ ਹੈ, ਅਰ ਸਾਨੂੰ ਉਪਕਾਰੀ ਹੋ ਕੇ ਨਿਸ਼ਾਨੇ ਵੱਲ ਖਿੱਚਦਾ ਹੈ, ਅਰਥਾਤ ਸਚੇ ਸਤਗੁਰ ਵਲ ਖਿੱਚਦਾ ਹੈ।

ਇਹ ਦਿਨ ਹੈ ਕਿ ਜਿਸ ਦਿਨ ਸਾਰੇ ਪਿਆਰੇ ਉਸ ਸੱਚੇ ਕਲਯਾਨ ਦਾਤਾ ਵੱਲ ਤੱਕਦੇ ਹਨ। ਜਿਸ ਦਿਨ ਸਭ ਦਿਲਾਂ ਦਾ ਸਤਗੁਰ ਸੂਰਜ ਤੇ ਧਿਆਨ ਹੁੰਦਾ ਹੈ, ਜਿਸ ਦਿਨ ਖੁਸ਼ੀ ਤੇ ਮੰਗਲ ਭਰਪੂਰ ਹੁੰਦਾ ਹੈ। ਵਿਛੜੇ ਮਿਲਦੇ ਹਨ ਤੇ ਮਿਲੇ ਵਧੀਕ ਪ੍ਰੇਮ ਕਰਦੇ ਹਨ।

ਪਯਾਰਿਓ! ਇਸ ਕਰਕੇ ਅੱਜ ਦੇ ਦਿਨ ਨੂੰ ਗੁਰਪੁਰਬ ਕਹੀਦਾ ਹੈ। ਅਸੀ ਦੁਖੀ ਸਾਂ, ਸਤਗੁਰੂ ਨੇ ਸਾਡੇ ਦੁਖ ਨੂੰ ਦੇਖਿਆ, ਅਸੀ ਰੋ ਰੋ ਪੁਕਾਰਦੇ ਸਾਂ ਸਤਗੁਰ ਨੇ ਪੁਕਾਰ ਸੁਣੀ। ਅਸੀ ਦੁਹਾਈਆਂ ਦੇਂਦੇ ਸਾਂ, ਸਤਗੁਰ ਬਾਹੁੜਿਆ। ਆਕੇ ਸਾਡੇ ਦੁਖ ਹਰੇ ਤੇ ਸੁਖ ਦਿਤੇ। ਸੁਖ ਪਾਕੇ ਅਸਾਂ ਓਸਦੇ ਆਉਣ ਦੇ ਦਿਨ ਨੂੰ 'ਗੁਰਪੁਰਬ' ਆਖਿਆ ਤੇ ਅੱਜ ਤਕ ਮਨਾਂਦੇ ਹਾਂ, ਪਰ ਹੁਣ ਲੋੜ ਹੈ ਤਾ ਇਹ ਕਿ ਇਸ ਦੀ ਅਸਲ ਸੁੰਦ੍ਰਤਾ ਕਾਇਮ ਰਹੇ। ਇਹ ਪਵਿਤ੍ਰ ਪਿਆਰੇ ਦੇ ਆਗਮਨ ਦੀ ਖੁਸ਼ੀ ਦਾ ਦਿਨ ਹੈ, ਇਹੋ ਇਸਦਾ ਭਾਵ ਹੈ ਤੇ ਏਹੋ ਸਾਡਾ ਭਾਵ ਤੇ ਸਾਡੀ ਵਰਤਨ ਹੋਵੇ। ਅਸੀ ਅੱਜ ਸਤਗੁਰ ਦੇ ਪਿਆਰ ਤੇ ਯਾਦ ਵਿਚ ਭਰੇ ਹੋਈਏ। ਸਾਡੇ ਵਿਚ ਖੁਸ਼ੀ ਹੋਵੇ, ਪਰ ਠੰਢੀ ਮਿੱਠੀ, ਰਸਭਰੀ, ਪਿਆਰੀ ਤੇ ਸ਼ਾਂਤ ਰੂਪ ਖੁਸ਼ੀ ਹੋਵੇ, ਜੋ ਪਵਿਤ੍ਰਤਾ ਵਿਚੋਂ ਨਿਕਲੇ ਤੇ ਪਵਿਤ੍ਰਤਾ ਫੈਲਾਵੇ। ਅੱਜ ਸਾਡੀ ਖੁਸ਼ੀ ਸਾਨੂੰ ਪਿਆਰੇ ਦੀ ਯਾਦ ਵਿਚ ਸੁਖ ਦੇਵੇ, ਅੱਜ ਸਾਡੀ ਖੁਸ਼ੀ ਵਿਧਵਾਂ ਦੇ ਅੱਥਰੂ ਪੂੰਝੇ, ਅੱਜ ਸਾਡੀ ਖੁਸ਼ੀ ਮਹਿੱਟਰਾਂ ਦੇ ਸਿਰ ਦਿਲਾਸੇ ਦਾ ਹੱਥ ਫੇਰੇ ਅੱਜ ਸਾਡੀ ਖੁਸ਼ੀ ਅਨਪੜ੍ਹਿਆਂ ਨੂੰ ਵਿੱਦਯਾ ਦਾਨ ਦੇਵੇ, ਅਤਿੱਥੀ ਅੱਜ ਸੰਤੁਸਟ ਹੋਣ, ਭੁਲੇ ਅੱਜ ਰਸਤੇ ਪੈਣ,

ਅਪਰਾਧੀ ਅੱਜ ਬਖਸ਼ੇ ਜਾਣ, ਵਿਛੁੜੇ ਅੱਜ ਮਿਲ ਪੈਣ , ਗੁਰਪੁਰਬ ਹੈ ਤਾਂ ਇਹ ਹੈ। ਜੇ ਅਸੀਂ ਸਤਗੁਰ ਤੋਂ ਵਿਛੁੜੇ ਰਹਿੰਦੇ ਹਾਂ, ਤਾਂ ਅੱਜ ਦਾ ਦਿਨ ਯਾਦ ਕਰਾਂਦਾ ਹੈ ਕਿ ਸਤਗੁਰ ਨੇ ਆਕੇ ਸਾਨੂੰ ਮੇਲ ਲਿਆ ਸੀ। ਅੱਜ ਅਸੀ ਸਤਗੁਰ ਨੂੰ ਮਿਲੀਏ, ਅੱਜ ਰਸਤੇ ਸਿਰ ਆਈਏ, ਅੱਜ ਸਾਡੇ ਜੀਵਨ ਪਲਟੇ ਦਾ ਮੁਢ ਦਿਨ ਹੋਵੇ। ਜੇ ਅਸੀਂ ਮਿਲੇ ਹਾਂ ਤਾਂ ਅੱਜ ਪਿਆਰੇ ਦੇ ਰੰਗ ਵਿੱਚ ਸਮਾਏ ਜਾਣ ਦਾ ਰਸ ਦਾਤਾ ਦਿਨ ਹੈ। ਪਯਾਰਿਓ! ਸਾਡਾ ਗੁਰਪੁਰਬ, ਗੁਰੂ ਦੀ ਖੁਸ਼ੀ ਦਾ ਦਿਨ ਹੋਵੇ। ਗੁਰੂ ਹੀਨ ਤੇ ਸਾਹਬ ਹੀਨ ਦਿਲਾਂ ਵਾਂਙੂ ਸਾਡੀ ਖੁਸ਼ੀ ਬੇਮੁਹਾਰ ਮਨ ਦੀ ਖੁਸ਼ੀ ਨਾਂ ਹੋਵੇ ਜਿਸਦਾ ਅੰਤ ਚਿੰਤਾ ਅਰ ਸ਼ੋਕ ਹੁੰਦਾ ਹੈ।

ਆਓ ਗੁਰਪੁਰਬ ਮਨਾਈਏ, ਕੀਹ ਕਰੀਏ ? ਗੁਰੂ ਬਾਵਨ ਚੰਦਨ ਦੀ ਖੁਸ਼ਬੂ ਨਾਲ ਮਹਿਕ ਕੇ ਓਹ ਲਪਟਾ ਛੱਡੀਏ ਕਿ ਓਹ ਬੀ ਚੰਦਨ ਹੋ ਜਾਣ ਜੋ ਸਾਡੇ ਲਾਗੇ ਵਸਦੇ ਹਨ।

## ੨. ਕਲਗੀਆਂ ਵਾਲੇ ਦਾ ਹੁਕਮ

ਇਕ ਦਿਹਾੜੇ ਕਲਗੀਆਂ ਵਾਲੇ, ਪ੍ਰੀਤਮ ਪਾਸ ਲਿਆਯਾ,
ਇਕ ਪ੍ਰੇਮੀ ਸੁੰਦਰ ਜੋੜਾ, ਅਤਲਸ਼ ਨਾਲ ਬਨਾਯਾ।
ਪਹਿਨਗੁਰੂ ਜੀ ਚਲੇ ਕੇਸਗੜ੍ਹ, ਰਸਤੇ ਵਿਚ ਸ਼ਿੰਘ ਪਯਾਰਾ
ਜਿਸਦਾ ਨਾਮ ਨੰਦ ਸਿੰਘ ਸੋਹਣਾ, ਲਿੰਬਦਾ ਕੰਧਾਂ ਗਾਰਾ।
ਛਿੱਟ ਉਡੀ ਗਾਰੇ ਦੀ ਮੈਲੀ, ਪਰ ਸਤਗੁਰ ਨੂੰ ਸਿਕਦੀ,
ਪਈ ਕੱਪੜੇ ਅਤਲਸ ਉੱਤੇ, ਪਈ ਸੁ ਜਿੱਥੇ ਟਿਕਦੀ।
ਦੇਖ ਗੁਰੂ ਨੇ ਸਾਥੀਆਂ ਵੰਨੇ, ਸਹਿਜੇ ਹੁਕਮ ਸੁਣਾਯਾ
'ਇਕ ਚਪੇੜ ਏਸਨੂੰ ਮਾਰੋ', ਸੁਣ ਸਭ ਹੁਕਮ ਕਮਾਯਾ।
ਇਕ ਇਕ ਨੇ ਇਕ ਇਕ ਚੁਕ ਧੱਪਾ, ਸਿੰਘ ਪਯਾਰੇ ਲਾਯਾ।
ਉਸਨੇ ਸ਼ੁਕਰ ਗੁਰੂ ਦਾ ਕੀਤਾ, 'ਮੈਂ ਚੇਤੇ ਹਾਂ ਆਯਾ,
'ਮਿੱਠਾ ਲੱਗੇ ਜੇ ਗੁਰ ਝਿੜਕੇ, ਬਖਸ਼ੇ ਉਸ ਦੀ ਦਾਯਾ,

'ਦੋਹੀਂ ਗੱਲੀਂ ਹਿਰਦੇ ਗੁਰ ਦੇ, ਚੇਤਾ ਸਾਡਾ ਆਯਾ।
'ਅਸਾਂ ਪਾਪੀਆਂ ਔਗੁਣ ਭਰਿਆਂ ਦੀ ਜੇ ਯਾਦ ਫੁਰਾਵੇ।
'ਗੁਰ ਹਿਰਦੇ ਪਾਵਨ ਵਿੱਚ ਫੇਰਾ, ਜੇ ਇਕ ਵਾਰੀ ਪਾਵੇ।
'ਸਫਲ ਜਨਮ, ਜੱਗਆਯਾ ਲੇਖੇ, ਔਗੁਣ ਸਭ ਮਿਟ ਜਾਣੇ,
ਸਿਮਰਨ ਪ੍ਰਭੂ ਦਾ ਹਿਰਦੇ ਅੰਦਰ, ਕਰ ਸੀ ਆਣ ਟਿਕਾਣੇ ?'
ਸਿੱਖ ਪਯਾਰਾ ਵਿੱਚ ਰਜ਼ਾ ਦੇ, ਰਾਜ਼ੀ ਸੀ ਖੁਸ਼ ਹੋਯਾ,
ਤਦੋਂ ਗੁਰੂ ਜੀ ਪਰਤ ਪਿਛਾਹਾਂ, ਜੇ ਹੋਇਆ ਅਵਲੋਯਾ।
ਕਹਿਣ ਲੱਗੇ 'ਸੀ ਇਕ ਚਪੇੜ ਦਾ, ਹੁਕਮ ਅਸਾਂ ਨੇ ਦਿੱਤਾ।
ਇਕ ਤੋਂ ਵੱਧ ਓਸਨੂੰ ਪਈਆਂ, ਏਹ ਕੀ ਕਾਰਾ ਕਿੱਤਾ ?
ਸਿੱਖਾਂ ਨੇ ਤਦ ਕਿਹਾ ਗੁਰੂ ਜੀ, ਹੁਕਮ ਆਪਦਾ ਹੋਇਆ,
ਹੁਕਮ ਆਪਦੇ ਖੁਲ੍ਹ ਲਈ ਹੈ, ਜੋ ਆਗਯਾ ਹੋਇ ਸੋਇਆ।
ਤਦੋਂ ਗੁਰੂ ਜੀ ਕਿਹਾ 'ਹੁਕਮ ਹੈ, ਬੇਟੀ ਇਸ ਨੂੰ ਦੇਵੋ,
ਗੁਰੂ ਹੁਕਮ ਨੂੰ ਮੰਨੋਂ ਜੇਕਰ, ਪੂਰੀ ਪਰਖ ਕਰੇਵੋ।'
ਚੁਪ ਪਏ; ਮੂੰਹ ਪੀਲੇ ਹੋਏ, ਸੋਚਾਂ ਵਿਚ ਗਰਕਾਏ,
ਨਵੇਂ ਸਿੱਖ ਸਨ ਸਬਕ ਸਿੱਖੀ ਵਿਚ, ਨਵੇਂ ਦੂਰ ਤੋਂ ਆਏ,
ਹੁਣ ਨਾ ਸਿਦਕ ਮੱਦਦ ਕੁਛ ਕੀਤੀ, ਅਭਮਾਨੀ ਸਿੱਖ ਨਾਹੀਂ,
ਸਮੇਂ ਪਏ ਤੇ ਹਉਮੈਂ ਖਿਸਕੇ, ਸਿੱਖੀ ਨਿਭਦੀ ਨਾਹੀਂ,
ਸੋਚਾਂ ਵਿੱਚ ਪਏ ਸਨ ਸਾਰੇ, ਮੂੰਹ ਨੀਵੇਂ ਸਨ ਪਾਏ,
ਅਜਬ ਸਿੰਘ ਕੰਧਾਰੀ ਪਯਾਰੇ, ਇੰਨੇ ਨੂੰ ਸਨ ਆਏ।
ਸੁਣਕੇ ਕੌਤਕ ਵਰਤਿਆ ਜੋ ਸੀ, ਹੁਕਮ ਸਤਗੁਰ ਕਹਿਆ,
ਚਰਨੀਂ ਪਿਆ ਗੁਰੂ ਦੀ ਪਯਾਰਾ, ਦਾਮਨ ਗੁਰ ਫੜ ਲਹਿਆ।
ਕਿਹਾ 'ਚੋਜੀਆ ਕੌਤਕ ਵਾਲੇ, ਪਾਵਨ ਕਰਨੇ ਹਾਰੇ !
'ਮੈਂ ਤੇਰਾ ਸਹਬਸ ਹੈ ਤੇਰਾ, ਤੇਰੇ ਸਿੱਖ ਪਯਾਰੇ।
'ਅਪਨਾ ਹੋਇ ਸੁ ਅਪਨਾ ਕਹੀਏ, ''ਹੈ ਜੋ'' ''ਸੋ ਹੈ'' ਤੇਰਾ।
'ਸਾਡੀ ਤਾਂ ''ਮੈਂ'' ਬੀ ਨਹੀਂ ਅਪਨੀ, ''ਮੈਂ'' ਤੇਰੀ ਸਭ ਤੇਰਾ।

'ਕਾਜ ਰਚਾਈ ਏ ਸਤਗੁਰ ਸੁਆਮੀ, ਅਪਨੇ ਲਿਖੇ ਵਿਚਾਓ,
'ਧੁਰ ਸੈਂ ਤਾਂ ਲਿਖਦਾ ਤੂੰ ਸੈਂ, ਏਥੇ ਵਾਚ ਪੁਗਾਓ।
'ਜੋ ਵਾਚਯਾ ਸੋ ਤੇਰਾ ਅਪਨਾ, ਧੁਰ ਦਾ ਲੇਖ ਲਿਖਾਯਾ,
'ਓਸ ਲੇਖ ਨੂੰ ਆਪ ਬੈਠਕੇ, ਚਹੀਏ ਸਿਰੇ ਚੜ੍ਹਾਯਾ।
'ਜਿਉ ਰਜ਼ਾਇ ਰਾਵਰ ਦੀ ਹੋਵੇ, ਤਿਵੇਂ ਮਨਾਓ ਪਯਾਰੇ,
''ਮੈਂ'' ਸਾਡੀ ਤੇਰੀ ਹੀ ਹੋਵੇ, ਅਸੀਂ ਗਰਕ ਚਰਨਾਰੇ।'
ਸੁਣ ਸਿੱਖੀ, ਸੁਣ ਪਯਾਰੀ ਬਾਣੀ, ਸੁਣ ਸਿਦਕਾਂ ਦੀ ਬੋਲੀ,
ਸਤਗੁਰ ਨੈਣ ਭਰੇ, ਢਲਿ ਮੋਤੀ, ਹੀਰਿਓ ਮਹਿੰਗੇ ਤੋਲੀਂ।
ਗਲ ਲਾਯਾ ਤੇ ਮੁਖੋਂ ਅਲਾਯਾ, ਧੰਨਸਿੱਖੀ ਸਿਖ ਪਯਾਰੇ,
ਪ੍ਰਭੁ ਰੂਪ ਵਿਚ ਵਾਸਾ ਹੋਇਆ, ਪਰਮੇਸ਼ੁਰ ਦੇ ਸੁਆਰੇ।
ਬੇਟੀ ਤੇਰੀ, ਬੇਟੀ ਸਾਡੀ, ਵਰ ਇਹ ਧੁਰੋਂ ਸੰਜੋਗੀ,
ਕਾਜ ਕਰਾਂਗੇ ਹੁਣੇ ਅਸੀਂ ਹੀ, ਦੇਖੇਗੀ ਸਭ ਲੋਗੀ।
ਓਹਨੀਂ ਕਦਮੀਂ ਮੁੜੇ ਗੁਰੂ ਜੀ, ਡੇਰੇ ਨੂੰ ਚਲ ਆਏ,
ਹੁਕਮ ਹੋ ਗਿਆ ਉਸ ਖਿਨ ਅੰਦਰ, ਲੱਗ ਦਿਵਾਨ ਸਭ ਜਾਏ।
ਅਜਬ ਸਿੰਘ ਦੀ ਸੁਤਾ ਗੁਰੂ ਨੇ, ਅਪਨੀ ਗੋਦੀ ਪਾਈ,
ਜੀਤੋ ਜੀ ਬੇਟੀ ਉ ਸ ਕਹਿਕੇ, ਵਿੱਚ ਦਿਵਾਨ ਲਿਆਈ।
ਨੰਦ ਸਿੰਘ ਦਾ ਆਨੰਦ ਹੋਇਆ, ਘਰ ਘਰ ਵਜੇ ਵਧਾਈ,
ਕੀਰਤ ਗੁਰ ਦੀ ਚਹੁ ਦਿਸ ਫੈਲੀ, ਚੋਜੀ ਬੜੇ ਗੁਸਾਈਂ।
ਅਜਬ ਸਿੰਘ ਪੂਰੇ ਪਦ ਪਹੁੰਚਾ, ਸਹਜ ਪਰੀਤ ਲਗਾਈ,
ਸਹਜ ਅਰੂਫ ਪ੍ਰਭੁ ਵਿਚ ਪਹੁੰਚਾ, ਨਦਰੀ ਨਦਰ ਮਿਲਾਈ।
ਨੰਦ ਸਿੰਘ ਪਯਾਰਾ ਸਿੰਘ ਹੋਇਆ, ਸਿੱਖੀ ਏਸ ਕਮਾਈ,
ਵਾਰ ਦਈ ਜਿੰਦੜੀ ਵਿਚ ਸੇਵਾ, ਪ੍ਰਭੁ ਵਿਚ ਅੰਤ ਸਮਾਈ।
ਬੇਟੀ ਤੇਰੀ ਗੁਰ ਨੇ ਬਖਸ਼ੀ, ਉਸ ਉਹ ਕਾਰ ਕਰਾਈ,
ਵਿਰਲੀ ਕਿਸੇ ਸਿਘ ਦੀ ਕੀਤੀ, ਭਵ ਸਾਗਰ ਤਰ ਜਾਈ।

## ੩. ਆ ਮਿਲ

ਆ ਮਿਲ ਕਲਗੀ ਵਾਲੇ ਪ੍ਰੀਤਮ ! ਤੈਂ ਬਿਨਖ ਰੀ ਨਿਮਾਨੀ ਹਾਂ,
ਵੇਦਨ ਦਿਲ ਦੀ ਹੋਰ ਨ ਜਾਣੇ, ਅਪਨੇ ਦੇਸ ਬਿਗਾਨੀ ਹਾਂ।
ਮੈਂ ਤੇਰੀ, ਤੂੰ ਮੇਰਾ ਸਾਈਆਂ, ਤੂੰ ਮੇਰਾ ਮੈਂ ਤੇਰੀ ਹਾਂ,
ਤੇਰੀ ਆਸ ਭਰੋਸਾ ਤੇਰਾ, ਤੈਂ ਪਰ ਟੇਕ ਟਿਕਾਨੀ ਹਾਂ।
ਮੰਦੀ, ਮਾੜੀ ਔਗੁਣ ਹਾਰੀ ਤੇਰੀ ਹਾਂ ਪਰ ਤੇਰੀ ਹਾਂ,
ਤੈਂ ਬਿਨ ਹੋਰ ਹਨੇਰਾ ਸਾਰੇ ਤੇਰੀ ਭਾਲ ਕਰਾਨੀ ਹਾਂ।
ਖਲੀ ਤਕਾਵਾਂ ਵਾਟਾਂ ਪ੍ਰੀਤਮ ! ਦੇ ਝਲਕਾ ਜਿਸ ਰਾਹ ਗਏ,
ਹੁਣ ਆਵੇ ਹੁਣ ਕਲਗੀ ਵਾਲਾ, ਵਿੱਚ ਉਡੀਕ ਉਡਾਨੀ ਹਾਂ।
ਰੋ ਰੋ ਯਾਦ ਕਰਾਂ ਹਰ ਵੇਲੇ, ਯਾਦ ਕਰੇ ਕਰ ਰੋਵਾਂ ਮੈਂ,
ਵੇਖਣ ਸਹੀਆਂ ਮਾਰਨ ਤਾਨ੍ਹੇ, ਬਿਹਬਲ ਹੋ ਹੋ ਜਾਨੀ ਹਾਂ।
ਵਾਂਙ ਸੁਦਾਈਆਂ ਫਿਰਾਂ ਕੂਕਦੀ ਬਨ ਬੇਲੇ ਥਲ ਢੂੰਡਾਂ ਮੈਂ,
ਘਰ ਬੈਠੀ ਨਿਤ ਤੱਕਾਂ ਬੂਹੇ, ਕਾਵਾਂ ਪਈ ਉਡਾਨੀ ਹਾਂ।
ਕੇਹੀ ਚਾਟ ਹਿਜਰ ਦੀ ਲੱਗੀ, ਸੁਕ ਸੁਕ ਪਿੰਜਰ ਹੋਈ ਹਾਂ,
ਚਾਏ ਦਰਸ ਦੀ ਵਧੀ ਪਯਾਰੇ, ਆਪਾ ਆਪ ਖੁਆਨੀ ਹਾਂ।
ਰੂਪ ਨਾ ਚੱਜ ਨ ਗੁਣ ਹਨ ਪੱਲੇ, ਮਾਨ ਕਰਨ ਨਹੀਂ ਜੋਗੀ ਮੈਂ,
ਬਿਰਹੋਂ ਸਾਂਗ ਸਹਿਣ ਨਹੀਂ ਜੋਗੀ, ਅੱਲ੍ਹੜ ਅਤੇ ਅਯਾਨੀ ਹਾਂ।
ਕਰ ਦੇ ਮੇਹਰ ਬਿਰਦ ਦੇ ਬਦਲੇ, ਮੈਂ ਪੱਲੇ ਕੁਈ ਰਾਸ ਨਹੀਂ,
ਦੁਆਰੇ ਆਸ ਮੱਲ ਕੇ ਬੈਠੀ, ਬਖਸ਼ਸ਼ ਪਈ ਤਕਾਨੀ ਹਾਂ।
ਇੱਕੋ ਖੈਰ ਦਰਸ ਦੀ ਮੰਗਾਂ, ਜਨਮ ਜਨਮ ਤੋਂ ਮੰਗ ਰਹੀ,
ਦੁਆਰੇ ਦੁਆਰ ਡੋਲਦੀ ਆਈ ਫਿਰ ਫਿਰ ਬਹੁਤ ਥਕਾਨੀ ਹਾਂ।
ਪਾ ਫੇਰਾ, ਇਕ ਦੇ ਜਾ ਝਾਕਾ, ਮੈਂ ਅੰਦਰ ਇਕ ਸਿੱਕ ਭਰੀ,
ਸਿੱਕ ਬਿਨਾਂ ਹੇ ਪ੍ਰੀਤਮ ਤੇਰੀ, ਦਿਲ ਡੇਰੇ ਸਭ ਢਾਨੀ ਹਾਂ।

ਆ ਹੁਣ ਬਹੁੜ ਕਲਗੀਆਂ ਵਾਲੇ, ਤਰਸ ਕਰੋ ਤਰਸੇਂਦੀ ਤੇ,
ਝਲਕਾ ਰੂਪ ਅਨੂਪਮ ਵਾਲਾ, ਏਹੋ ਮੰਗ ਮੰਗਾਨੀ ਹਾਂ।
ਸਹੀਓ ਜੇ ਘਰ ਪ੍ਰੀਤਮ ਆਵੇ, ਚਰਨ ਕਮਲ ਵਿੱਚ ਡਿਗਾਂ ਮੈਂ,
ਡਿੱਗੀ ਫੇਰ ਨਾ ਉੱਠਾਂ ਸਹੀਓ, ਡਿੱਗੀ ਜਾਇ ਸਮਾਨੀ ਹਾਂ।

ਗਿਆਨੀ ਸਰੂਪ ਸਿੰਘ ਕੰਡਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕੰਡਿਆਣਾ ਤਹਿ: ਫਿਲੌਰ (ਜਲੰਧਰ)

## ੪. ਪ੍ਰੇਮ ਦੀ ਡੂੰਗ

ਕਈ ਬਾਂਕੇ ਛੈਲ ਛਬੀਲੇ ਨੀ,
ਕਈ ਵਾਲੇ ਵੱਡੇ ਕਬੀਲੇ ਨੇ,
ਕਈ ਸੋਨੇ ਪਾ ਪਾ ਪੀਲੇ ਨੇ,
ਕਈ ਕੋਟ ਅਕਲ ਦੇ ਦਾਨੇ ਹਨ,
ਕਈ ਪੰਡਤ ਵੱਡੇ ਸਯਾਨੇ ਹਨ।
ਸੁਣ ਗੱਲ ਪ੍ਰੇਮ ਦੀ ਹੱਸਦੇ ਨੀ,
ਕਰ ਟੀਕਾ ਇਸਦੀ ਦੱਸਦੇ ਨੀ,
ਵਿਚ ਤ੍ਰਿਸ਼ਨਾਂ ਫਾਹੀ ਫਸਦੇ ਨੀ,
ਇਹ ਫਾਹੀ ਪ੍ਰੇਮ ਦਸਾਂਦੇ ਹਨ,
ਵਿਚ ਫਾਹੀ ਹੋਰ ਫਸਾਂਦੇ ਹਨ।
ਏ ਨਾਂ ਮਹਿਰਮ ਤੋਂ ਮਾੜੇ ਨੀ,
ਏਹ ਪਾਂਦੇ ਬੜੇ ਪੁਆੜੇ ਨੀ,
ਏ ਵੈਰੀ ਡਾਢੇ ਆੜੇ ਨੀ,
ਕਰ ਹੋਸ਼ ਸੰਗਲਾਂ ਪਾਂਦੇ ਹਨ,
ਫੜ ਛੁਟਿਆਂ ਬੰਨ੍ਹ ਬਹਾਂਦੇ ਹਨ।
ਏਹ ਪ੍ਰੇਮ ਤਾਂ ਨਿਰੀ ਖਲਾਸੀ ਹੈ,
ਕੱਟ ਦੇਂਦਾ ਸਾਰੀ ਫਾਸੀ ਹੈ,
ਪਰ ਜੱਗ ਨੂੰ ਜਾਪੇ ਹਾਸੀ ਹੈ,

ਇਹ ਪਯਾਰੇ ਨਾਲ ਬੰਨ੍ਹਾਦਾ ਹੈ,
ਲੜ ਸਭ ਤੋਂ ਹੋਰ ਤੁੜਾਂਦਾ ਹੈ।

## ੫. ਗੁਰੂ ਦੀ ਟੇਕ

ਜਦ ਮੈਨੂੰ ਪਾਪ ਦਬਾਂਦੇ ਹਨ,
ਚੌਫੇਰੇ ਹਨੇਰ ਮਚਾਂਦੇ ਹਨ,
ਤਦ ਨੈਨ ਮੇਰੇ ਉਠ ਜਾਂਦੇ ਹਨ।
ਟਿਕ ਅਪਨੀ ਬੰਨ੍ਹ ਜਮਾਂਦੇ ਹਨ,
ਸ੍ਰੀ ਸਤਗੁਰ ਰੂਪ ਤਕਾਂਦੇ ਹਨ।
ਅਰ ਤੱਕਦੇ ਨਹੀਂ ਥਕਾਂਦੇ ਹਨ,
ਤਦ ਨੀਰ ਭਰੇ ਭਰ ਲਿਆਂਦੇ ਹਨ।
ਇਹ ਬਿਨਤੀ ਤਦੋਂ ਅਲਾਂਦੇ ਹਨ—
'ਤੂੰ ਇਕੋ ਟੇਕ ਗੁਸਾਈਂ ਹੈ।
'ਮੈਂ ਤੇਰੀ ਸ਼ਰਨ ਤਕਾਈ ਹੈ,
'ਏ ਦੂਤੀ ਬੜੇ ਕਸਾਈ ਹੈਂ।
'ਨਹੀਂ ਰਖ ਸਕਦਾ ਪਿਉ ਮਾਈ ਹੈ,
'ਨਹੀਂ ਸਕੇ ਬਚਾ ਮਿੱਤ ਭਾਈ ਹੈ।
'ਤੂੰ ਸਭ ਪਰ ਭਾਰੂ ਸਾਈਂ ਹੈਂ,
'ਮੈਂ ਤੇਰੀ ਭਰੀ ਦੁਹਾਈ ਹੈ।
'ਜਦ ਤੇਰਾ ਰੂਪ ਤਕਾਈ ਦਾ,
ਤਦ ਆਸ ਆਸ੍ਰਾ ਪਾਈ ਦਾ।
'ਇਉਂ ਪਾਪਾਂ ਤਈਂ ਭਜਾਈ ਦਾ,

ਹੋ ਸੁਖੀਏ ਪ੍ਰਭੁ ਸਮਾਈ ਦਾ।'

## ੬. ਅੱਖ ਪਹਿਲੇ ਕਿ ਦਿਦਾਰ ?

ਆ ਪੁਛਦੇ ਲੋਕ ਦਿਵਾਨੀ ਨੂੰ,
ਮੈਂ ਦੁਨੀਆਂ ਰਾਹ ਭੁਲਾਨੀ ਨੂੰ,
ਨਿਤ ਆਨੇ ਵਿਚ ਮਸਤਾਨੀ ਨੂੰ,
ਉਹ ਕਲਗੀਆਂ ਵਾਲਾ ਦੱਸ ਕੁੜੇ।
ਕੋਈ ਸਾਨੂੰ ਪਵੇ ਰਹੱਸ ਕੁੜੇ ॥੧॥

ਅਸੀ ਸੁਣਿਆਂ ਪ੍ਰੀਤਮ ਸੋਹਣਾ ਹੈ,
ਸੁਖ ਦੇਣਾ ਤੇ ਦੁਖ ਮੋਹਣਾ ਹੈ,
ਅਤ ਮਿੱਠਾ ਤੇ ਮਨ ਮੋਹਣਾ ਹੈ,
ਪਾ ਖੈਰ ਦਰਸ ਦੀ ਅਸਾਂ ਕੁੜੇ।
ਤੈਂ ਦੁਆਰੇ ਬੈਠੇ ਆਨ ਥੁੜੇ ॥੨॥

ਇਕ ਤਲਬ ਦੀਦਾਰ ਦੁਲਾਰੇ ਦੀ,
ਉਸ ਕਲਗੀਆਂ ਵਾਲੇ ਪਯਾਰੇ ਦੀ,
ਹੈ ਖਿੱਚ ਪਈ ਰੁਖ ਨਿਆਰੇ ਦੀ,
ਹੋ ਜਾਵੇ ਅਸਾਂ ਦਿਦਾਰ ਕੁੜੇ।
ਕਰ ਸਾਡੇ ਤੇ ਉਪਕਾਰ ਕੁੜੇ ॥੩॥

ਕੁਈ ਹੋਰ ਸੁਆਲ ਨਹੀਂ ਪਾਣਾ ਹੈ,
ਮੁੜ ਮੁੜ ਕੇ ਨਹੀਂ ਅਕਾਣਾ ਹੈ,
ਇਕ ਝਾਕਾ ਲੈ ਠਰ ਜਾਣਾ ਹੈ,
ਤੁਧ ਡਿੱਠਾ ਅਸਾਂ ਦਿਖਾਲ ਕੁੜੇ।

ਕਰ ਦਰਸ਼ਨ ਨਾਲ ਨਿਹਾਲ ਕੁੜੇ ॥੪॥

ਮੈਂ ਸੁਣ ਹੱਸ ਦੋਹਰੀ ਹੋਨੀ ਹਾਂ,
ਫਿਰ ਨੈਣ ਛਮਾਂ ਛਮ ਰੋਨੀ ਹਾਂ,
ਪਈ ਚੱਕੀ ਜੀ ਵਿਚ ਝੋਨੀ ਹਾਂ,
ਏ ਸਖੀਆਂ ਦੇ ਝੁੰਡ ਆਨ ਜੁੜੇ,
ਕੀ ਆਖੇ ਸਹੁ ਜੋ ਆਪ ਚੜ੍ਹੇ ॥੫॥

ਫਿਰ ਸਭਨਾਂ ਵਿੱਚੋਂ ਸਿਆਣੀ ਨੂੰ,
ਮੈਂ ਆਖਿਆ ਸੁਣ ਪਰਭਾਣੀ ਤੂੰ,
ਕੀ ਪੁਛਦੇ ਮੁਝ ਇਆਣੀ ਨੂੰ ?
ਕੋਈ ਪੰਡਤ ਪਾਂਧਾ ਪੁੱਛ ਕੁੜੇ,
ਕੋਈ ਜੋਗੀ ਜੰਗਲ ਗਿੱਛ ਕੁੜੇ ॥੬॥

ਮੈਂ ਮੂਰਖ ਭਈ ਦਿਵਾਨੀ ਹਾਂ,
ਰਾਹ ਰਸਤੇ ਸੱਭ ਭੁਲਾਨੀ ਹਾਂ,
ਹੋ ਕਮਲੀ ਪਈ ਭੁਆਨੀ ਹਾਂ,
ਰੱਟ ਪ੍ਰੀਤਮ ਪ੍ਰੀਤਮ ਨਿੱਤ ਕੁੜੇ,
ਇਕ ਕਲਗੀਆਂ ਵਾਲਾ ਚਿੱਤ ਕੁੜੇ ॥੭॥

ਮੈਂ ਅਖੀਆਂ ਪਈ ਲਭਾਵਾਂ ਨੀ,
ਜੇ ਮਿਲਨ ਤਾਂ ਮੀਤ ਤਕਾਵਾਂ ਨੀ,
ਬਿਨ ਨੈਨ ਦਰਸ ਕਿਵ ਪਾਵਾਂ ਨੀ
ਦਰਸ਼ਨ ਤੋਂ ਪਹਿਲੇ ਅੱਖ ਕੁੜੇ,
ਨਹੀ ਅੱਖ ਤਾਂ ਦਰਸ਼ਨ ਵੱਖ ਕੁੜੇ ॥੮॥

ਓਹ ਚਾਨਣ ਆਪ ਪਿਆਰਾ ਹੈ,
ਪਾਇ ਨੈਣਾਂ ਵਿਚ ਝਲਕਾਰਾ ਹੈ,
ਨਹੀਂ ਨੈਣ ਤੇ ਕਿੰਵ ਦੀਦਾਰਾ ਹੈ ?
ਲੱਭ ਦਰਸ਼ਨ ਜੋਗੀ ਅੱਖ ਕੁੜੇ ।

ਸਿੱਕ ਦਰਸ ਨ ਐਵੇਂ ਰੱਖ ਕੁੜੇ ॥੯॥
ਓਹ ਦੇਵੇ ਦਰਸ ਸੁਜਾਖੇ ਨੂੰ
ਪਏ ਜਲਵਾ ਨਹੀਂ ਮੁਨਾਖੇ ਨੂੰ
ਨਹੀਂ ਦੀਵਾ ਦਿੱਸੇ ਦੁਆਖੇ ਨੂੰ
ਕਰ ਅੱਖੀਆਂ ਪਹਿਲੋਂ ਭਾਲ ਕੁੜੇ।
ਮੰਗ ਮਗਰੋਂ 'ਦਰਸ਼ਨ ਮਾਲ' ਕੁੜੇ ॥੧੦॥

## ੭. ਦਰਸ਼ਨ ਦੀ ਸਿੱਕ ਤੇ ਦਰਸ਼ਨ ਨਾਲ ਸਮਾਈ

ਰਾਇਪੁਰ ਦੀ ਰਾਣੀ ਜਸਵੰਤ ਕੁਇਰ ਸਤਸੰਗ ਪ੍ਰਾਪਤੀ ਤੇ ਸਿੱਖ ਹੋ ਗਈ ਸੀ, ਕਲਗੀਧਰ ਜੀ ਦੇ ਦਰਸ਼ਨ ਦੀ ਸਿੱਕ ਬੜੀ ਸ਼ਰਧਾ ਨਾਲ ਕਰਦੀ ਸੀ, ਪਰ ਦਰਸ਼ਨ ਦਾ ਸਮਾਂ ਨਹੀਂ ਬਣਦਾ ਸੀ। ਪਹਾੜੀ ਰਾਜੇ ਤੇ ਤੁਰਕਸ਼ਾਹਾਂ ਦਾ ਡਰ ਅਕਸਰ ਵੇਰ ਹੈਰਾਨ ਕਰਦਾ ਤੇ ਡੱਕੋ ਡੋਲੇ ਦੇਂਦਾ ਸੀ, ਪਰ ਰਾਣੀ ਦਾ ਸਿਦਕ ਅਖੀਰ ਸਿਰੇ ਚੜ੍ਹਿਆ। ਪਾਂਵਟੇ ਤੋਂ ਵਾਪਸ ਆਉਂਦੇ ਹੋਏ ਸਤਗੁਰ ਨੇ ਦ੍ਰਸ਼ਨ ਦੇ ਕੇ ਰਾਣੀ ਤੇ ਉਸਦੇ ਟਿਕੇ ਨੂੰ ਤਾਰਯਾ ਸੀ। ਰਾਣੀ ਦੀ ਸਿਕ ਦੇ ਭਾਵ ਹੇਠਲੇ ਬਿਰਹੇ ਵਿਚ ਦਰਸਾਏ ਹਨ:-

ਕੁਲ ਵਾਸ ਹੈ ਚੰਗੇਰਾ ਦੋਹੀਂ ਦਿਸੀਂ ਮੈਂ ਪਾਯਾ,
ਦੌਲਤ ਤੇ ਮਾਲ ਬੀ ਹੈ ਮਿਲਯਾ ਮਿਲਖ ਸੂਾਯਾ।
ਰਾਣੀ ਹਾਂ ਰਾਜ ਕਰਦੀ ਟੁਰਦਾ ਹੁਕਮ ਹੈ ਮੇਰਾ,
ਸੁਖ ਹੈ ਨਸੀਬ ਸਾਰਾ, ਬ੍ਰਹਮਾ ਨੇ ਜੋ ਬਨਾਯਾ।
ਐਪਰ ਭੁਲੇਖੜਾ ਸੀ, ਸਾਰਾ, ਪਿਆ ਹਨੇਰਾ,
ਜਿਸ ਵਿਚ ਰਚੀ ਸਾਂ ਗਾਫਲ ਵ੍ਹਹ ਸੀ ਵਿਨਾਸ਼ ਮਾਯਾ।
ਠੰਢਕ ਜਿਦ੍ਹੀ ਮੈਂ ਪਾਈ, ਸੁਖ ਰੂਪ ਜਾਣੇ ਮਾਣੀ,
ਸੂਰਜ ਸੀ ਪ੍ਰੇਮ ਵਾਲਾ ਵੱਸਦਾ ਸੀ ਅੰਦ੍ਰੇ ਓ,

ਬਾਹਰੋਂ ਨਾ ਲੱਭਯਾ ਸੀ ਧੁਰ ਤੋ ਸੀ ਨਾਲ ਆਯਾ।
ਇਸਨੂੰ ਪਛਾਣਯਾਂ ਨਾਂ ਪਿੱਛਾ ਨ ਇਸਦਾ ਡਿੱਠਾ,
ਦੀਵਾ ਸੀ ਚਾਨਣਾ ਏ ਜਿਸ ਨੂੰ ਮੈਂ ਚਾ ਭਵਾਯਾ।
ਚਾਨਣ ਪਿਆ ਅਗੇਰੇ ਪਿੱਛਾ ਗਿਆ ਸੀ ਲੁਕਦਾ,
ਅੱਗੇ ਦੇ ਰੰਗ ਸੋਹਣੇ ਦਿਲ ਦੇਖਕੇ ਲੁਭਾਯਾ।
ਰੰਗਾਂ ਦੇ ਵਿਚ ਰੰਗੀ ਜਾਤਾ ਨਾ ਹਨ ਏ ਭੰਗੀ,
ਉਡ ਜਾਣਗੇ ਏ ਸਾਰੇ ਜਦ ਕਾਲ ਨੇ ਹਲਾਯਾ।
ਚੰਗੇ ਨਸੀਬ ਮੇਰੇ ਇਕ ਦੇਵ ਰਾਣੀ ਆਈ,
ਜਿਸਨੇ ਆ ਟੁੰਬਿਆ ਤੇ ਸੁੱਤਯਾਂ ਨੂੰ ਚਾ ਜਗਾਯਾ।
ਬੋਲੀ:— 'ਹੇ ਗਾਫਲੇ ਤੂੰ ਸੁੱਤੀ ਪਈ ਹੈਂ ਹਾਏ।
ਤਾਰੇ ਲਟਕ ਗਏ ਹਨ, ਪਰਭਾਤ ਵੇਲਾ ਆਯਾ।
ਹੈ ਰਾਤ ਬੀਤ, ਚੱਲੀ ਸੁਤੀ ਹੈਂ ਕਿਸ ਭੁਲੇਵੇ,
ਚਿੱਟਾ ਚੜ੍ਹ ਦਿਹਾੜਾ ਉਘੜੇਗਾ ਸਭ ਕਮਾਯਾ।
ਓਥੇ ਜੋ ਪਾਇਆ ਸੀ ਲੀਤਾ ਹੈ ਭੋਗ ਸਾਰਾ,
ਅਗਲੀ ਮਜ਼ਲ—ਮੁਸਾਫਰ!—ਜੋਗਾ ਹੈ ਕੀਹ ਬਨਾਯਾ?
ਪਿਛਲੀ ਮਜ਼ਲ ਦਾ ਵੱਖਰ ਏਸੇ ਮੁਕਾਮ ਖਾਧਾ,
ਅਗਲੀ ਲਈ ਨਾਂ ਏਥੇ ਕੱਠਾ ਤੂੰ ਕੁਛ ਕਰਾਯਾ।
ਪੈਂਡਾ ਹੈ ਗੋਰੀਏ ਨੀ! ਧੁਰ ਦੇ ਅਸੀ ਮੁਸਾਫਰ,
ਲੱਖਾਂ ਮਜ਼ਲ ਤੋਂ ਆਏ, ਅਗੇ ਹੈ ਰਾਹ ਸਵਾਯਾ।
ਡੇਰਾ ਜਮਾ ਕੇ ਏਥੇ ਡੇਰਾ ਤੂੰ ਘੱਤ ਬੈਠੀ,
ਸਿਰ ਤੇ ਸਫ਼ਰ ਕਰਾਰਾ ਚੇਤੇ ਕਦੀ ਨਾ ਆਯਾ।
ਉਠ ਹੋਸ਼ ਕਰ ਸਿਆਣੀ, ਵਲਾ ਨਾ ਹੋਰ ਜਾਵੇ,
ਠਹਿਰੇ ਸਮਾਂ ਕਦੀ ਨਾਂ, ਮੁੜਕੇ ਕਦੀ ਨਾ ਆਯਾ।
ਅੱਭੜ ਪਈ ਮੈਂ ਜਾਗੀ ਤੱਕਾਂ ਤੇ ਆਖਾਂ: ''ਮਾਈ,
ਸੁਤੀ ਨੂੰ ਹਈ ਜਗਾਯਾ, ਰਾਹ ਪਾ ਕੇ ਕਰਕੇ ਦਾਯਾ'।

ਆਖੇ ਓ ਦੇਵ ਰਾਣੀ : 'ਔਖੀ ਨ ਗੱਲ ਕੋਈ,
'ਘਟ ਦੀਪ ਕਰ ਲੈ ਸਿੱਧਾ ਜਿਸਦੀ ਸੀ ਰੁਖ ਭੁਆਯਾ।
'ਕਿਣਕਾ ਸੀ ਪ੍ਰੇਮ ਵਾਲਾ ਰੱਖਯਾ ਧੁਰੋਂ ਤੈਂ ਅੰਦਰ,
'ਉਸਦਾ ਮੂੰਹ ਫੇਰਕੇ ਤੇ ਦੁਨੀਆਂ ਦੇ ਵਿਚ ਲਗਾਯਾ।
'ਮੂੰਹ ਮੋੜ ਕੇ ਉਸਦਾ ਅੰਦਰ, ਪਿੱਛੇ ਪਰਤ ਕੇ ਤੱਕੀਂ,
'ਬੈਠਾ ਹੈ ਕੌਣ ਪਯਾਰਾ ਜਿਸਨੇ ਸੀ ਏ ਦਿਖਾਯਾ।
'ਇਸ ਚਾਨਣੇ ਦੇ ਨਾਲੇ ਉਸ ਚਾਨਣੇ ਨੂੰ ਦੇਖੀਂ,
'ਜਿਸਦੀ ਰਿਜ਼ਮ ਏ ਹੈ ਵੇ ਇਸਨੂੰ ਜਿਨ੍ਹੇਂ ਬਨਾਯਾ'।
ਦੇਵੀ ਨੇ ਦੀਪ ਘਟਦਾ ਫੜਕੇ ਜਦੋਂ ਭੁਆਯਾ,
ਆਹਾ ਮੈਂ ਰੂਪ ਡਿੱਠਾ ਜਗ ਰੂਪ ਜਿਸ ਬਨਾਯਾ।
ਪਿਛੇ ਪਰੱਤ ਨਜ਼ਰ ਨੇ ਪਹਿਲਾਂ ਹੀ ਝਾਕ ਡਿੱਠਾ,
ਠਾਂਢਾ ਗੁਰੂ ਹੈ ਸਿਰ ਤੇ ਮਿੱਠਾ, ਪਰੇਮ, ਦਾਯਾ।
ਝੋਲੀ ਹੈ ਅੱਡ ਬੈਠਾ ਭਰਿਆ ਪਰੇਮ ਕੂਕੇ:—
ਬਾਲੋ ! ਮੁੜ ਆਓ ਘਰ ਨੂੰ ਖੇਡੇ ਸਮਾਂ ਗੁਆਯਾ।
ਮਿੱਟੀ ਦੀ ਖੇਡ ਪਯਾਰੀ ਕੀਤੀ ਹੈ ਬਹੁਤ ਸਾਰੀ,
ਮਿੱਟੀ ਨ ਕੰਮ ਆਊ, ਇਸਦਾ ਜੋ ਢੇਰ ਲਾਯਾ।
ਹਥ ਪੈਰ ਲਿੱਬੜੇ ਹਨ ਮੈਲੇ ਗਏ ਹੋ ਸਾਰੇ,
ਰਾਤੀ ਜਦੋਂ ਮੁੜੋਗੇ ਸਭ ਚਾਉ ਏ ਬਿਲਾਯਾ।
ਧੋਣੇ ਦਾ ਕਸ਼ਟ ਭਾਰਾ ਹੋਸੀ ਤਦੋਂ, ਮੈਂ ਲਾਲੋ !
ਆ ਜਾਓ ਘਰ ਸਵੇਲੇ ਮੂੰਹ ਧੋ ਦਿਆਂ ਬਨਾਯਾ'।
ਪਯਾਰੀ ਏ ਸੱਦ ਗੁਰ ਦੀ ਮਸਤੀ ਭਰੀ ਏ ਬਾਣੀ,
ਮਿੱਠੀ ਤੇ ਰਸ ਭਰੀ ਹੈ ਸੀਨੇ ਪਰੇਮ ਲਾਯਾ।
ਅੰਦਰ ਹੈ ਰੂਪ ਵੱਸਦਾ ਵੱਸਦੀ ਹੈ ਯਾਦ ਨਾਲੇ,
ਖਿੱਚਦੀ ਹੈ ਖਿੱਚ ਪਯਾਰੀ, ਐਸਾ ਹੈ ਸੱਚ ਦਿਖਾਯਾ।
ਤਰਸਾਂ ਖੜੀ ਹੋ ਦੁਆਰੇ ਦਰਸ਼ਨ ਸਰੀਰ ਹੋਵੇ,

ਜਦ ਕੇ ਓਹ ਚੋਜੀ ਪਯਾਰਾ, ਹੈ ਰੂਪ ਧਾਰ ਆਯਾ।
ਔਗੁਣ ਭਰੇ ਅਸੀ ਹਾਂ ਕਰਮੋਂ ਧਰਮ ਤੋਂ ਖਾਲੀ,
ਐਪਰ ਬਿਰਦ ਹੈ ਪਾਵਨ, ਪਤਤਾਂ ਨੂੰ ਜਿਨ ਜਗਾਯਾ।
ਦਰਸ਼ਨ ਦੀ ਤਾਂਘ ਜਾਗੀ ਜਾਗੀ ਵਧੀ ਵਧੇਰੇ,
ਦਿਨ ਰਾਤ ਏਸ ਮੈਨੂੰ ਵਿਚ ਤਾਂਘ ਦੇ ਲਗਾਯਾ।
ਆਵੋ ਹੇ ਤ੍ਰਾਣ ਕਰਤਾ! ਸ੍ਰਿਸ਼ਟੀ ਉਧਾਰ ਵਾਲੇ,
ਬੇੜਾ ਹੈ ਮੰਝ ਧਾਰੇ, ਘੁੰਮਣ ਵਿਖੇ ਏ ਆਯਾ।
ਦੀਦਾਰ ਸਤਗੁਰੂ ਜੀ! ਦੇਵੋ ਨਿਮਾਣਿਆਂ ਨੂੰ,
ਭੁਲੇ ਬਖਸ਼ ਮਿਲਾਵੋ ਸੁੱਤਯਾਂ ਨੂੰ ਲੜ ਹੈ ਲਾਯਾ।
ਰਾਤਾਂ ਮੈਂ ਜਾਗਦੀ ਹਾਂ ਦਰਸ਼ਨ ਗੁਰੂ ਨੂੰ ਤਾਂਘਾਂ,
ਦਿਨ ਨੂੰ ਉਡੀਕਦੀ ਹਾਂ ਕੰਮ ਕਾਜ ਹੈ ਭੁਲਾਯਾ।
ਲੱਗਦਾ ਨਾਂ ਰਾਜ ਚੰਗਾ ਦੌਲਤ ਨ ਭਾਉਂਦੀ ਹੈ,
ਧੌਲਰ ਉਜਾੜ ਹੋਏ, ਐਸਾ ਹੈ, ਜੀ ਉਠਾਯਾ।
ਇੱਕੋ ਦਰਸ ਦੀ ਲਿਵ ਹੈ ਦਿਲ ਘੇਰਕੇ ਏ ਬੈਠੀ,
ਲੂੰ ਲੂੰ ਵਿਖੇ ਹੈ ਲਿਵ ਨੇ ਡੇਰਾ ਹੁਣ ਆ ਜਮਾਯਾ।
ਰੋਂਦੇ ਏ ਨੈਣ ਤ੍ਰਾਸੇ, ਕੰਬੇ ਹੈ ਨਾਲ ਹੀਆ,
ਡਾਵਾਂ ਹੈ ਡੋਲ ਹੋਈ ਸਿੱਕਾਂ ਨੇ ਹੈ ਸੁਕਾਯਾ।
ਇੱਕ ਅਰਜ਼ ਏ ਹੈ ਬੰਦੀ ਕਰਦੀ ਗੁਰੂ ਪਯਾਰੇ,
ਇਕ ਵਾਰ ਦੇ ਦੀਦਾਰੇ, ਕਰ ਦੂਰ ਦੇ ਏ ਮਾਯਾ।
ਇਕ ਵਾਰ ਸਿੱਕ ਏ ਹੈ ਮੁਖ ਧੂੜ ਨੂੰ ਲਗਾਵਾਂ,
ਹੰਕਾਰੀਆਂ ਏ ਸਿਰ ਹੈ ਸਫਲੇ ਏ ਚਰਨ ਲਾਯਾ।
ਸੁੰਞੇ ਏ ਹੱਥ ਮੇਰੇ 'ਸੋਨਾ' 'ਹੁਕਮ' ਹੀ ਜਾਣਨ,
ਸੇਵਾ ਦਾ ਰਸ ਇਨ੍ਹਾਂ ਨੇ ਹਾਇ ਨਹੀਂ ਚਖਾਯਾ।
ਖੋਟੇ ਏ ਪੈਰ ਮੇਰੇ ਵਿਚ ਹਾਕਮੀ ਤੁਰੇ ਹਨ,
ਸਤਸੰਗ ਦੁਆਰ ਟੁਰਕੇ ਇਹਨਾਂ ਨਾਂ ਸੁਖ ਪਾਯਾ।

ਹਾਇ ਬੇਹਾਲ ਮੇਰੇ ਨੈਣਾਂ ਨੇ ਕੋਟ ਦੇਖੇ,
ਸਾਧੂ ਦਰਸ ਨਾਂ ਕਰਕੇ ਆਪਾ ਸਫਲ ਕਰਾਯਾ।
ਹਾਏ ਸਫਲ ਨ ਹੋਈ ਚੱਲਯਾ ਜਨਮ ਅਜਾਈ,
ਪਾ ਖੈਰ ਦਰਸ ਦੇਵੋ ਸਤਗੁਰ ਜਗਤ ਤੇ ਆਯਾ।
ਕੋਈ ਕਹੋ ਏ ਆ ਕੇ ਚੋਜੀ ਗੁਰੂ ਜੀ ਆਏ,
ਨੱਸਾਂ ਮੈਂ ਭਾਰ ਅੱਖਾਂ ਖੰਭਾਂ ਦਾ ਤਾਣ ਪਾਯਾ।

ਅਵਾਜ—

'ਧੌਸੇ ਧੁੰਕਾਰ ਪੈਂਦੀ ਦੇਂਦੀ ਹੈ ਔਹ ਸੁਣਾਈ,
ਪ੍ਰੀਤਮ ਗੁਰੂ ਜੀ ਆਏ ਰਾਣੀ ਧਯਾਨ ਲਾਈਂ।'
ਸੁਣਕੇ ਸੁਨੇਹੁੜਾ ਏ ਕੁਲ ਲਾਜ ਸੀ ਨਸਾਈ,
ਪਰਦੇ ਦੀ ਰੀਤ ਭੁੱਲੀ ਉਮਡੀ ਘਟਾ ਦੀ ਨਯਾਈਂ।
ਭੁਲੀ ਮੈਂ ਕੌਣ ਹਾਂਗੀ ਰਾਣੀ ਕਿ ਕੀਰ ਕੋਈ,
ਕਿੱਥੋਂ ਟੁਰੀ ਤੇ ਕਿੱਧਰ ਚੱਲੀ ਹਾਂ ਕਰਕੇ ਧਾਈ।
ਨੈਣਾਂ ਨੇ ਨੀਰ ਭਰਯਾ ਮੋਤੀ ਡਲ੍ਹਕ ਕੇ ਢਲਦੇ,
ਸੂਰਤ ਪਯਾਰੜੇ ਦੀ ਦਿੱਸਦੀ ਹੈ, ਖਿੱਚ ਪਾਈ।
ਨਾਜ਼ਕ ਮਲੂਕ ਪੈਰਾਂ ਵਾਲੀ ਵਿਰਾਗ ਮੱਤੀ,
ਜਾਂਦੀ ਟੁਰੀ ਹੈ ਪਯਾਰੀ ਪਰਵਾਹ ਹੈ ਨਾ ਕਾਈ।
ਦੇਖੋ ਔਹ ਪਹੁੰਚ ਜਾਂਦੀ ਸਤਗੁਰ ਦੇ ਪਾਸ ਹੈ ਵੇ,
ਘੋੜਾ ਖੜੋਂਵਦਾ ਹੈ ਸਰਧਾ ਦੀ ਰੋਕ ਖਾਈ।
ਝੁਕਯਾ ਓ ਸੀਸ ਵੱਡਾ ਆਕੜ ਕਦੀ ਸੀ ਅੰਦਰ,
ਚਰਨਨ ਕਮਲ ਤੇ ਪੈਂਦਾ, ਮੰਗੀ ਮੁਰਾਦ ਪਾਈ।
ਕੋਈ ਨ ਹੋਸ਼ ਬਾਕੀ ਚਰਨਾਂ ਦੀ ਮੌਜ ਆਈ,
ਕੈਸੀ ਹੈ ਮੌਜ ਉੱਚੀ ਦਿੱਤੀ ਹੈ ਸਭ ਭੁਲਾਈ।
ਨੀਵਾਂ ਜਗਤ ਹੈ ਹੋਇਆ, ਨੀਵੀਂ ਅਕਲ ਹੈ ਪਿੱਛੇ,

ਉੱਚੀ ਸੁਰਤ ਚੜ੍ਹੀ ਹੈ ਸੁਰਤੇ ਵਿਖੇ ਸਮਾਈ।

# ੧੩. ਖੇੜਾ ਤੇਹਰਵਾਂ

(ਸੰ: ਨਾ: ੪੪੪ ਦੀ ਗੁਰਪੁਰਬ ਸਪਤਮੀ ਦੀ ਰਚਨਾਂ)

## ੧. ਇਲਾਹੀ ਦਰਬਾਰ

ਸਦਕੇ, ਏਸ ਦਰਸ਼ਨ ਦੇ ਸਦਕੇ। ਕੈਸੀ ਤ੍ਰਿਖੀ, ਅਤ ਤ੍ਰਿਖੀ, ਪਰ ਮਿੱਠੀ ਤੇ ਅੱਖਾਂ ਵਿਚ ਸਮਾ ਜਾਣ ਵਾਲੀ ਚਾਨਣੀ ਹੈ, ਚਾਨਣੀ ਨਹੀਂ ਇਹ ਤਾਂ ਮਹਾਂ ਪ੍ਰਚੰਡ ਦਾ ਤੇਜ ਹੈ, ਪਰ ਨੈਣ ਨਹੀਂ ਚੁੰਧਯਾਉਂਦੇ, ਅੱਖਾਂ ਨਹੀਂ ਮਿਟਦੀਆਂ, ਚਾਨਣਾ ਪਿਆਰਾ ਹੈ ਤੇ ਸੁਆਦਲਾ ਹੈ, ਰਸ ਦੀ ਝਰਨਾਟ ਸਰੀਰ ਦੇ ਲੂੰਆਂ ਥਾਣੀਂ ਛੇੜਦਾ ਹੈ। ਚਾਨਣਾ ਹੈ ਕਿ ਸੁਆਦ ਹੈ, ਸੁਆਦ ਹੈ ਕਿ ਚਾਨਣਾ ਹੈ। ਕੌਣ ਵਿਤ੍ਰੇਕ ਕਰੇ? ਦੇਖੋ ਅਪਣਾ ਆਪ ਕੇਡਾ ਉੱਚਾ ਹੋ ਗਿਆ ਹੈ, ਚੁਬਾਰੇ ਬੈਠੇ ਜਿਕੂੰ ਗਲੀਆਂ ਦੀ ਮੁਸ਼ਕ ਤੋਂ ਉਚੇਰੇ ਹੋ ਜਾਂਦੇ ਹਨ। ਹਾਂ! ਅਪਨਾ ਆਪ ਉੱਚਾ ਹੋ ਗਿਆ ਹੈ, ਪਰ ਦੇਖੋ ਹਉਮੈ ਦੀ ਕਿਤੇ ਮੁਸ਼ਕ ਬੀ ਨਹੀਂ। ਵਾਹ ਦਰਸ਼ਨਾਂ ਤੇਰੇ ਸਦਕੇ! ਖੁਸ਼ੀ ਦੇ ਫ੍ਹਾਟੇ ਸਰੀਰ ਵਿਚ ਭਰ ਗਏ, ਆਨੰਦ ਦੇ ਹੁਲਾਰਿਆਂ ਇਕ ਘਮਕਾਰ ਪੈਦਾ ਕਰ ਦਿਤੀ ਹੈ, ਆਪਣਾ ਆਪ ਜਾਮੇਂ ਵਿਚ ਨਹੀਂ ਸਮਾਂਦਾ। ਐਡੀ ਖੁਸ਼ੀ! ਪਰ ਤੱਕੋ ਰਜੋਗੁਣ ਦਾ ਕਿਤੇ ਨਾਮ ਬੀ ਨਹੀਂ। ਏਹ ਚਾਨਣਾ ਕਿਸਤਰਾਂ ਦਾ ਹੈ? ਚਾਨਣਾਂ ਤਾਂ ਨਿਰਾ ਅੱਖਾਂ ਤੇ ਅਸਰ ਕਰਦਾ ਹੈ ਤੇ ਇਹ ਚਾਨਣਾਂ ਤਾਂ ਸਾਰੇ ਅੰਦਰ ਬਾਹਰ ਦੀ ਕਾਯਾਂ ਪਲਟ ਰਿਹਾ ਹੈ?

ਹੈਂ! ਕੀ ਏਹ ਚਾਨਣਾਂ ਹੈ? ਉਹ ਹੋ!! ਓ ਮੈਂ! ਓ ਮੇਰੀ ਮੈਂ! ਨੀਝ ਲਾਕੇ

ਤੱਕ ! ਵਾਹਗੁਰੂ ! ਇਹ ਤਾਂ ਕੁਛ ਹੋਰ ਤਰਾਂ ਦਾ ਲਹਰਾਉ ਹੈ। ਚਾਨਣੇ ਦੀ ਇਕ ਇਕ ਕਿਰਨ ਇਕ ਦਿੱਵ ਰੂਪ ਜੀਵਨ ਹੈ, ਸਦਕੇ ਇਸ ਚਾਨਣ ਦੇ ! ਮੈਂ ਜਾਤਾ ਸੀ ਸੂਰਜ ਚੰਨ ਵਰਗਾ ਜਿੰਦ ਹੀਨ ਚਾਨਣਾ ਹੈ, ਪਰ ਏਸ ਚਾਨਣੇ ਦੀ ਤਾਂ ਇਕ ਰਿਸ਼ਮ ਇਸ ਦੀ ਨਿੱਕੀ ਤੋਂ ਨਿੱਕੀ ਲਾਸ ਦਿੱਵ ਸਰੂਪ ਜੀਵਨ ਹੈ। ਹੈਂ ! ਜਿੱਥੇ ਮੈਨੂੰ ਪਹਲਾਂ ਉਜਾੜ ਸੁੰਨ ਤੇ ਨਿਰਾ ਰਸ ਭਰਪੂਰ ਚਾਨਣ ਹੀ ਚਾਨਣ ਦਿੱਸਦਾ ਸੀ ਓਥੇ ਤਾਂ ਰਿਸ਼ਮ ਜੀਵਨ ਭਰਪੂਰ ਹੈ। ਹਰ ਰਿਸ਼ਮ ਵਿਚ ਤ੍ਰਿਖਾ ਤੇ ਪਯਾਰਾ ਚਾਨਣ ਹੈ, ਮਸਤ ਕਰਨ ਵਾਲੀ ਸੁਗੰਧੀ ਹੈ, ਮਗਨ ਕਰਨੇ ਵਾਲਾ ਨਾਦ ਹੈ, ਮਿੱਠਾ ਲੱਗਣ ਵਾਲਾ ਸੁਆਦ ਹੈ, ਜੱਫੀਆਂ ਪਾਣ ਵਰਗਾ ਰਸ ਹੈ। ਇਹ ਚਾਨਣ ਹੈ ?

ਵਾਹਗੁਰੂ ਜੀ ! ਤੱਕੋ ਤਾਂ ਸਹੀ, ਚਾਨਣ ਹੈ ਕਿ ਖਿੱਚ ਹੈ , ਕਿੱਦਾਂ ਧ੍ਰੂਹਦਾ ਹੈ, ਓਹੋ , ਓ ! ਹੈਂ ਇਹ ਤਾਂ ਖਿੱਚੀ ਲਈ ਜਾਂਦਾ ਹੈ, ਖਿੱਚਦਾ ਹੈ, ਪਰ ਪੀੜ ਨਹੀਂ ਪਾਂਦਾ, ਖਿੱਚਦਾ ਹੈ ਕਿ ਦਬੇ ਖਜ਼ਾਨੇ ਪੁਟੇਣ ਵਾਂਗੂੰ ਆਨੰਦ ਦੇ ਨਾਪੇ ਪੱਟੀਂ ਜਾਂਦਾ ਹੈ। ਇਹ ਖਿੱਚ ਕੇਹੀ ਹੈ ! ਕਿਸੇ ਬਾਹੋਂ ਨਹੀਂ ਫੜਿਆ ਹੋਇਆ, ਲੱਤੋਂ ਨਹੀਂ ਧ੍ਰਹਿਆ ਹੋਇਆ, ਕੋਈ ਰੱਸੇ ਪਾ ਕੇ ਨਹੀਂ ਧ੍ਰੀਕਿਆ ਹੋਇਆ, ਹੈਂ ਜੀਓ ! ਨਹੀਂ ! ਇਹ ਤਾਂ ਕੋਈ ਅੰਦਰ ਹੀ ਅੰਦਰ , ਡੂੰਘੇ ਹੀ ਡੂੰਘੇ, ਥੱਲੇ ਹੀ ਥੱਲੇ, ਹੇਠਾਂ ਹੀ ਹੇਠਾਂ, ਅੰਦਰ ਦੀਆਂ ਡੂੰਘਾਵਾਂ ਵਿਚ ਕੋਈ ਐਸੀ ਕੁੰਡੀ ਲਾਈ ਹੈ ਕਿ ਧ੍ਰਕੀਂਦੇ ਜਾਓ ਤੇ ਪਤਾ ਕੁਛ ਨਾਂ ਲੱਗੇ। ਵਾਹ ਚਾਨਣੇ ! ਤੇਰੀਆਂ ਅਦਭੁਤ ਰਿਸ਼ਮਾਂ ! ਤੱਕੋ ਤਾਂ ਸਹੀ, ਹੈ ਧ੍ਰੂਹ, ਪਰ ਪੀੜ ਨਹੀਂ, ਚਸਕ ਨਹੀਂ ਪੈਂਦੀ, ਟੋਟ ਨਹੀਂ ਵੱਜਦੀ, ਘਬਰਾ ਨਹੀਂ ਪੈਂਦਾ, ਸਗੋਂ ਅਨੰਦ ਹੈ, ਠੰਢ ਹੈ, ਸੀਤਲਤਾ ਹੈ, ਸ਼ਾਂਤੀ ਹੈ, ਟਿਕਾਉ ਹੈ, ਅਡੋਲਤਾ ਹੈ। ਨਹੀ ਜੀ ਚਸਕ ਤਾਂ ਪੈਂਦੀ ਹੈ ਘਾਉ ਬੀ ਪੈਂਦਾ ਹੈ, ਘਾਉ ਰਿਸਦਾ ਬੀ ਹੈ, ਪਰ ਆਨੰਦ ਠੰਢ ਤੇ ਸ਼ਾਂਤੀ ਏਸੇ ਵਿਚੋਂ ਨਿਕਲਦੀ ਹੈ। ਧ੍ਰੂਹ ਕਾਹਦੀ ਹੈ ਇਹ ਤਾਂ ਮਾਰੂ ਥਲੇ ਵਿਚ ਸੜੀ ਧਰਤੀ ਦੇ ਅੰਦਰ ਡੂੰਘ ਹੀ ਡੂੰਘ ਨੂੰ ਕੋਈ ਕਲਾ ਧਸੀ ਜਾਂਦੀ ਹੈ ਤੇ ਵੇਖੋ ਠੰਢੇ ਠੰਢੇ ਮਿੱਠੇ ਮਿੱਠੇ ਸ਼ਾਂਤੀ ਦਾਤੇ ਜਲ ਦਾ ਖੂਹ ਲਗਾ ਦੇਂਦੀ ਹੈ। ਏਹ ਧ੍ਰੂਹ ਕੇਹੀ ਹੈ ? ਓਹੋ, ਪ੍ਰੇਮ ਤਾਂ ਇਹ ਹੈ, ਪ੍ਰੇਮ ਹੈ ਕਿ ਚਾਨਣਾ। ਵਾਹ ਚਾਨਣ ਤੇਰੇ ਰੰਗ ! ਅਜੇ ਹੋਰ ਨੀਝ ਲਾ, ਤੱਕ ਏ ਚਾਨਣਾ ਹੈ ਕਿ ਕੀਹ ਹੈ ? ਦੇਖ ਕੀ ਹੈ ? ਹੈਂ 'ਹੁਕਮ'

ਹੀ 'ਹੁਕਮ' ਹੈ। ਵਾਹ ਹੁਕਮ! ਕੈਸਾ ਪ੍ਰਬੰਧ ਹੈ, ਕੈਸਾ ਕ੍ਰਮ ਹੈ, ਕੈਸਾ ਬੰਧਾਨ ਹੈ, ਕੈਸਾ ਅਡੋਲ ਅਟੱਲ ਪਰ ਚੁਪ ਹੈ, ਚਾਨਣਾਂ ਹੈ ਕਿ ਵਾਲ ਵਾਲ ਹੁਕਮ ਪ੍ਰੋਤਾ ਹੈ। ਹੁਕਮ ਹੈ ਅਟੱਲ ਤੇ ਅਮਿੱਟ! ਪਰ ਵਾਹ ਵਾਹ! ਸਖਤੀ ਨਹੀਂ, ਜ਼ੁਲਮ ਨਹੀਂ, ਭੁਲੇਖਾ ਨਹੀਂ, ਨਿਰਾ ਹੀ ਪਿਆਰ ਹੈ। ਪਿਆਰ ਹੈ ਕਿ ਹੁਕਮ ਹੈ, ਹੁਕਮ ਹੈ ਕਿ ਪਿਆਰ ਹੈ, ਤਿੱਲੇ ਦੀ ਤਾਰ ਵਿਚ ਰੇਸ਼ਮ ਤੇ ਕੰਦਲੇ ਦਾ ਫਰਕ ਤਾਂ ਕੁਛ ਹੁੰਦਾ ਹੈ, ਪਰ ਏਥੇ ਪ੍ਰੇਮ ਤੇ ਹੁਕਮ ਦੀ ਵਾਟ ਵਿਚ ਕੱਖ ਫਰਕ ਨਹੀਂ ਦਿੱਸਦਾ।, ਆਹ ਆਹ! ਹੇ ਤ੍ਰਿਖੇ ਸੁਆਦ ਤਰਸ ਕਰ! ਤੇਰੀ ਮਿਠਾਸ ਅਟੱਲ ਹੈ, ਤੇਰਾ ਰਸ ਅਸਹਿ ਹੈ, ਉਫ!

ਹੈਂ ਜੀ ਹੁਣ ਚਾਨਣੇ ਵਿਚ ਕੀਹ ਪਿਆ ਦਿੱਸਦਾ ਹੈ। ਹੁਕਮ ਵੇਗ ਵਿਚ ਪਿਆ ਆਉਂਦਾ ਹੈ ਤੇ ਪ੍ਰੇਮ ਨੂੰ ਪਿਆ ਆਖਦਾ ਹੈ 'ਹਾਂ ਚੱਲ ਤੂੰ ਚੱਲ'।

ਪ੍ਰੇਮ--ਤੈਥੋਂ ਵਿਛੜਨ ਤੇ ਜੀ ਨਹੀਂ ਕਰਦਾ।

ਹੁਕਮ–ਮੈਂ ਤੇਰੇ ਵਿਚ ਇੰਵੇ ਅਭੇਦ ਰਹਸਾਂ ਜਿੰਦਾਂ ਏਥੇ ਹਾਂ।

ਪ੍ਰੇਮ–ਮੈਂ ਹਨੇਰੇ ਵਿਚ ਕੀਕੂੰ ਜੀਸਾਂ?

ਹੁਕਮ–ਤੂੰ ਹਨੇਰੇ ਦੇ ਮੰਡਲ ਵਿਚ ਜਾਸੇਂ, ਪਰ ਆਪ ਚਾਨਣਾਂ ਰਹਸੇਂ, ਤੂੰ ਨੀਂਦ ਦੇ ਖੰਡ ਵਿਚ ਵੱਸੇਂਗਾ, ਪਰ ਸਦਾ ਜਾਗਦਾ ਰਹੇਂਗਾ।

ਪ੍ਰੇਮ–ਮੈਂ ਤੈਨੂੰ, ਮੈਥੋਂ ਕਦੇ ਨਾਂ ਵਿਛੜਨ ਵਾਲੇ! ਕੀ ਕਰਕੇ ਸੰਮ੍ਹਾਲਾਂਗਾ?

ਹੁਕਮ–ਤੂੰ ਓਥੇ, ਹਨੇਰੇ ਦੀ ਬੋਲੀ ਵਿਚ ਮੈਨੂੰ ਪਿਤਾ ਕਰਕੇ ਅਵਿਛੁੜਿਆ ਰਹੀਂ, ਮੈਂ ਤੈਨੂੰ ਓਸ ਬੋਲੀ ਵਿਚ 'ਪੁਤ' ਕਹਕੇ ਅੰਗ ਸੰਗ ਰਖਾਂਗਾ।

ਪ੍ਰੇਮ–ਹਾਇ ਦਾਤੇ! ਮੇਰਾ ਚਿੱਤ ਵਿਛੜਨ ਤੇ ਨਹੀਂ ਕਰਦਾ।

ਹੁਕਮ–ਹਾਂ, ਮੇਰਾ ਬੀ ਨਹੀਂ ਕਰਦਾ, ਪਰ ਕੰਮ ਹੈ, ਮੇਰਾ ਖਿਰਦ ਹੈ, ਮੈਂ ਸਿਰਜਨ ਹਾਰ ਹਾਂ, ਸਿਰਜਨ ਹਾਰ ਹੋਣ ਕਰਕੇ ਮੇਰਾ ਧਰਮ ਪਾਲਨਹਾਰ ਹੈ, ਸਿਰਜ

ਕੇ ਤੇ ਪਾਲ ਕੇ ਮੇਰਾ ਧਰਮ ਸਿਖਾਵਨ ਹਾਰ ਹੈ। ਹੁਣ ਹਨੇਰੇ ਲੋਕ ਦੀ ਪਰਜਾ ਸਿਖਯਾ ਹੀਨ ਹੋਕੇ ਅਸਿੱਖ ਪਦ ਵਿਚ ਵਯਾਕੁਲ ਹੋ ਗਈ ਹੈ। ਤੂੰ ਜਾਹ, ਪਤੱਖ ਸਿਖਾਵਨ ਹਾਰ ਹੋਕੇ ਮੇਰਾ ਬਿਰਦ ਪੂਰਾ ਕਰ॥

ਪ੍ਰੇਮ—(ਖੜੋ ਕੇ ਤੇ ਸੀਸ ਨਿਵਾ ਕੇ) ਆਪਦੇ ਇਸ ਬਿਰਦ ਦੀ ਪਾਲਨਾ ਆਪ ਬਿਨਾਂ ਕੌਣ ਕਰਸੀ ?

ਹੁਕਮ—ਤੂੰ ਮੇਰਾ ਪੁਤ ਹੋਕੇ, ਤੇ ਮੈਂ ਤੇਰੇ ਵਿਚ ਤੇਰਾ ਪਿਤਾ ਹੋਕੇ। ਜਾਹੁ ਬੇਟਾ ਕੁਮੱਤ ਤੋਂ ਕੱਢਕੇ ਮੱਤ ਦੇਹ, ਵਿਛੋੜੇ ਤੋਂ ਕੱਢ ਕੇ ਮੇਲ ਦੇਹੁ॥

ਪ੍ਰੇਮ—ਮੇਰਾ ਅਜੇ ਵਿਛੋੜੇ ਤੋਂ ਜੀ ਡਰਦਾ ਹੈ।

ਹੁਕਮ—ਨਾਂ ਡਰ, ਤੇਰੀ ਸੁਰਤ ਮੇਰੇ ਵਿਚ ਚੁਭੀ ਰਹੇਗੀ, ਸੁਰਤ ਵਿਚ ਪ੍ਰੇਮ ਹੁਕਮ ਨਾਲ ਅਭੇਦ ਰਹੇਗਾ।

ਪ੍ਰੇਮ ਨੇ ਸੀਸ ਨਿਵਾਯਾ ਤੇ ਟੁਰੇ, ਟੁਰੇ ਕੀਹ, ਓਥੇ ਕੋਈ ਚੇਸ਼ਟਾ ਹੈ ਕਿ ਚਾਲ ਹੈ, ਕੋਈ ਟੁਰਦਾ ਹੈ ਕਿ ਅਟੁਰਦਾ ਹੈ, ਇਕੋ ਚਾਨਣਾਂ ਹੈ, ਦੂਈ ਦਾ ਨਾਮ ਨਹੀਂ, ਪਰ ਚਾਨਣ ਚੰਨ ਸੂਰ ਵਰਗਾ ਮੁਰਦਾ ਚਾਨਣ ਨਹੀਂ, ਹਰ ਕਿਰਨ ਇਕ ਰੂਹ ਹੈ, ਹਰ ਰਿਸ਼ਮ ਇਕ ਆਤਮਾਂ ਹੈ, ਹਰ ਲਾਸ ਇਕ ਜਿੰਦ ਹੈ, ਪਰ ਸਮੂਹ ਭੀ ਇਕੋ ਜਿੰਦ ਹੈ:—

'ਇਸ ਏਕੇ ਕਾ ਜਾਣੈ ਭੇਉ।
ਆਪੈ ਕਰਤਾ ਆਪੇ ਦੇਉ'।

ਹਾਂ ਜੀ ਟੁਰੇ। ਹੁਕਮ, ਜਿਸਨੂੰ ਅਸੀ 'ਆਯਸ' ਆਖਦੇ ਹਾਂ, ਆਇਸ ਪਾ ਕੇ, 'ਪ੍ਰਭੂ ਦੀ ਆਇਸ' ਪਾ ਕੇ 'ਪ੍ਰੇਮ' ਜੀ ਟੁਰੇ। ਲਓ ਲੱਗੇ ਚਾਨਣ ਤੋ ਹੇਠਾਂ ਹੇਠਾਂ ਆਉਣ। ਚਾਨਣਾਂ ਘਟਦਾ ਗਿਆ, ਅਖੀਰ ਹਨੇਰ ਮੰਡਲ ਆ ਗਿਆ, ਪ੍ਰੇਮ ਨੇ ਇਸ ਵਿਚ ਚਰਨ ਪਾਏ। ਸਾਰੇ ਹਨੇਰਾ ਹੈ, ਪਰ ਇਸਦੇ ਅੰਦਰ ਓਹੋ ਚਾਨਣ

ਹੈ, ਓਹੋ ਇਲਾਹੀ ਨੂਰ ਹੈ। ਦੇਖੋ ਹਨੇਰੇ ਵਿਚ ਵੜਦਿਆਂ ਪ੍ਰੇਮ ਦੀ ਸੂਰਤ ਬਣ ਗਈ, ਰੂਪ ਧਾਰੀ ਹੋ ਗਿਆ, ਸ਼ਕਲ ਤੇ ਸਰੀਰ ਸਜ ਗਿਆ, ਪਰ ਓਹ ਚਾਨਣ ਉਸੇ ਦਮਕ ਤੇ ਗਮਕ ਦਾ ਅੰਦਰ ਭਰਪੂਰ ਹੈ, ਐਥੋਂ ਤਾਈਂ ਕਿ ਸੀਸ ਦੇ ਉਦਾਲੇ ਇਕ ਲਹਰਾਉਂਦੇ ਵੇਗ ਦਾ ਉਹੋ ਚਾਨਣਾ ਅੱਠ ਪਹਰ ਮਾਨੋਂ ਘੁੰਮਰ ਪਾਂਵਦਾ ਹੈ। ਹੁਣ ਵੇਖੋ ਪ੍ਰੇਮ ਰੂਪ ਧਾਰਦੇ ਹੀ ਹਨੇਰੇ ਵਾਲਿਆਂ ਨੂੰ ਦਿੱਸ ਪਿਆ ਹੈ, ਜਿਕੂੰ ਅੰਧਿਆਂ ਨੂੰ ਨਿੱਗਰ ਚੀਜ਼ ਟੋਹਿਆਂ ਦਿਸਦੀ ਹੈ, ਪਰ ਰੰਗ ਰੂਪ ਸੂਖਮ ਚੀਜ਼ਾਂ ਨਹੀਂ ਦਿਸਦੀਆਂ। ਹੈਂ ਜੀ, ਤੱਕੋ ਨਾਂ, ਇਹ ਕਿਜੇਹੇ ਲੋਕ ਹਨ? ਜਦੋਂ ਪ੍ਰੇਮ ਨਿਰਾ ਚਾਨਣੇ ਮੰਡਲ ਵਿਚ ਚਾਨਣਾ ਸੀ ਤਾਂ ਇਨ੍ਹਾਂ ਦੇ ਨੇਤ੍ਰ ਦੇਖ ਨਾਂ ਸੱਕੇ, ਪਰ ਦੇਖੋ ਅੱਜ ਜੇ ਪ੍ਰੇਮ ਹਨੇਰੇ ਮੰਡਲ ਵਿਚ ਰੂਪ ਧਾਰੀ ਹੋ ਗਿਆ ਤਾਂ ਇਨ੍ਹਾਂ ਨੇ ਵੇਖ ਲਿਆ। ਹਾਂ ਜੀ ਇਨ੍ਹਾਂ ਨੂੰ ਹਨੇਰੇ ਵਿਚ ਹੀ ਦਿੱਸਦਾ ਹੈ, ਚਾਨਣੇ ਨਾਲ ਇਨ੍ਹਾਂ ਦੇ ਨੇਤ੍ਰ ਨੂਟ ਹੋ ਜਾਂਦੇ ਹਨ। ਲਓ ਪ੍ਰਭੂ ਦੀ ਆਇਸ ਵਿਚ ਆਯਾ 'ਪ੍ਰੇਮ' ਹੁਣ ਰੂਪ ਧਾਰੀ ਹੋਕੇ, 'ਨਾਮਧਾਰੀ' ਬੀ ਹੋ ਗਿਆ। ਲੋਕੀ ਗੋਬਿੰਦ ਸਿੰਘ ਆਖਦੇ ਹਨ। ਸੱਚ ਹੈ 'ਹੁਕਮ' ਦਾ ਇਕ ਨਾਮ ਗੋਬਿੰਦ ਹੈ, ਗੋਬਿੰਦ ਦਾ ਅਰਥ ਹੈ ਸਿਰਜਨਹਾਰ ਤੇ ਪਾਲਨਹਾਰ ਤੇ ਹੁਣ ਸਿਖਾਵਨ ਹਾਰ ਹੋਕੇ ਆਯਾ ਹੈ, ਇਸ ਕਰਕੇ ਆਖੋ 'ਗੁਰ ਗੋਬਿੰਦ'। ਗੁਰ ਆਖਦੇ ਹਨ ਸਿਖਾਵਣਹਾਰੇ ਨੂੰ, ਤੇ ਨਾਲੇ ਹੁਕਮ ਦਾ ਘੱਲਿਆ ਆਯਾ ਹੈ, ਹੁਕਮ ਇਸਦੇ ਅੰਦਰ ਬੈਠਾ ਹੈ, ਹੁਕਮ ਦਾ ਕਰਾਰ ਸੀ ਕਿ ਮੈਂ ਤੇਰੇ ਨਾਲ ਰਹਸਾਂ। ਹਾਂ ਭਾਈ! ਤਾਂ ਤੁਸੀਂ ਏਸਨੂੰ 'ਗੁਰੂ ਗੋਬਿੰਦ ਸਿੰਘ' ਆਖੋ ਖਾਂ, ਕਿਉਂ ਕਿ ਸਿੰਘ ਦਾ ਭਾਵ ਹੈ: ਅਮਿੱਟ ਅਟੱਲ ਹੁਕਮ ਦੇ ਤੇਜ ਵਾਲਾ॥

ਤਾਂ ਲਓ ਮਾਤ ਲੋਕੀਓ! ਸੁਣੋ ਸੁਖ ਸਨੇਹੁੜਾ: ਓਹ ਜੋ ਸਾਡਾ ਮਾਲਕ ਪਾਲਕ ਹੈ, ਜੋ ਚਾਨਣੇ ਵਿਚ ਰਹਿੰਦਾ ਹੈ, ਸਾਨੂੰ ਅੰਧੇਰੂਆਂ ਨੂੰ ਦੀਹਦਾ ਨਹੀਂ ਜੇ, ਓਸ ਨੇ ਆਪਣੇ ਬਿਰਦ ਦੀ ਖਾਤਰ ਆਪਣੇ ਪ੍ਰੇਮ ਨੂੰ ਸਾਡੇ ਵਰਗਾ ਰੂਪ ਦੇ ਕੇ ਸਾਡੇ ਵਰਗਾ ਅੱਖਰਾਂ ਵਾਲਾ ਨਾਮ ਦੇ ਕੇ ਸਾਡੇ ਵਿਚ ਘੱਲ ਦਿਤਾ ਜੇ, ਤੇ ਉਹ ਆਪੇ ਪਿਆ ਆਖਦਾ ਜੇ:—

ਜਦ ਆਯੁਸ ਪ੍ਰਭੁ ਕੋ ਭਇਓ

ਜਨਮ ਧਰਾ ਜਗ ਆਇ।

ਲਓ, ਭਾਵੇਂ ਹੁਕਮ ਨੂੰ ਖੇਚਲ ਹੋਵੇ ਤੇ ਭਾਵੇ ਪ੍ਰੇਮ ਦੇਹ ਧਾਰੀ ਹੋ ਕੇ ਖੇਦ ਪਿਆ ਪਾਵੇ ਤੇ ਭਾਵੇ ਅਸੀਂ ਘਰ ਆਏ ਨੂੰ ਖੇਚਲਾਂ ਪਹੇ ਪਾਈਏ, ਪਰ ਆਯਾ ਸਾਡੇ ਸੰਕਟ ਹਰਨ ਹੈ, ਆਯਾ ਧਰਮ ਚਲਾਵਨ ਹੈ, ਆਯਾ ਅਪਣੇ ਚੁਣਨ ਹੈ, ਆਯਾ ਓਪਰੇ ਆਪਣੇ ਕਰਨ ਹੈ, ਆਯਾ ਟੁਟੇ ਗਹਣਿਆਂ ਨੂੰ ਮੁੜ ਕੁਠਾਲੀ ਪਾਕੇ ਨਵੇਂ ਘੜਨ ਹੈ। ਹਾਂ ਜੀ ਆਯਾ ਸਾਡੀ ਬਿਪਤ ਹਰਨ ਹੈ, ਸਾਨੂੰ ਵਿਛੜੇ ਮੇਲਨ ਹੈ। ਹਾਹੋ ਜੀ, ਸਾਨੂੰ ਓਸ ਚਾਨਣ ਦੇ ਸਾਂਝੀ ਵਾਲ ਬਨਾਣ ਹੈ, ਹਨੇਰਚੂਆਂ ਨੂੰ ਚੰਦ੍ਰਮਾਂ ਦੀਆਂ ਕਿਰਨਾਂ ਬਨਾਣ ਆਯਾ ਹੈ, ਹਾਂ ਜੀਕੂੰ ਆਪ ਪੁਤ ਬਣਕੇ ਆਯਾ ਹੈ, ਸਾਨੂੰ ਗੋਦੀ ਲੈ ਕੇ ਪੁਤ ਬਨਾਣ ਆਯਾ ਹੈ, ਤਾਂਤੇ ਆਓ ਜੀ, ਹਾਂ ਜੀ, ਹਲਾ ਜੀ, ਆਹੋ ਜੀ, ਸਾਨੂੰ ਪੁਤ ਬਨਾਣ ਆਯਾ ਹੈ। ਸਾਨੂੰ !!! ਸਾਨੂੰ ਅਧਮ ਕੀਟਾਂ ਨੂੰ ਆਪਣੇ (ਸ਼ਹਨਸ਼ਾਹ ਦੇ) ਸ਼ਹਜ਼ਾਦੇ ਬਨਾਣ ਆਯਾ ਹੈ। ਗੁਰੂ ਗੋਬਿੰਦ ਸਿੰਘ ਸ਼ਾਹ, ਸ਼ਾਹਨਸ਼ਾਹ ਤੇ ਜਿਨ੍ਹਾਂ ਨੂੰ ਗੋਦ ਲੈਂਦਾ ਹੈ, ਓਹ ਸ਼ਹਜ਼ਾਦੇ ॥

ਤਾਂਤੇ ਆਓ ਮਿਤ੍ਰ ! ਆਓ ਹਨੇਰ ਮੰਡਲ ਦੇ ਸਹਚਾਰੀਓ, ਆਓ ਮੰਗਲ ਗਾਵੀਏ ਤੇ ਆਖੀਏ :–

ਵਡ ਭਾਗ ਭਇਆ ਇਸ ਧਰਤੀ ਦਾ
ਗੁਰ ਗੋਬਿੰਦ ਸਿੰਘ ਜੀ ਆਏ ਹੈਂ।
ਸੁਖ ਦੇਵਣ ਨੂੰ ਹਾਂ ਆਏ ਹੈਂ,
ਗੁਰ ਕਲਗੀਆਂ ਵਾਲੇ ਆਏ ਹੈਂ।
ਸਿਰ ਕਲਗੀ, ਲੱਕ ਤਲਵਾਰ ਲੱਗੀ,
ਏ 'ਹੁਕਮ' ਨਿਸ਼ਾਨ ਸਜਾਏ ਹੈਂ।
ਮੂਹ ਅੰਮ੍ਰਿਤ ਬਚਨ ਅਲਾਂਦੇ ਹੈਂ
ਏ 'ਪ੍ਰੇਮ' ਪ੍ਰਕਾਸ਼ਾਂ ਪਾਏ ਹੈਂ।
ਏ ਸੱਦਣਗੇ ਮਿਠ ਬੋਲੇ ਹੋ,

ਪਾ ਡੋਰ ਪ੍ਰੇਮ ਦੀ ਖਿੱਚਣਗੇ,
ਸਿਮ੍ਰਨ ਦਾ ਸੰਖ ਵਜਾਵਣ ਗੇ
ਇਉ ਮੁਰਦੇ ਲੈਣ ਜਿਵਾਏ ਹੈਂ।
ਜੋ ਸੜ ਉੱਠੇ ਹਨ ਮੁਰਦੇ ਜੀ
ਓਹ ਪਕੜ ਕੁਠਾਲੀ ਪਾਵਣਗੇ,
ਫਿਰ ਢਾਲਣ ਗੇ ਫਿਰ ਸਾਜਣਗੇ
ਦੇ ਨਵਾਂ ਜਨਮ ਜਿਉਲਾਏ ਹੈਂ।
੧. ਦੁਖੀਏ ਦਾ ਦੁਖ ਹਰਨਾ ਜੋ
ਏ ਇੱਕ ਪ੍ਰੇਮ ਦੀ ਵਨਗੀ ਹੈ,
੨. ਮੁਰਦੇ ਨੂੰ ਪਕੜ ਜਵਾਲਨ ਜੋ
ਏ ਰੰਗ 'ਪ੍ਰੇਮ' ਨੇ ਲਾਏ ਹੈਂ।
੩. ਗਏ ਤ੍ਰੂਕ ਜੋ ਹਨ ਮੁਰਦਾਰ ਪਏ
ਏ ਹੋਇ ਅਸਾਧ ਗਏ ਪਾਪੀ,
ਮੁੜ ਮਾਰ ਜਿਵਾਲੇ ਇਹਨਾਂ ਨੂੰ
ਏ ਏਸ ਪ੍ਰੇਮ ਬਨ ਆਏ ਹੈਂ।
੧. ਸੰਤਾਂ ਨੂੰ ਗੁਰੂ ਉਬਾਰਨ ਨੂੰ,
੨. ਭੁਲਿਆਂ ਨੂੰ ਰਸਤੇ ਪਾਵਨ ਨੂੰ,
੩. ਦੁਸ਼ਟਾਂ ਨੂੰ ਮਾਰ ਪਛਾੜਨ ਨੂੰ
ਇਉ ਮਾਰ ਜਿਵਾਲਣ ਆਏ ਹੈਂ।
ਇਉ ਹੋ ਅਨੁਰਾਗ ਸਰੂਪ ਗੁਰੂ
ਅਜ ਆਏ ਜੀ ਅਜ ਆਏ ਹੈਂ,
ਖੁਸ਼ੀਆਂ ਤੇ ਮੰਗਲ ਗਾਉ ਸਭੇ
ਵਧ ਜਾਓ, ਸਭੇ ਵਧਾਏ ਹੈਂ।

## ੨. ਪਾਰ ਲੋਕ ਦਿਆਂ ਦਾ ਗੁਰਪੁਰਬ ਵਿਚ ਹਿੱਸਾ

ਸ੍ਰੀ ਕਲਗੀਆਂ ਵਾਲੇ ਦੇ ਦਰਬਾਰ ਪਰ ਕਵੀ ਸੋਭਾ ਪਾਉਂਦੇ ਸਨ। ਏਹ ਗਿਣਤੀ ਸਦਾ ਵਧਦੀ ਘਟਦੀ ਰਹਿੰਦੀ ਸੀ। ਕਦੇ ਤਾਂ ਨਵੇਂ ਆ ਜਾਂਦੇ ਸਨ, ਅਰ ਕਈ ਜੋ ਦਿਮਾਗ਼ੀ ਚਮਤਕਾਰਾਂ ਦੇ ਪ੍ਰਬੀਨ ਆਤਮ ਸੁੰਦ੍ਰਤਾ ਵੱਲ ਮੁਠੇ ਜਾਂਦੇ ਸਨ, ਸੋ ਸਿੱਖੀ ਵਿਚ ਆ ਕੇ ਯਾ ਤਾਂ ਉਥੇ ਟਿਕੇ ਰਹਿੰਦੇ , ਯਾ ਸੇਵਾ ਪਰ ਲੱਗ ਕੇ ਹੁਕਮ ਵਿਚ ਸੇਵਾ ਕਰਨ ਟੁਰ ਜਾਂਦੇ, ਯਾ ਪ੍ਰੇਮ ਕਾਂਗ ਵਿਚ ਬਿਹਬਲ ਹੋਏ ਆਤਮ ਉੱਚ ਰੰਗਣਾਂ ਵਿਚ ਲੀਨ ਹੋ ਜਾਂਦੇ ਸਨ। ਇਨ੍ਹਾਂ ਪ੍ਰੇਮੀਆਂ ਵਿਚ ਇਕ ਭਾਈ ਜੈ ਸਿੰਘ ਜੀ ਸਨ। ਆਪ ਬ੍ਰਿਜ ਭਾਸ਼ਾ ਦੀ ਕਵਿਤਾ ਦੇ ਪ੍ਰਬੀਨ, ਅਪਨੀ ਪ੍ਰਬੀਨਤਾ ਦਾ ਮੁਲ ਪਵਾਣ ਗਏ ਸਨ, ਕਿ ਸਚੇ ਗੁਰੂ ਦੀ ਆਤਮ ਦੂਤੀ ਦੇਖਕੇ ਮੋਹਿਤ ਹੋ ਗਏ, ਐਸੇ ਮੋਹਤ ਹੋਏ ਕਿ ਫਿਰ ਕਵਿਤਾ ਤਾਂ ਕਿਤੇ ਰਹੀ ਧਯਾਨ ਮਗਨ ਦਿਨ ਰਾਤ ਇਸਤਰਾਂ ਦੇ ਟਿਕੇ ਕਿ ਲਿਵਲੀਨ ਹੋ ਗਏ। ਇਕ ਦਿਨ ਕਿਸੇ ਸਿੱਖ ਨੇ ਆਖਿਆ—ਸ੍ਰੀਮਹਾਰਾਜ ਜੀਉ! ਜੈ ਸਿੰਘ ਛੱਤੇ ਜੀ ਮਗਨ ਰਹਿੰਦੇ ਹਨ ਇਨ੍ਹਾਂ ਨੂੰ ਜੰਗਾਂ ਵਿਚ ਨਾਲ ਚਲਣੇ ਦੀ ਆਗਯਾ ਕਰੋ। ਸਚੇ ਵੈਦ ਜੀ ਨੇ ਆਖਿਆ : ਇਹ ਨਰਦ ਪ੍ਰੇਮ ਦੇ ਚੌਪਟ ਵਿਚ ਅਜੇ ਬਿਰਹੋਂ ਦੇ ਘਰ ਪਕਾਣੀ ਹੈ। ਅਗਲੇ ਭਲਕ ਸਤਗੁਰ ਨੇ ਆਗਯਾ ਕੀਤੀ 'ਜੈ ਸਿੰਘ ! ਅਪਨੇ ਦੇਸ ਜਾ ਕੇ ਪਰਵਾਰ ਵਿਚ ਵੱਸੋ ਤੇ ਉਥੇ ਇਸੇ ਤਰਾਂ ਧਯਾਨ ਮਗਨ ਰਹੋ।'

ਪ੍ਰੀਤਮ ਦਾ ਹੁਕਮ ਪਰ ਹਾਇ ! ਕਰੜਾ ਹੁਕਮ ! ਜਿੰਦ ਤੋਂ ਵਿਛੋੜਨ ਵਾਲਾ ਹੁਕਮ ! ਆਪੇ ਤੋਂ ਦੂਰ ਹੋਣ ਦਾ ਹੁਕਮ ਸਿਰ ਮੱਥੇ ਤੇ ਧਰਿਆ ਤੇ ਘਰ ਪਹੁੰਚੇ। ਤ੍ਰੈ ਵਰਹੇ ਜੋ ਬਿਰਹੋਂ ਦੀ ਝਾਲ ਝੱਲੀ, ਸੋ ਜਾਂ ਭਾਈ ਜੀ ਜਾਣਦੇ ਹਨ ਜਾਂ ਕਲਗੀਆਂ ਵਾਲੇ ਪ੍ਰੀਤਮ ਜੀ ਜਾਣਦੇ ਹਨ। ਤ੍ਰੈ ਵਰਹੇ ਬਾਦ ਫੇਰ ਸੱਦਾ ਆਯਾ ਤਾਂ ਪ੍ਰੀਤਮ ਦੇ ਦਰਸ਼ਨ ਪ੍ਰਾਪਤ ਹੋ ਕੇ ਤ੍ਰਿਪਤੇ। ਇਨ੍ਹਾਂ ਤਿੰਨਾਂ ਵਰਿਹਾਂ ਵਿਚ ਆਪ ਨੇ ਜੋ ਵਿਯੋਗਾਂ ਵਿਚ ਕਾਫੀਆਂ ਆਦਿ ਆਖੀਆਂ, ਬੜੇ ਬਿਰਹੇ ਸੱਲ ਵਾਲੀਆਂ ਹਨ,

ਪਰ ਹੁਣ ਓਹ ਸਮੇਂ ਦੀ ਚਾਦਰ ਹੇਠ ਗੁੰਮ ਹਨ। ਦੋ ਕੁ ਅਸਾਂ ਨੂੰ ਲੱਭੀਆਂ ਹਨ ਜੋ ਅਮੋਲਕ ਹੋਣ ਕਰਕੇ ਗੁਰਪੁਰਬ ਦੀ ਦੁਰਲੱਭ ਸੁਗਾਤ ਜਾਣ ਕੇ ਪਾਠਕਾਂ ਦੇ ਅਹਲਾਦ ਲਈ ਪ੍ਰਗਟ ਕਰਦੇ ਹਾਂ:–

(੧) ਕਾਫ਼ੀ, ਦੇਵ ਗੰਧਾਰੀ–

ਸਤਗੁਰ ਮੈਂਡੀ ਕਿਉਂ ਨਹੀਂ ਲੈਂਦਾ ਸਾਰ। ਮੈਂ ਤੈਂ ਬਾਝ ਇਵੇਂ ਕੁਰਲਾਵਾਂ ਜਿਉਂ ਕੂੰਜ ਵਿਛੁੰਨੜੀ ਤਾਰ। ਜੇ ਅਸੀ ਭੁਲੇ ਚੁਕੇ ਸਤਗੁਰ ਤੇਰਾ ਨਾਉਂ ਸਤਾਰ। ਜੈ ਸਿੰਘ ਦੀ ਸੁਣ ਕੂਕ ਪਜਾਰਿਆ ਦੇਹੁ ਕਦੀ ਦੀਦਾਰ।

(੨) ਕਾਫ਼ੀ, ਦੇਵ ਗੰਧਾਰੀ--

ਸਾਹਿਬਾ! ਅਸੀ ਡਿੱਠੇ ਬਾਝ ਨ ਰਹਿੰਦੇ ਵੋ। ਸਿਕਣ ਸੂਲ ਤੇ ਦਰਦ ਵਿਛੋੜਾ ਅਸੀ ਤਉ ਬਿਨ ਕਹੀ ਨ ਕੰਹਦੇ ਵੋ। ਰਾਤੀ ਦਿਹੇ ਸਾਨੂੰ ਧਿਆਨ ਤੁਸਾਡਾ ਅਸੀ ਕਰ ਆਰਾਮ ਨਾਂ ਬਹਿੰਦੇ ਵੋ। ਜੈ ਸਿੰਘ ਦੀ ਸੁਣ ਅਰਜ਼ ਪਿਆਰਿਆ ਅਸੀਂ ਪ੍ਰੇਮ ਨਦੀ ਨਿਤ ਵਹਿੰਦੇ ਵੋ।

## ੩. ਪ੍ਰਸੰਗ ਫਤਹ ਚੰਦ ਤੇ ਰਾਣੀ!

ਸ੍ਰੀ ਕਲਗੀ ਧਰ ਜੀ ਦੇ ਬਾਲ ਚੋਜ ਐਸੇ ਹੀ ਸ਼ਕਤੀ ਪ੍ਰੇਮ ਤੇ ਉਪਕਾਰ ਭਰੇ ਹਨ ਜੈਸੇ ਕਿ ਵਡੀ ਅਵਸਥਾ ਦੇ ਕੌਤਕ ਹਨ, ਪਟਨੇ ਵਿਚ ਆਪ ਦੇ ਰੰਗ ਦੇਖ ਕੇ ਰਾਜਾ ਫਤਹ ਚੰਦ ਤੇ ਉਸਦੀ ਰਾਣੀ ਆਪਦੇ ਚਰਨਾਂ ਕਮਲਾਂ ਦੇ ਅਤ ਪ੍ਰੇਮੀ ਹੋ ਗਏ ਸੇ। ਜਦੋਂ ਸ੍ਰੀ ਗੁਰੂ ਜੀ ਨੇ ਪਟਨੇ ਤੋਂ ਅਨੰਦ ਪੁਰ ਤਯਾਰੀ ਕੀਤੀ ਤਦ ਇਨ੍ਹਾਂ ਨੂੰ ਅਤਿ ਵਿਯੋਗ ਹੋਯਾ। ਇਹ ਜੋ ਦਿਨ ਰਾਤ ਸੇਵਾ ਵਿਚ ਰਹਿੰਦੇ, ਅਠ ਪਹਰ ਟਹਲ ਕਰਦੇ ਚੋਜਾਂ ਨੂੰ ਤੱਕਦੇ ਸੇ, ਇਕ ਛਿਨ ਵਿਛੜਨਾ ਦੁਰਘਟ ਜਾਣਦੇ ਸੇ। ਇਸ ਨਿੱਕੀ ਅਵਸਥਾ ਵਿਚ ਦੂਹਾਂ ਨੂੰ ਸਿਮ੍ਰਨ ਦਾਨ ਹੋਣਾ, ਪ੍ਰੇਮ ਦੀ ਜਗਦੀ ਚੰਗਯਾਰੀ ਦਾ ਅੰਦਰ ਵੱਸਣਾ ਕੋਈ ਘੱਟ ਦਾਤ ਤੇ ਕਰਾਮਾਤ ਨਹੀਂ ਸੀ॥

ਦੂਹਾਂ ਦੀ ਆਤਮਾਂ ਚੁੰਬਕ ਵਾਂਙ ਸ੍ਰੀ ਗੁਰੂ ਜੀ ਦੇ ਧਯਾਨ ਆਸ਼੍ਰਿਤ ਹੋ ਚੁਕੀ ਸੀ, ਜਦੋਂ ਸ੍ਰੀ ਮਹਾਰਾਜ ਜੀ ਪਟਨੇ ਤੋਂ ਟੁਰੇ ਸਨ ਤਾਂ ਸਾਰੀ ਸੰਗਤ ਬਿਹਬਲ ਹੋ ਗਈ। ਪਰ ਸਭ ਤੋਂ ਵਧੀਕ ਇਨ੍ਹਾਂ ਦੀ ਗਤੀ ਹੋ ਗਈ, ਜੋ ਹੇਠ ਲਿਖੇ ਗੀਤ ਵਿਚ ਹੈ :—

ਲੜ ਨਾ ਛੁਡਾ ਸਿਧਾਵੋਂ, ਸਾਡੇ ਸਿਰਾਂ ਦੇ ਸਾਈਂ,
ਚਰਨਾਂ ਤੋਂ ਨਾਂ ਵਿਛੋੜੇ ਡੂੰਘੀ ਹੈ ਪ੍ਰੀਤ ਪਾਈ।
ਭੌਰੇ ਬਨਾ ਕੇ ਸਾਨੂੰ ਮੁਖ ਕਿਉਂ ਲੁਕਾਉਂਦੇ ਹੋ,
ਨੇਹੁੰ ਲਾਕੇ ਹਾਇ ਪ੍ਰੀਤਮ ! ਛਿਪਦੇ ਹੋ ਹੁਣ ਕਿਦਾਈਂ ?
ਡੇਰਾ ਲਗਾ ਕੇ ਅੰਦਰ ਮੰਦਰ ਬਨਾ ਕੇ ਦਿਲ ਨੂੰ,
ਸੁੰਵੇ ਏ ਛਡ ਕੇ ਤੇ ਜਾਂਦੇ ਹੋ ਕਿਉਂ ਗੁਸਾਈਂ ?
ਬਣ ਜਿੰਦ ਦੀ ਏ ਜਿੰਦੇ ਹੁਣ ਜਾਂਵਦੇ ਨਹੀਂ ਹੋ,
ਜਿੰਦ ਕੱਢ ਲੈ ਚਲੇ ਹੋ ਨਿਰਜਿੰਦ ਛੱਡ, ਸਾਈਂ।
ਤਨ ਜਿੰਦ ਬਿਨ ਨਾ ਜੀਵੇ, ਜਿੰਦ ਆਪ ਬਿਨ ਨਾ ਰੰਹਦੀ,
ਵਿਛੜਨ ਜੋ ਆਪਦਾ ਹੈ ਦੂਹਰੀ ਹੈ ਮੌਤ ਆਈ।
ਹੋਇ ਜੇ ਆਪ 'ਜੋਗੇ' ਹੋਏ ਹੁਣ 'ਆਪਦੇ ਹਾਂ',
ਅਪਨੇ ਨੂੰ ਹਾਇ ਪ੍ਰੀਤਮ ! ਸੱਟੋ ਨ ਵਿਚ ਜੁਦਾਈ।
ਤੇਰੇ ਹਾਂ ਹਾਇ ਤੇਰੇ ਤੇਰੇ ਸਦਾ ਦੇ ਤੇਰੇ,
ਸਾਡੀ ਏ 'ਮੇਰ ਮੈਂ ਦੀ' ਆਪੇ ਖਰੀਦ ਪਾਈ।
ਅਪਨੀ ਨਾ ਰਾਸ ਸਾਡੇ ਪੱਲੇ ਰਹੀ ਹੈ ਕੋਈ,
ਦਿੱਤੀ ਜੁ ਦਾਤ ਤੂੰ ਹੈ ਉਸਨੂੰ ਨਾ ਹੁਣ ਲੁਕਾਈਂ।
ਜਾਵੋ ਨ ਹਾਇ ਜਾਵੋ, ਵੱਸੋ ਸਦਾ ਏ ਨੈਣਾਂ
ਦਿੱਸੋ ਸਦਾ, ਦਿਖਾਵੋ ਦਰਸ਼ਨ ਸਦਾ ਦਿਖਾਈ।
ਔਗਣ ਜੇ ਤੱਕ ਰੁੱਠੇ, ਐਬਾਂ ਤੋਂ ਜੇ ਚਲੇ ਹੋ,
ਤੁਠੇ ਜਦੋਂ ਸੇ ਪਯਾਰੇ: ਔਗੁਣ ਸੇ ਤਦ ਸਵਾਈ।

ਦੇਖੇ ਨ ਐਬ ਤਦ ਤੂੰ, ਕਰਮਾਂ ਨੂੰ ਨਾ ਤੈਂ ਤੱਕਯਾ,
ਅਪਨੇ ਬਿਰਦ ਦੇ ਸਦਕੇ ਤੁੱਠੇ ਸੇ ਆਪ ਸਾਈਂ।
ਤੁੱਠੇ ਰਹੋ ਤਿਵੇਂ ਹੀ ਪਯਾਰੇ ਸਦਾ ਪਯਾਰੇ!
ਜਾਵੋ, ਨਾਂ ਦੂਰ ਜਾਵੋ ਕੋਲੇ ਸਦਾ ਰਹਾਈ।
ਅਪਨੇ ਸਿਰਦ ਦੇ ਸਦਕੇ ਅਪਨੀ ਹੀ ਤੱਕ ਵਡਾਈ,
ਜਾਵੋ ਨਾ ਹਾਇ ਜਾਵੋ ! ਕੋਲੇ ਸਦਾ ਰਹਾਈ।

ਇਸ ਵੈਰਾਗ ਪਰ ਸ੍ਰੀ ਗੁਰੂ ਜੀ ਤੇ ਬੀ ਕਰੁਣਾ ਰਸ ਛਾ ਗਿਆ, ਆਪ ਦੇ ਫੁਲ ਕਟੋਰੀਆਂ ਵਰਗੇ ਨੈਣ ਜਲ ਭਰ ਲਿਆਏ, ਅਰ ਕਿਤਨਾ ਕਾਲ ਕਰੁਣਾ ਰਸ ਛਾਏ ਰਹੇ। ਪਰ ਜਦ ਹੁਕਮ ਵੀਚਾਰ ਕੇ ਟੁਰੇ ਤਾਂ ਰਾਣੀ ਰਾਜੇ ਦਾ ਕਾਲਜਾ ਟੁਟ ਗਿਆ, ਧੜੰਮ ਕਰਕੇ ਢੱਠੇ ਅਰ ਮੂਰਛਿਤ ਹੋ ਗਏ। ਤਦ ਸਤਗੁਰੂ ਜੀ ਨੇ ਦੋਹਾਂ ਨੂੰ ਆਤਮ ਬਲ ਨਾਲ ਸੁਰਜੀਤ ਕੀਤਾ ਅਰ ਸਰੂਪ ਵਿਚ ਇਹ ਸਥਿਤੀ ਬਖਸ਼ੀ, ਅਰ ਫੇਰ ਵਰ ਦਿਤੇ। ਇਕ ਕਟਾਰ, ਤਲਵਾਰ, ਪੌਸ਼ਾਕ ਬਖਸ਼ੀ ਤੇ ਆਖਿਆ ਕਿ ਸਥੂਲ ਦਰਸ਼ਨ ਇਨ੍ਹਾਂ ਵਿਚ ਹੋਯਾ ਕਰਨ ਗੇ।

ਸਤਗੁਰ ਤਾਂ ਟੁਰੇ ਤੇ ਪ੍ਰੇਮੀਆਂ ਨੇ ਆਪਨੇ ਘਰ ਨੂੰ ਜਿਥੇ ਸਤਗੁਰ ਸੌਂਦੇ ਤੇ ਖੇਲਿਆ ਕਰਦੇ ਸੇ, ਮੰਦਰ ਸਜਾ ਕੇ ਗੁਰਦੁਆਰਾ ਬਨਾਯਾ, ਬਖਸ਼ਸ ਸਥਾਪਨ ਕੀਤੀ ਤੇ ਸਿੱਖੀ ਪ੍ਰਚਾਰੀ। ੧੭੪੬ ਵਿਚ ਰਾਜਾ ਰਾਣੀ ਫੇਰ ਦਰਸ਼ਨ ਕਰਨ ਅਨੰਦਪੁਰ ਗਏ, ਸਦਾ ਸਤਿਗੁਰ ਦੇ ਪ੍ਰੇਮ ਤੇ ਸਿਮ੍ਰਨ ਵਿਚ ਰਹੇ, ਸਦਾ ਅਪਨਾ ਸਰਬੰਸ ਸਤਿਗੁਰ ਦੇ ਅਰਪਨ ਕਰਦੇ ਰਹੇ ਅਰ ਪ੍ਰੇਮ ਦੀ ਜਿੰਦੜੀ ਜੀਉਂਦੇ ਰਹੇ। ਹੁਣ ਤਕ ਗੁਰਦੁਆਰਾ ਤੇ ਬਖਸ਼ਸ਼ਾਂ ਸਲਾਮਤ ਹਨ, ਫਤਹ ਚੰਦ ਮੈਣੀ ਜਾਤ ਦਾ ਖੱਤ੍ਰੀ ਹੋਣ ਕਰਕੇ ਗੁਰਦੁਆਰੇ ਦਾ ਹੁਣ ਤਕ ਨਾਮ 'ਮੈਣੀ ਸੰਗਤ' ਹੈ॥

## ੪. ਅਰਸ਼ਾਂ ਦੀ ਅਵਾਜ਼

ਕਿਤੇ ਬਿਜਲੀ ਬੱਦਲ ਗੱਜਦੇ ਨੀ
ਕਿਤੇ ਸਾਗਰ ਕੰਢੇ ਵੱਜਦੇ ਨੀ
ਕਿਤੇ ਪੌਣ ਫਰਾਟੇ ਬਜਦੇ ਨੀ,
ਪਰ ਸਾਨੂੰ ਠੰਢ ਨ ਪੈਂਦੀ ਏ,
ਸੱਦ ਸੁਣਕੇ ਜਿੰਦੜੀ ਵੈਂਦੀ ਏ।
ਕਿਤੇ ਫਨੀਅਰ ਸੂਕਰ ਮਾਰੇ ਨੀ
ਕਿਤੇ ਕੋਇਲ ਬੋਲ ਕਰਾਰੇ ਨੀ
ਕਿਤੇ ਮੋਰ ਪਪੀਹ ਪੁਕਾਰੇ ਨੀ
ਪਰ ਸਾਨੂੰ ਠੰਢ ਨਾਂ ਪੈਂਦੀ ਏ,
ਜਿੰਦ ਸੁਣਦੀਏ ਦੁਖ ਸੈਂਹਦੀ ਏ।
ਕਿਤੇ ਵੱਜਦੇ ਢੋਲ ਢਮੱਕੇ ਨੀ
ਕਿਤੇ ਗਿੱਧੇ ਪੈਣ ਧਮੱਕੇ ਨੀ
ਕਿਤੇ ਸੁਣੀਏਂ ਨਾਚ ਘਮੱਕੇ ਨੀ
ਪਰ ਸਾਨੂੰ ਠੰਢ ਨਾ ਪੈਂਦੀ ਏ,
ਜਿੰਦ ਸੁਣ ਸੁਣ ਥੱਲੇ ਲੈਂਹਦੀ ਏ।
ਕਿਤੇ ਮੁਰਲੀ ਨਾਦ ਸੁਣਾਂਦੀ ਏ
ਕਿਤੇ ਬੰਸੀ ਰੰਗ ਜਮਾਂਦੀ ਏ
ਕਿਤੇ ਬੀਨਾ ਬੰਨ੍ਹ ਬਹਾਂਦੀ ਏ
ਪਰ ਸਾਨੂੰ ਠੰਢ ਨਾਂ ਪੈਂਦੀ ਏ,
ਜਿੰਦ ਨਾਲ ਸਗੋਂ ਵਧ ਖੈਂਹਦੀ ਏ।
ਕਿਤੇ ਸੁਰ ਸਾਰੰਗੀ ਲਾਈ ਏ
ਕਿਤੇ ਜਲ ਤਰੰਗ ਸੁਖਦਾਈ ਏ

ਕਿਤੇ ਵੀਣਾ, ਗਲੇ ਗਵਾਈ ਏ
ਪਰ ਸਾਨੂੰ ਠੰਢ ਨਾਂ ਪੈਂਦੀ ਏ,
ਦਿਲ ਹੋਰ ਉਦਾਸੀ ਛੈਂਦੀ ਏ।
ਕਿਤੇ ਗਾਂਦੀਆ ਗੋਲੀਆਂ ਬਾਂਦੀਆਂ ਨੀ
ਕਿਤੇ ਬਾਈਆਂ ਰਾਗ ਅਲਾਂਦੀਆਂ ਨੀ
ਕਿਤੇ ਰਾਣੀਆਂ ਗੀਤ ਸੁਣਾਂਦੀਆਂ ਨੀ
ਪਰ ਸਾਨੂੰ ਠੰਢ ਨਾਂ ਪੈਂਦੀ ਏ,
ਜਿੰਦ ਦੁਖ ਵਧੇਰਾ ਲੈਂਦੀ ਏ।
ਇਕ ਬਿਰਹੋਂ ਬੜਾ ਕਸਾਈ ਹੈ
ਇਸ ਵੇਦਨ ਇਕ ਚਾ ਲਾਈ ਹੈ
ਜੋ ਰਗ ਰੇਸ਼ੇ ਵਿਚ ਛਾਈ ਹੈ
ਹੁਣ ਸਾਨੂੰ ਠੰਢ ਨਾਂ ਪੈਂਦੀ ਏ,
ਏਹ ਵੇਦਨ ਕੱਟਦੀ ਰੈਂਹਦੀ ਏ।
ਕਿਤੋਂ ਸੱਦ ਇਲਾਹੀ ਆਵੇ ਨੀ
ਕੋਈ ਰਾਗ ਅਨਾਤੋ ਸੁਣਾਵੇ ਨੀ
ਕੋਈ ਜਸ ਪਯਾਰੇ ਦਾ ਗਾਵੇ ਨੀ
ਹਾਂ ਕੁਛ ਤਾਂ ਠੰਢ ਆ ਪੈਂਦੀ ਏ,
ਜਿੰਦ ਸੁਣਦੀ ਏ ਰਸ ਲੈਂਦੀ ਏ।
ਜੇ ਕਲਗੀਆਂ ਵਾਲਾ ਆਵੇ ਨੀ
ਆ ਪ੍ਰੀਤਮ ਆਪ ਬੁਲਾਵੇ ਨੀ
'ਮੈਂ ਆਯਾ' ਆਖ ਸੁਣਾਵੇ ਨੀ
ਏ ਸੱਦ ਜਦੋਂ ਕੰਨ ਲਹਿੰਦੀ ਏ,
ਜਿੰਦ ਸੁਣਦੀ ਜੀਉ ਜੀਉ ਪੈਂਦੀਏ।
'ਮੈਂ ਆਯਾ' ਰਾਗ ਇਲਾਹੀ ਹੈ
'ਤੂੰ ਮੇਰਾ' ਗੀਤ ਖੁਦਾਈ ਹੈ

'ਮੈਂ ਤੇਰਾ' ਨਾਦ ਗੁਸਾਈਂ ਹੈ
ਏਹ ਵਾਜ ਅਰਸ਼ ਤੋਂ ਫੈਂਦੀ ਏ,
ਚੱਕ ਅਸਾਂ ਅਰਸ਼ ਲੈ ਵੈਂਦੀ ਏ॥

## ੫. ਇਕ ਬੁਝਾਰਤ

### ਪੋਹ ਖੋਹ– ਪੋਹ ਮੋਹ

(ਸੰਮਤ ੧੭੨੨ ਬਿਕ੍ਰਮੀ ਦਾ ਪੋਹ)

ਚੜ੍ਹਿਆ ਪੋਹ ਤਾਂ ਲੱਗੀ ਖੋਹ
ਪਾਲੇ ਹੱਡ ਕੜਕਾਵਨ ਓਹ
ਦੰਦਾਂ ਨਾਲ ਵਜੇਂਦੇ ਠੱਕੇ
ਪਾਪੀ ਪੌਣ ਕੌਣ ਜਾ ਡੱਕੇ
ਰਾਤ ਇਕੱਲੀ ਬੂਹੇ ਬੰਦ
ਲਾਂ ਤਾਰੇ ਨਾਂ ਦਿੱਸੇ ਚੰਦ
ਕੱਲ ਮੁਕੱਲੀ ਰੋਵਾਂ ਧਾਈਂ
ਪਯਾਰੇ ਹਾਇ ਝਾਤ ਨਾਂ ਪਾਈ।

(ਸੰਮਤ ੧੭੨੩ ਬਿ: ਦਾ ਪੋਹ)

ਵਾਹ ਵਾਹ ਸਾਡਾ ਆਯਾ ਪੋਹ
ਮਾਰ ਹੁਲਾਰੇ ਉਠਯਾ ਮੋਹ।
ਠੰਢੀ ਪੌਣ ਪਿਆਰੀ ਲੱਗੇ
ਜੱਫੀ ਪਾਂਦੀ ਤ੍ਰਿਖੀ ਵੱਗੇ।
ਰਾਤ ਇਕੱਲੀ ਬੂਹੇ ਬੰਦ
ਅੰਦ੍ਰੇ ਸੂਰਜ ਤਾਰੇ ਚੰਦ।
ਖਿੜ ਖਿੜ ਹੱਸਾਂ ਲੁੱਡੀ ਪਾਈ

## ਕਿਨ ਆ ਕੇ ਰੁਤ ਪਰਤ ਦਿਖਾਈ ?

(ਸੰਮਤ ੧੯੬੯ ਦਾ ਪੋਹ)

ਗੇੜੇ ਲਾਂਦਾ ਓਹੋ ਪੋਹ
ਆਯਾ ਫੇਰ ਕਰੇਂਦਾਂ ਟੋਹ।
ਵਿੱਚ ਮਾਘ ਦੇ ਪੈਰ ਧਰਾਂਦਾ,
ਰੂਪ ਬਸੰਤੀ ਫਬਨ ਫਬਾਂਦਾ।
ਪੁਛਦਾ ਦੱਸੋ ਤੁਸੀ ਸੁਜਾਨ
ਕਿਉਂ ਹੁਣ ਕਰਦੇ ਮੇਰਾ ਮਾਨ ?
ਮੈਨੂੰ ਤੁਸਾਂ ਬਸੰਤ ਬਨਾਯਾ
ਸਾਰੀਆਂ ਫਬਨਾਂ ਨਾਲ ਫਬਾਯਾ
ਓਹ ਠੰਢੀ ਵਗਦੀ ਪੌਣ
ਲੁਕ ਲੁਕ ਬੈਠੋ ਅੰਦਰ ਭੌਣ ?
ਕਿਉਂ ਖੁਸ਼ੀਆਂ ਕਰ ਆਖੋ ਆਵੇ
ਭਾਗੋ ਭਰਿਆ ਦਰਸ ਦਿਖਾਵੇ ?
ਏਸ ਪ੍ਰਸ਼ਨ ਦਾ ਉਤ੍ਰ ਭ੍ਰਾਵੋ,
ਅਸੀਂ ਨ ਦੇਈਏ, ਆਪ ਬੁਝਾਵੋ।
ਅਸਾਂ ਬੁਝਾਰਤ ਏ ਹੈ ਪਾਈ
ਤੁਸਾਂ ਬੈਠਕੇ ਬੁਝਣੀ ਆਈ।
ਜੋ ਬੁੱਝੇ ਸੋ ਖੁਸ਼ੀ ਮਨਾਵੇ,
ਖੁਸ਼ੀ ਇਨਾਮ ਬੁਝਣ ਦੀ ਪਾਵੇ॥

# ੧੪. ਖੇੜਾ ਚੌਧਵਾਂ

(ਸੰ: ੪੪੫ ਨਾ: ਦੀ ਗੁਰਪੁਰਬ ਸਪਤਮੀ ਦੀ ਰਚਨਾਂ)

## ੧. ਪ੍ਰੀਤਮ ਜੀ ਨੂੰ ਅੱਖੀ ਦੇਖਣ ਵਾਲੇ ਪ੍ਰੇਮੀਆਂ ਦੇ ਸਨੇਹੇ ।

੧. ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੋਹਨ ਮੂਰਤੀ ਸੰਸਾਰ ਵਿਚ ਹਰ ਅੱਖ ਨੂੰ ਭਾਈ। ਪੁਰਾਤਨ ਨਵੀਨ ਜਿਸ ਇਤਹਾਸ ਕਾਰ ਨੇ ਓਹਨਾਂ ਦਾ ਜ਼ਿਕਰ ਕੀਤਾ ਕਿਸੇ ਨਾਂ ਕਿਸੇ ਖੂਬੀ ਦੀ ਮਹਿੰਮਾ ਕੀਤੀ, ਜਿਸ ਨੁਕਤੇ ਤੋਂ ਕਿਸੇ ਨੇ ਡਿੱਠਾ ਮੱਜਬੂਰ ਹੋਯਾ ਕਿ ਮਹਿੰਮਾ ਕਰੇ, ਹਿੰਦੂ ਸਿੱਖ ਮੁਸਲਮਾਨ ਅੰਗ੍ਰੇਜ਼ ਸਾਰੇ ਇਤਹਾਸਕਾਰਾਂ ਨੇ ਜੱਸ ਗਾਂਵਿਆ। ਸਿੱਖਾਂ ਦੇ ਲਿਖਣ ਨੂੰ ਜੇ ਇਤਹਾਸਕ ਸੱਚ ਤੋਂ ਵਧੀਕ ਸਰਧਾ ਤੇ ਪ੍ਰੇਮ ਭੀ ਕਾਰਨ ਸਮਝਿਆ ਜਾਵੇ, ਤਾਂ ਲਾ: ਦੌਲਤ ਰਾਇ ਵਰਗੇ ਆਰਯਾ ਦਾ ਸ੍ਰੀ ਗੁਰੂ ਜੀ ਨੂੰ ਰਾਮ, ਕ੍ਰਿਸ਼ਨ ਪੈਗੰਬਰਾਂ ਤੋਂ ਵੱਡਾ ਕਹਣਾ, ਤੇ ਏਹ ਲਿਖਣਾ "ਕਿ ਜੇ ਹਿੰਦੂ ਜਾਤੀ ਫਖਰ ਕਰ ਸਕਦੀ ਹੈ ਤਾਂ ਗੁਰੂ ਜੀ ਦਾ, ਤੇ ਫੇਰ ਕਹਣਾ ਕਿ ਸੰਸਾਰ ਨੂੰ ਫਖਰ ਹੋ ਸਕਦਾ ਹੈ ਤਾਂ ਗੁਰੂ ਦਸਮੇਂ ਪਾਤਸ਼ਾਹ ਜੀ ਦਾ" ਦਸਦਾ ਹੈ ਕਿ ਕੈਸਾ ਜ਼ਬਰਦਸਤ ਵਜੂਦ ਗੁਰੂ ਜੀ ਦਾ ਹੈ ਜੋ ਅਨ-ਉਪਾਸ਼ਕਾਂ ਤੋਂ ਭੀ ਮਹਿੰਮਾ ਕਰਵਾਂਦਾ ਹੈ। ਲਾਲਾ-ਸ਼ਿਵ ਬ੍ਰਤ ਲਾਲਾ ਰਾਧਾ ਸੁਆਮੀ ਗੀਤ ਗਾਉਂਦਾ ਹੈ, ਤੇ ਗ੍ਰਿਫਿਨ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਬਰਤਿਆਰ ਸਜਿਆ ਸਜਾਯਾ ਖਾਲਸਾ ਆਪਣੇ ਦਿਮਾਗ ਤੋਂ ਇਸਤਰਾਂ ਪੈਦਾ ਕਰਕੇ ਰੱਖ ਦਿੱਤਾ ਜਿਸ ਤਰਾਂ ਬ੍ਰਹਸਪਤ ਨੇ ਦੇਵੀ ਮੈਨਿਰਿਵਾ ਪੈਦਾ ਕੀਤੀ ਸੀ। ਕਨਿੰਗਹਮ ਦਾ ਉਨ੍ਹਾਂ ਦੇ ਕੰਮ ਦੀ ਸਲਾਘਾ, ਅਰ ਜਿੰਦਗੀ ਤੋਂ ਬਾਦ ਕੰਮ ਸਿਰੇ

ਚੜ੍ਹਣ ਵਿਚ ਉਨ੍ਹਾਂ ਦੀ ਦਾਨਾਈ ਅਰ ਕੰਮ ਕਰਨ ਦੀ ਸੁੰਦ੍ਰਤਾ ਦੀ ਸਲਾਘਾ ਕਰਨੀ ਦਸਦੀ ਹੈ ਕਿ ਇਤਹਾਸ ਸਾਰਾ ਓਹਨਾਂ ਦੀ ਮਹਿੰਮਾ ਕਰਦਾ ਹੈ। ਪਰ ਅੱਜ ਅਸੀਂ ਮਗਰੋਂ ਹੋਏ ਇਤਹਾਸਕਾਰਾਂ ਦੀ ਉਗਾਹੀ ਨਹੀਂ ਚਾਹੁੰਦੇ , ਅਸੀ ਚਾਹੁੰਦੇ ਹਾਂ ਕਿ ਕੋਈ ਐਸਾ ਪ੍ਰੇਮੀ ਮਿਲੇ ਜਿਸਨੇ ਗੁਰੂ ਜੀ ਨੂੰ ਡਿੱਠਾ ਹੋਵੇ, ਪਯਾਰ ਕੀਤਾ ਹੋਵੇ, ਪਾਸ ਰਿਹਾ ਹੋਵੇ, ਤੇ ਫੇਰ ਵਿਦਵਾਨ ਹੋਵੇ, ਵਿਵੇਕ ਵਾਲਾ ਹੋਵੇ, ਸੰਸਾਰਕ ਵਿਭੂਤੀ ਵਾਲਾ ਹੋਵੇ, ਜਿਸਨੇ ਗੁਰੂ ਜੀ ਦੇ ਗੁਣਾਂ ਤੇ ਆਸ਼ਕ ਹੋ ਕੇ ਕੋਈ ਕੁਰਬਾਨੀ ਕੀਤੀ ਹੋਵੇ, ਓਹ ਅਪਣੀ ਜ਼ਬਾਨ ਨਾਲ ਸਾਨੂੰ ਗੁਰੂ ਜੀ ਦੀ ਸੁੰਦ੍ਰਤਾ ਸੁਣਾਵੇ। ਆਖੇ, ਏਹ ਮੈਂ ਅੱਖੀਂ ਡਿੱਠਾ ਹੈ, ਮੇਰੇ ਐਉਂ ਹੱਡ ਬੀਤੀ ਹੈ, ਮੈਂ ਏਹ ਅਸਰ ਅਜ਼ਮਾਯਾ ਹੈ। ਇਸ ਵਿਸ਼ੇ ਵਿਚ ਜੇ ਅਸੀਂ ਛਾਂਟੀ ਹੋਈ ਇਤਹਾਸਕ ਢੰਗ ਦੀ ਉਗਾਹੀ ਲੱਭੀਏ ਤਾਂ ਵਧੇਰੇ ਢੂੰਡ ਭਾਲ ਦੀ ਲੋੜ ਹੈ, ਪਰ ਜੇ ਸ੍ਰੀ ਗੁਰੂ ਜੀ ਦੇ ਸੱਚੇ ਗੁਣਾਂ ਦੀ ਜਿਸ ਤੋਂ ਅਸੀ ਆਤਮ ਲਾਭ ਲੈ ਸੱਕੀਏ ਸਾਖੀ ਚਾਹੀਏ ਤਾਂ ਪੂਰੀ ਪੂਰੀ ਮਿਲਦੀ ਹੈ। ਹਾਂ ਜੀ ਅੱਜ ਅਸੀ ਪ੍ਰੀਤਮ ਜੀ ਦੇ ਕਿਸੇ ਅੱਖੀਂ ਡਿੱਠੇ ਪ੍ਰੇਮੀ ਦੇ ਕੋਈ ਬੋਲ ਸੁਣਨੇ ਚਾਹੁੰਦੇ ਹਾਂ। ਜਦ ਅਸੀ ਇਹ ਅਭਲਾਖਾ ਕਰਦੇ ਹਾਂ ਤਾਂ ਸਾਡੇ ਸਾਹਮਣੇ ਇਕ ਸੁੰਦਰ ਮੂਰਤੀ ਆ ਖੜੋਂਦੀ ਹੈ। ਗਜ਼ਨੀ ਦਾ ਜਨਮ ਹੈ, ਲੰਮੀ ਸੁੰਦਰ ਡੀਲ ਹੈ, ਅੱਖਾਂ ਵਿੱਚ ਨਿਮਕੀ ਤੇ ਦਾਨਾਈ ਭਰੀ ਹੈ, ਦੋਵੇਂ ਨੈਣ ਪਿਆਲੇ ਸੱਚੇ ਮਦ ਨਾਲ ਸਰਸ਼ਾਰ ਹਨ, ਵਿੱਦਯਾ ਤੇ ਪ੍ਰਤਾਪ ਮਗਰ ਮਗਰ ਆ ਰਹੇ ਹਨ, ਜੇ ਹਨ, ਜੇ ਤਾਂ ਆਪਦੀ ਕਲਮ ਦਾ ਕੋਈ ਜੀਵਨ ਚਰਿਤ੍ਰ ਲੱਝ ਜਾਂਦਾ ਤਾਂ ਹੋਰ ਵੀ ਸੁਖ ਦਾ ਕੰਮ ਸੀ, ਪਰ ਹੁਣ ਜੋ ਕੁਛ ਸਨੇਹਾ ਓਹ ਦੇਂਦੇ ਹਨ ਸਾਨੂੰ ਸੋਈ ਬੜਾ ਸੁਖਦਾਈ ਹੈ।

ਆਪ ਕਹੋਗੇ ਇਤਹਾਸ ਦੀ ਉਗਾਹੀ ਸਾਡੇ ਪਾਸ ਕਾਫੀ ਹੈ ਕਿ ਸ੍ਰੀ ਗੁਰੂ ਜੀ ਦੇ ਆਤਮ ਗੁਣ ਸਾਡੇ ਵਿਚ ਨਿਵਾਸ ਕਰਨ, ਤੇ ਸਾਡਾ ਸਤਕਾਰ ਮੱਲੋ ਮੱਲੀ ਉਨ੍ਹਾਂ ਲਈ ਉਛਾਲੇ ਲਵੇ। ਪਰ ਜਿਸ ਸੱਜਣ ਤੋਂ ਸਤਗੁਰ ਦੀਆ ਗੱਲਾਂ ਅੱਜ ਅਸੀ ਸੁਣਨਾ ਲੋਚਦੇ ਹਾਂ, ਉਸ ਦੀ ਡੂੰਗਾਹੀ ਸਾਰੇ ਇਤਹਾਸਾਂ ਤੋਂ ਜ਼ਬਰਦਸਤ ਹੈ, ਕਿਉਂਕਿ ਓਹ ਅੱਖੀਂ ਡਿੱਠੀ ਤੇ ਹੱਡੀਂ ਬੀਤੀ ਦਸਦਾ ਹੈ। ਓਹ ਪਿਆਰਾ ਨਾਮ ਭਾਈ ਨੰਦ ਲਾਲ ਜੀ ਦਾ ਹੈ। ਆਪ ਫਾਰਸੀ ਜ਼ਬਾਨ ਦੇ ਪੰਡਤ, ਅਰਬੀ ਦੇ

ਵਿਦਵਾਨ ਸੇ, ਦਨਾਈ ਤੇ ਦੂਰੰਦੇਸ਼ੀ, ਮਾਮਲੇ ਦੇ ਸਮਝਣ ਤੇ ਵਿਵੇਕ ਰਤਨ ਵਿਚ ਇੰਨੇ ਪ੍ਰਬੀਨ ਸੇ ਕਿ ਬਹਾਦਰ ਸ਼ਾਹ ਸ਼ਹਜ਼ਾਦੇ ਦੇ ਸਕੱਤ੍ਰ ਬਣੇ, ਅਰ ਇਸ ਔਹਦੇ ਤੇ ਹੋਣਾਂ ਦਸਦਾ ਹੈ ਕਿ ਓਹਨਾਂ ਦਾ ਐਸ਼੍ਵਰਜ ਭੀ ਕਿਤਨਾ ਸੀ। ਸੈਸ਼੍ਵਰਜ ਅਰ ਦਾਨਾਈ ਲਯਾਕਤ ਪ੍ਰਬੀਨਤਾ ਵਾਲੇ ਹੋਕੇ ਬਾਰੇ ਹਿੰਦੁਸਤਾਨ ਦੇ ਫਕੀਰਾਂ ਕਾਮਲਾਂ ਤੇ ਸਾਧੂਆਂ ਦੇ ਜਾਣੂੰ ਹੋਕੇ ਓਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਢੂੰਡਿਆ, ਅਰ ਗੁਰੂ ਮੰਨਿਆਂ। ਬਾਲਪਣੇ ਦੀ ਅੱਲੜ੍ਹ ਉਮਰਾ ਵਿਚ ਨਹੀਂ, ਜੁਆਨੀ ਦੇ ਜੋਸ਼ ਵਿਚ ਨਹੀਂ, ਪਰ ਪੰਜਾਹ ਵਰਹੇ ਦੀ ਪੱਕੀ ਉਮਰਾ ਤੋਂ ਬਾਦ ਵੀਰ ਮੁਨਸ਼ੀ ਦੀ ਪਦਵੀ ਤੇ ਬਿਰਾਜਦੇ ਹੋਏ, ਤਜਰਬੇ ਵਿਦਯਾ ਵਿਚ ਪ੍ਰਬੀਨ ਹੁੰਦੇ ਹੋਏ, ਇਸਤਰਾਂ ਦੇ ਲਾਇਕ, ਖੋਜੀ, ਵਿਦਵਾਨ, ਕਵੀ, ਗ੍ਰੰਥਾਕਾਰ, ਸ਼ਾਹੀ ਪੜਤਾਲੇ ਵਾਲੇ, ਪਤ ਅਬਰੋ ਵਾਲੇ ਦਾ ਓਹਨਾਂ ਨੂੰ ਕਾਮਲ ਮੰਨਣਾ, ਗੁਰੂ ਚੁਣਨਾ ਤੇ ਸੰਸਾਰ ਤੋਂ ਨਾਤਾ ਤੋੜਕੇ ਸਾਰੀ ਉਮਰ ਓਹਨਾਂ ਦੇ ਚਰਨਾਂ ਵਿਚ ਬਿਤਾਣੀ ਦਸਦੀ ਹੈ ਕਿ ਗੁਰੂ ਜੀ ਫੌਜੀ ਜਰਨੈਲ, ਰਾਜਸੀ ਮਹਾਂ ਪੁਰਖ, ਜੋਧਾ, ਕਵੀ, ਵਿਦਵਾਨ, ਪੰਡਤ ਹੁੰਦੇ ਹੋਏ ਕਾਮਲ ਫਕੀਰ, ਪੂਰੇ ਗੁਰੂ, ਅਰ ਸਚੇ ਗੁਰ ਅਵਤਾਰ ਸੇ। ਭਾਈ ਨੰਦ ਲਾਲ ਦਾ ਸਿੱਖ ਹੋਣਾ, ਇਕ ਆਮ ਆਦਮੀ ਦਾ ਸਿੱਖ ਹੋਣਾ ਨਹੀਂ, ਭਾਈ ਨੰਦ ਲਾਲ ਦਾ ਪ੍ਰੇਮ ਆਮ ਮੋਹ ਨਹੀਂ, ਓਹਨਾਂ ਦੀ ਸਿੱਖੀ ਇਕ ਕਾਮਲ ਉਗਾਹੀ ਹੈ ਜੋ ਇਤਹਾਸਕ ਤ੍ਰੀਕੇ ਤੇ ਪੱਥਰ ਲੀਕ ਵਾਂਗ ਦਿਲਾਂ ਪਰ ਸਿੱਕਾ ਬਿਠਾਂਦੀ ਹੈ ਕਿ ਗੁਰੂ ਸਾਹਿਬ ਜੀ ਕਮਾਲ ਦਰਜੇ ਦੀ ਮੁਰਸ਼ਦਾਨਾ ਕਮਾਲ ਪਰ ਕੀ ਆਖਦੇ ਹਨ:—

ਜ਼ਿਹੇ ਸਾਹਿਬ ਦਿਲੋ, ਰੌਸ਼ਨ ਜਮੀਰੇ ਆਰਫ਼ੇ ਕਾਮਿਲ। ਕਿ ਬਰ ਦਰਗਾਹਿ ਹਕ ਪੇਸ਼ਾਨੀਏ ਓ ਸੂਦਹ ਮੇਂ ਬਾਸ਼ਦ।

ਅਰਥਾਤ ਧੰਨ ਹੈ ਓਹ ਦਿਲ ਦਾ ਮਾਲਕ, ਦਿੱਬ ਦ੍ਰਿਸ਼ਟੀ ਵਾਲਾ ਪੂਰਨ ਗਯਾਨੀ, ਕਿ ਜਿਸ ਦਾ ਮਸ਼ਰਕ ਪਰਮੇਸੁਰ ਦੀ ਦਰਗਾਹ ਤੇ ਸਦਾ ਟਿਕਿਆ ਰਹਿੰਦਾ ਹੈ।

ਏਹ ਪ੍ਰੀਤਮ ਜੀ ਨੂੰ ਅੱਖੀਂ ਦੇਖਣ ਵਾਲੇ ਪ੍ਰੇਮੀ ਜੀ ਦਾ ਅੱਜ ਸਾਨੂੰ ਸੁਨੇਹਾ

ਹੈ ਕਿ ਸਤਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੋਂ ਤੁਸੀ ਅੱਜ ਸਦਕੇ ਹੁੰਦੇ ਹੋ ਮੈਂ ਅੱਖੀਂ ਡਿੱਠੀ ਸਾਖੀ ਭਰਦਾ ਹਾਂ ਕਿ ਓਹ ਪੂਰਨ ਬ੍ਰਹਮ ਬੇਤਾ ਹਨ, ਓਹ ਪੂਰਨ ਦਿੱਬ ਦ੍ਰਿਸ਼ਟ ਹਨ ਤੇ ਦਿਲ ਦੇ ਵਾਲੀ ਹਨ, ਅਰ ਭਗਤੀ ਵਿਚ ਨਿਰੰਤਰ ਮਗਨ ਹਨ। ਮੈਂ ਓਹਨਾਂ ਨਾਲ ਕੀਕੂੰ ਵਰਤਦਾ ਹਾਂ ਕਿ :–

• ਬਕੁਰਬਾਨੇ ਸਰੇ ਕੂਯਸ਼ ਬਗਿਰਦੋ ਦਮ ਮਜ਼ਨ ਗੋਯਾ। ਇਸ਼ਾਰਤ ਹਾਇ ਚਸ਼ਮੇ ਓ ਮਰਾ ਫਰਮੂਦਹ ਮੇ ਬਾਸ਼ਦ।

ਉਸ ਸਤਗੁਰ ਦੇ ਕੂਚੇ ਦੇ ਉਦਾਲੇ ਸਦਕੇ ਹੁੰਦਾ ਹਾਂ ਤਾਂ ਦਮ ਨਹੀਂ ਮਾਰਦਾ, (ਪ੍ਰੇਮੀ ਹੋ ਤੱਕਦਾ ਹਾਂ ਤਾਂ ਸਤਗੁਰ ਦੇ ਨੈਣਾਂ ਦੇ ਇਸ਼ਾਰਿਆਂ ਨਾਲ ਸਾਨੂੰ (ਤਾਰਨਹਾਰ) ਉਪਦੇਸ਼ ਪ੍ਰਾਪਤ ਹੁੰਦਾ ਹੈ। ਅਤੇ–

ਜ਼ਿ ਫੈਜ਼ੇ ਮੁਰਸ਼ਦੇ ਕਾਮਿਲ ਮਰਾ ਮਾਲੂਮ ਸ਼ੁਦ ਆਖ਼ਿਰ। ਕਿ ਦਾਯਮ ਮਰਦਮੇ ਦੁਨੀਆ ਬਗਮ ਆਲੂਦਹ ਮੇ ਬਾਸ਼ਦ।

ਮੈਨੂੰ ਪੂਰਨ ਸਤਗੁਰ ਦੀ ਮੇਹਰ ਨਾਲ ਅੰਤ ਏਹ ਪਤਾ ਲੱਗ ਗਿਆ ਕਿ ਦੁਨੀਆਂ ਦਾਰ ਆਦਮੀ ਦਾ ਦਿਲ ਸਦਾ ਗ਼ਮ ਨਾਲ ਗੰਦਾ ਰਹਿੰਦਾ ਹੈ। ਤੇ ਮੈਨੂੰ ਸਤਗੁਰ ਤੋਂ ਏਹ ਅਵਸਥਾ ਮਿਲੀ ਹੈ: –

ਬਹਰ ਸੂਏ ਕਿ ਮੇ ਬੀਨਮ ਬਚਸ਼ਮਮ ਮਾਸਿਵਾ ਨਾਯਦ। ਹਮੇਸ਼ਹ ਨਕਸ਼ ਓ ਦਰ ਦੀਦਹੇ ਮਾ ਬੂਦਹ ਮੇ ਬਾਸ਼ਦ।

ਮੇਰੀਆਂ ਅੱਖੀਆਂ ਵਿਚ ਜਿਧਰ ਤੱਕਾਂ, ਸਿਵਾਇ ਉਸ ਦੇ ਨਕਸ਼ ਦੇ ਹੋਰ ਕੋਈ ਦੀਦਾਰ ਨਹੀਂ ਵੱਸਦਾ।

੨. ਅਦੁਤੀ ਗੁਰੂ : – ਭਾਈ ਜੀ ਗੁਰੂ ਜੀ ਨੂੰ ਕਾਮਲ ਮੁਰਸ਼ਦ, ਬ੍ਰਹਮ ਵੇਤਾ, ਦਿੱਬ ਦ੍ਰਿਸ਼ਟ ਮੰਨਦੇ ਹੋਏ ਆਮ ਮੁਰਸ਼ਦਾਂ ਦੀ ਬ੍ਰਾਬਰੀ ਤੇ ਨਹੀਂ ਦੇਖਦੇ, ਓਹਨਾਂ ਦੇ ਤਜਰਬੇ ਨੇ ਓਹਨਾਂ ਨੂੰ ਦੱਸ ਦਿਤਾ ਸੀ ਕਿ

ਏਹ ਅਦੁਤੀ ਹਨ ਅਰ ਸਭ ਤੋਂ ਉੱਚੇ ਹਨ, ਇਨ੍ਹਾਂ ਦੀ ਕੀਮਤ ਦਾ
ਹੋਰ ਕੋਈ ਬ੍ਰਹਮ ਵੇਤਾ ਅਰ ਮੁਰਸ਼ਿਦ ਨਹੀਂ ਹੈ। ਯਥਾ: —

ਦੀਨ ਦੁਨੀਆਂ ਦਰ ਕਮੰਦੇ ਆਂ ਪਰੀ ਰੁਖਸਾਰਿ ਮਾ। ਹਰ ਦੋਆਲਮ ਕੀਮਤੇ ਯਕ ਤਾਰ ਮੂਏ ਯਾਰਿ ਮਾ।

ਦੀਨ ਤੇ ਦੁਨੀਆਂ ਦੋਵੇਂ ਮੇਰੇ ਸੁੰਦਰ ਪ੍ਰੀਤਮ (ਸਤਗੁਰ ਗੋਬਿੰਦ ਸਿੰਘ) ਜੀਦੇ ਚਰਨਾਂ ਵਿਚ ਹਨ, ਮੇਰੇ ਸਤਗੁਰ ਦੇ ਇਕ ਰੋਮ ਦੀ ਕੀਮਤ ਦੋ ਜਹਾਨ ਨਹੀਂ ਤੁਲ ਸਕਦੇ।

ਫਿਰ ਆਖਦੇ ਹਨ ਕਿ ਪਰਮੇਸ਼ਰ ਪ੍ਰਾਪਤੀ ਲਈ ਉਪਦੇਸ਼, ਸਿਖਯਾ, ਸਾਧਨ ਆਦ ਪਿੱਟਨਿਆਂ ਨਾਲ ਸਿਰੇ ਚਾੜ੍ਹਣ ਦੀ ਏਸ ਮੁਰਸ਼ਿਦ ਨੂੰ ਹੋਰਨਾਂ ਵਾਂਗੂੰ ਲੋੜ ਨਹੀਂ ਹੈ, ਏਹ ਅਦੁਤੀ ਮੁਰਸ਼ਿਦ ਹੈ। ਏਥੇ ਤਾਂ: —

ਆਈਨਏ ਖ਼ੁਦਾਇਨੁਮਾ ਹਸਤ ਰੂਏ ਤੋ।
ਦੀਦਾਰ ਹਕ ਜ਼ਿ ਆਇਨਹੇ ਰੂਏ ਤੋ ਮੇ ਕੁਨੰਦ।

ਹੇ ਕਲਗੀਆਂ ਵਾਲੇ! ਤੇਰਾ ਚੇਹਰਾ ਰੱਬ ਨੂੰ ਪਰਤੱਖ ਪਰਗਟ ਕਰਨੇ ਵਾਲਾ ਹੈ, ਹਾਂ ਤੇਰੇ ਚੇਹਰੇ ਦੇ ਸ਼ੀਸ਼ੇ ਤੋਂ (ਆਰਫ ਲੋਕ) ਰੱਬ ਦਾ ਦਰਸ਼ਨ(ਸੁਤੇ ਸਿੱਧ) ਪ੍ਰਾਪਤ ਕਰਦੇ ਹਨ। ਚੇਹਰਾ ਹੀ ਖੁਦਾ ਦਿਖਾਵਣ ਵਾਲਾ ਹੈ।

ਅਪਣੇ ਗੁਰੂ ਨੂੰ 'ਸ਼ਾਹ' ਕਹਕੇ ਸੱਦਦੇ ਹਨ ਜਿਸਤੋਂ ਭਾਵ ਹੈ ਕਿ ਹੋਰ ਸਭ ਪੀਰ ਮੁਰਸ਼ਦ ਉਸਦੀ ਰਈਅਤ ਹਨ: —

ਮਾ ਬਪਾਏ ਸ਼ਾਹ ਸਰ ਅਫਗੰਦਹ ਏਮ।
ਅਜ਼ ਦੁਆਲਮ ਦਸਤ ਰਾ ਅਫ਼ਸ਼ਾਂਦਹ ਏਮ।

ਅਸਾਂ 'ਸ਼ਾਹ' (ਗੁਰੂ) ਦੇ ਚਰਨੀਂ ਸੀਸ ਨਿਵਾਯਾ ਹੈ। (ਤਦ ਤੋਂ) ਦੋ ਜਹਾਨਾਂ ਤੋਂ ਹੱਥ ਧੋਇਆ ਹੈ।

੩. ਗੁਰੂ ਜੀ ਦੀ ਪ੍ਰੇਰਣ ਸ਼ਕਤੀ–ਗੁਰੂ ਗ੍ਰੰਥ ਸਾਹਿਬ ਜੀ ਵਿਚ ਪੂਰੇ ਸਤਿਗੁਰੂ ਬਾਹਿਆ ਬਾਣ ਜੁ ਏਕ। ਲਾਗਤ ਹੀ ਭੁਇ ਗਿਰ ਪਰਿਆ ਪਰਾ ਕਰੇਜੇ ਛੇਕ।''

ਭਾਈ ਜੀ ਗੁਰੂ ਗੋਬਿੰਦ ਸਿੰਘ ਜੀ ਨਾਲ ਆਪਣੀ ਹੱਡ ਬੀਤੀ ਦਸਦੇ ਹਨ:–

ਮਾਰਾ ਬਯਕ ਇਸ਼ਾਰਹੇ ਅਬਰੂ ਸ਼ਹੀਦ ਕਰਦ।
ਅਕ ਨੂੰ ਇਲਾਜ ਨੇਸਤ ਕਿ ਤੀਰ ਅਜ਼ ਕਮਾਂ ਗੁਜ਼ਸ਼ਤ।

ਕਲਗੀਆਂ ਵਾਲੇ ਨੇ ਅੱਖ ਦੇ ਇਕ ਇਸ਼ਾਰੇ ਨਾਲ ਮੈਨੂੰ ਸ਼ਹੀਦ ਕਰ ਲੀਤਾ, ਹੁਣ ਜੋ ਤੀਰ ਕਮਾਨੋਂ ਛੁਟ ਚੁਕਾ ਉਸਦਾ ਕੀ ਦਾਰੂ ਹੈ। ਭਾਵ ਇਹ ਕਿ ਸਤਿਗੁਰ ਦਾ ਸਾਜਿਆ ਸਿੱਖ ਫੇਰ ਅਸਿੱਖ ਨਹੀਂ ਹੁੰਦਾ, ਏਹ ਗੁਰੂ ਜੀ ਦੀ ਪ੍ਰੇਰਣ ਸ਼ਕਤੀ ਦਾ ਕਮਾਲ ਹੈ, ਜੋ ਸਤਿਗੁਰ ਵਲੋਂ ਮੇਰੇ ਅਪਣੇ ਨਾਲ ਬੀਤੀ ਹੈ

੪. ਗੁਰੂ ਜੀ ਦਾ ਉਪਦੇਸ਼–ਭਾਈ ਨੰਦ ਲਾਲ ਜੀ ਦਸਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਸਿਖਯਾ ਦੇਂਦੇ ਸਨ–

ਮੁਰਸ਼ਿਦੇ ਕਾਮਲੇ ਮਾ ਬੰਦਗੀਅਤ ਫੁਰਮਾਯਦ।
ਐ ਜ਼ਹੇ ਕਾਲ ਮੁਬਾਰਕ ਕਿ ਕੁਨਦ ਸਾਹਬੇ ਹਾਲ।

ਮੇਰੇ ਪੂਰਨ ਸਤਿਗੁਰੂ ਜੀ ਭਜਨ ਕਰਨ ਦਾ ਹੁਕਮ ਦੇਂਦੇ ਹਨ, (ਓਹ ਹੁਕਮ ਐਸਾ) ਮੁਬਾਰਕ ਮਹਾਂ ਵਾਕ ਹੈ ਕਿ ਸੁਣਦੇ ਸਾਰ ਉਨਮਨੀ ਅਵੱਸਥਾ ਵਿਚ ਲੈ ਜਾਂਦਾਹੈ।

੫. ਗੁਰੂ ਗੋਬਿੰਦ ਸਿੰਘ ਜੀ ਚੜ੍ਹਦੀਆਂ ਕਲਾਂ ਵਾਲੇ ਸਤਗੁਰ ਹਨ :–

ਨਮੇ ਗੁੰਜਦ ਬਚਸ਼ਮੇ ਗ਼ੈਰ ਸ਼ਾਹੇ ਖੁਦ ਪਸੰਦੇ ਮਨ।
ਬਚਸ਼ਮਾ ਖੁਸ਼ ਨਿਸ਼ਸਤ ਆਂ ਕਾਮਤੇ ਬਖ਼ਤੇ ਬੁਲੰਦੇ ਮਨ।

ਗੈਰ ਦੀਆਂਅੱਖਾਂ ਵਿਚ ਮੇਰੇ ਪੂਰਨ ਚੜ੍ਹਦੀਆਂ ਕਲਾਂ ਵਾਲੇ ਪਾਤਸ਼ਾਹ ਨਹੀਂ ਸਮਾਉਂਦੇ, ਓਹ ਉਚੀ ਡੀਲ ਤੇ ਉੱਚੇ ਬਖਤ ਵਾਲੇ (ਮੇਰੇ ਪਾਤਸ਼ਾਹ) ਮੇਰੀਆਂ ਖੁਸ਼ ਅੱਖਾਂ ਵਿਚ ਆ ਬਿਰਾਜੇ ਹਨ। ਕਿਸੇ ਗ਼ੈਰ ਦੀਆਂ ਅੱਖਾਂ ਵਿਚ ਨਾਂ ਸਮਾ ਸਕਣ ਦੇ ਅਰਥ ਹਨ ਕੋਈ ਓਹਨਾਂ ਨੂੰ ਅਪਣਾ ਨਿਸ਼ਾਨਾ ਨਹੀਂ ਬਣਾ ਸਕਦਾ, ਕੋਈ ਓਹਨਾਂ ਨੂੰ ਝੁਕਾ ਨਹੀਂ ਸਕਦਾ, 'ਖੁਦ ਪਸੰਦੀ' ਏਕਾਗ੍ਰਤਾ ਦਾ ਸਭ ਤੋਂ ਉੱਚਾ ਦਰਜਾ ਹੈ, ਜਿਥੇ ਅਪਣੇ ਆਪ ਵਿਚ ਆਪਾ ਸਾਖੀ ਹੋ ਖਲੋਂਦਾ ਹੈ, ਖੁਸ਼ੀ, ਰਸ ਤੇ ਉੱਚਾ ਪਨ ਕਮਾਲ ਦਰਜੇ ਦਾ ਹੁੰਦਾ ਹੈ। ਇਸ ਦਰਜੇ ਦਾ ਮਹਾਂ ਪੁਰਖ ਕੇਵਲ ਪਰੇਮ ਦੇ ਵੱਸ ਹੁੰਦਾ ਹੈ, ਹੋਰ ਕਿਸੇ ਦੇ ਅਧੀਨ ਨਹੀਂ ਹੋ ਸਕਦਾ।

੬. ਪ੍ਰੇਮ ਨੂੰ ਪ੍ਰੇਮ ਕਰਨੇ ਵਾਲਾ—ਭਾਈ ਜੀ ਦਸਦੇ ਹਨ ਕਿ ਗੁਰੂ ਜੀ ਆਕੜ ਕੇ ਆਪਣੇ ਸੁਆਰਥ ਹਿਤ ਲੋਕਾਂ ਦੇ ਪੱਥਰ ਤੁਲ ਗੁਰੂ ਨਹੀਂ ਕਿ ਆਓ ਅਰ ਭੇਟਾ ਧਰੀ ਜਾਓ ਤੇ ਸੇਵਾ ਕਰੀ ਜਾਓ ਤੇ ਗੁਰੂ ਕੇਵਲ ਲੇਪੋ ਲੇਪੋ ਬੈਠਾ ਹੈ ਕਿਸੇ ਦੀ ਸਰਧਾ ਪ੍ਰੇਮ ਉਸ ਦੇ ਪ੍ਰੇਮ ਨੂੰ ਨਹੀਂ ਹਿਲਾ ਸਕਦੀ, ਸਗੋਂ ਓਹ ਦਸਦੇ ਹਨ ਕਿ ਮੇਰਾ ਮੁਰਸ਼ਿਦ ਪ੍ਰੇਮ ਨਾਲ ਬੱਝਦਾ, ਪ੍ਰੇਮ ਨਾਲ ਦ੍ਰਵਦਾ ਤੇ ਪ੍ਰੇਮ ਨੂੰ ਪ੍ਰੇਮ ਪੁੱਜ ਕੇ ਕਰਦਾ ਹੈ।

ਆਸ਼ਫਤਹਏ ਆਂਨੇਮ ਕਿ ਓ ਸ਼ੈਫਤਹ ਏ ਮਾਸਤ।
ਮਾ ਸ਼ਾਹ ਨ ਦਾਨੇਮ ਗਦਾ ਰਾਨ ਸ਼ਨਾਸੇਮ।

ਅਸੀ ਜਿਸ ਪ੍ਰੀਤਮ ਦੇ ਪ੍ਰੇਮੀ ਹਾਂ ਓਹ ਸਾਡਾ ਬੀ ਆਸ਼ਕ ਹੈ, ਹੋਰ ਅਸੀ (ਪਦਾਰਥ ਵਾਲੇ) ਪਾਤਸ਼ਾਹਾਂ ਨੂੰ (ਤੇ ਸਿੱਧੀਆਂ ਵਾਲੇ) ਫਕੀਰਾਂ ਨੂੰ ਨਹੀਂ ਪਛਾਣ ਦੇ ਕਿ ਕੌਣ ਹਨ। ਭਾਵ ਇਹ ਹੈ ਕਿ ਅਸੀਂ ਜਿਸ ਗੁਰੂ ਨੂੰ ਪ੍ਰੇਮ ਕਰਦੇ ਹਾਂ, ਓਹ ਐਸਾ ਪ੍ਰੇਮ ਪੁੰਜ ਹੈ ਕਿ ਸਾਨੂੰ ਪ੍ਰੇਮ ਕਰਦਾ ਹੈ। ਇਸਤੋਂ ਸਿੱਧ ਹੁੰਦਾ ਹੈ ਕਿ ਗੁਰੂ ਜੀ ਸਿੱਖਾਂ ਨੂੰ ਕਿਤਨਾ ਟੁਟਵਾਂ ਪ੍ਰੇਮ ਕਰਦੇ ਸੇ।

੭. ਸਤਗੁਰ ਦਾ ਮਾਰਗ ਸੁਖੈਨ ਮਾਰਗ ਹੈ—ਈਰਾਨ ਦੇ ਹਾਫਜ਼ ਫਕੀਰ ਆਪਣੇ ਪ੍ਰਮੇਸੁਰ ਪ੍ਰਾਪਤੀ ਦੇ ਰਸਤੇ ਨੂੰ ਅਤੀ ਕਠਨ ਦੱਸਦੇ ਹਨ। ਜਿਸਦਾ ਅਰਥ

ਏਹ ਹੈ : –

ਮੰਜ਼ਲ ਯਾਰ ਪਿਆਰੇ ਅੰਦਰ
ਸੁਖ ਅਰਾਮ ਨਾਂ ਕਾਈ,
ਇਸ ਘੜਿਆਲ ਤਿਆਰੀ ਵਾਲੇ
ਹਰ ਦਮ ਟਨ ਟਨ ਲਾਈ।

ਭਾਈ ਜੀ ਓਹਨਾਂ ਦੇ ਹੀ ਲਫਜ਼ਾਂ ਵਿਚ ਅਰ ਉਸੇ ਤਰਾਂ ਦੀ ਗਜ਼ਲ ਵਿਚ ਦਸਦੇ ਹਨ ਕਿ ਮੇਰੇ ਸਤਗੁਰ ਦਾ ਰਸਤਾ ਬੜਾ ਸੌਖਾ ਹੈ :–

ਮਰਾ ਦਰ ਮੰਜ਼ਲੇ ਜਾਨਾਂ ਹਮਹ ਐਸ਼ੋ ਹਮਹ ਸ਼ਾਦੀ।
ਜਰਸ ਬੇਹੂਦਹ ਮੇ ਨਾਲਦ ਕੁਜਾ ਬੰਦੇਮ ਮਹਮਿਲ ਹਾ।

ਅਰਥਾਤ ''ਮੰਜ਼ਲ ਯਾਰ ਪਯਾਰੇ ਅੰਦਰ ਖੁਸ਼ੀਆਂ ਤੇ ਸ਼ਦਿਆਨੇ ਹਨ। ਕਿਉਂ ਪਿੱਟਨ ਘੜਿਆਲ ? ਅਸਾਡੇ ਪ੍ਰੀਤਮ ਗੋਦ ਟਿਕਾਨੇ ਹਨ।''

ਭਾਵ ਇਹ ਕਿ ਗੁਰੂ ਜੀ ਦਾ ਮਾਰਗ ਭਾਈ ਜੀ ਨੇ ਐਸਾ ਡਿੱਠਾ ਕਿ ਸੂਫੀਆਂ ਅਰ ਹੋਰਨਾਂ ਦੇ ਰਸਤੇ ਨਾਲੋਂ ਜਿਨ੍ਹਾਂ ਦੇ ਓਹ ਪਚਾਸ ਬਰਸ ਦੇ ਅਰਸੇ ਵਿਚ ਵਾਕਫ ਹੋ ਚੁਕੇ ਸੇ ਸੌਖਾ ਪਾਯਾ॥

੮. ਗੁਰੂ ਜੀ ਦਾ ਰਸਤਾ–ਦਸਦੇ ਹਨ: –

ਰਹ ਰਸਾਨੇ ਰਾਹਿ ਹਕ ਆਮਾਦ ਅਦਬ।
ਹਮ ਬਦਿਲ ਯਾਦੇ ਖੁਦਾ ਓ ਹਮ ਬਲਬ।

ਰੱਬ ਦੇ ਰਸਤੇ ਪੁਚਾਣੇ ਵਾਲੇ ਦਾ ਅਦਬ, ਦਿਲ ਵਿਚ ਰੱਬ ਦੀ ਯਾਦ ਤੇ ਜੀਭ ਪਰ ਸਿਮਰਨ, ਏਹ ਕਲਗੀਆਂ ਵਾਲੇ ਦਾ ਸਤ ਮਾਰਗ ਹੈ। ਅੱਜਕੱਲ ਕਈ ਲੋਕ ਨਿਰੇ ਅੰਤਰ ਮੁਖ ਜਾਪਾਂ ਨਾਲ ਸੁਦਾਈ ਹੋਏ ਫਿਰਦੇ ਦੇਖੇ ਹਨ, ਕਿਉਂਕਿ ਓਹ ਜੀਭ ਦਾ ਸਿਮਰਨ ਛੋੜ ਦੇਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਫੁਰਮਾਂਦੇ ਹਨ : –

''ਵਰਨ ਸਹਤ ਜੋ ਜਾਪੈ ਨਾਮ।
ਸੋ ਜੋਗੀ ਕੇਵਲ ਨਿਹਕਾਮ।''

੯. ਗੁਰੂ ਜੀ ਦਾ ਰੂਪ ਬੜਾ ਸੁੰਦਰ ਤੇ ਤੇਜਵਾਨ ਸੀ: –

ਬਾ ਦੀਦਹ ਖ਼੍ਵਾਬ ਨਾਕ ਚੂੰ ਬੇਰੂੰ ਬਰਾਮਦੀ।
ਸ਼ਰਮਿੰਦਹ ਗਸ਼ਤ ਅਜ਼ ਰੁਪੇ ਤੋ ਆਫ਼ਤਾਬੇ ਸੁਬਹ।

ਨੀਂਦ ਅਲਸਾਏ ਨੈਣਾਂ ਨਾਲ (ਹੇ ਸਤਗੁਰ!) ਜਦ ਤੁਸੀਂ ਬਾਹਰ ਨਿਕਲੇ ਤਾਂ ਤੁਸਾਡੇ ਚੇਹਰੇ ਨੂੰ ਦੇਖ ਕੇ ਸੂਰਜ ਸ਼ਰਮਿੰਦਾ ਹੋ ਗਿਆ॥

ਹੋਲੇ ਮਹੱਲੇ ਦੇ ਬਿਆਨ ਵਿਚ ਗੁਰੂ ਜੀ ਦਾ ਕੌਤਕ ਤੇ ਮਨਮੋਹਨ ਅਸਰ ਬਿਆਨ ਕਰਦੇ ਹਨ:–

ਗੁਲਾਲ ਅਫਸ਼ਾਨੀਏ ਦਸਤੇ ਮੁਬਾਰਕ।
ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।
ਦੁਆਲਮ ਗਸ਼ਤ ਰੰਗੀ ਅਜ਼ ਤੁਫ਼ੈਲਸ।
ਚੁ ਸ਼ਾਹਮ ਜਾਮ੍ਹੇ ਰੰਗੀ ਦਰ ਗੁਲੁ ਕਰਦ।
ਕਸੇ ਕੋ ਦੀਦ ਦੀਦਾਰੇ ਮੁਕੱਦਸ।
ਮੁਰਾਦੇ ਉਮਰ ਰਾ ਹਾਸਲ ਨਿਕੋ ਕਰਦ।
ਸ਼ਵਦ ਕੁਰਬਾਨ ਖ਼ਾਕੇ ਰਾਹੇ ਸੰਗਤ।
ਦਿਲੇ ਗੋਯਾ ਹਮੀ ਰਾ ਆਰਜ਼ੂ ਕਰਦ।

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ) ਪਵਿਤ੍ਰ ਹਸਤ ਕਮਲਾਂ ਤੋਂ ਗੁਲਾਲ ਦੇ ਛਿੜਕਾਉ ਨੇ ਜ਼ਮੀਨ ਅਸਮਾਨ ਨੂੰ ਲਾਲ ਗੁਲਾਲ ਕਰ ਦਿਤਾ ਹੈ। ਜਦ ਮੇਰੇ ਸੱਚੇ ਪਾਤਸ਼ਾਹ ਨੇ ਰੰਗ ਛਿੜਕੇ ਕੱਪੜੇ ਪਹਨੇ ਤਾਂ ਉਸਦੀ ਤੁਫੈਲ ਦੋ ਜਹਾਨ ਨੂੰ ਰੰਗ ਚੜ੍ਹ ਗਿਆ, ਇਸ ਪਵਿਤ੍ਰ ਦੀਦਾਰ ਨੂੰ ਜਿਸ ਨੇ ਡਿੱਠਾ ਉਸਨੇ ਉਮਰਾ ਦੀ ਮੁਰਾਦ ਪਾ ਲਈ। ਮੇਰਾ ਦਿਲ ਤਰਸਦਾ ਹੈ ਕਿ ਐਸੇ ਸਤਸੰਗੀਆਂ ਦੇ ਰਸਤੇ ਦੀ

ਧੂੜ ਤੋਂ ਸਦਕੇ ਹੋ ਜਾਵਾਂ।

੧੦. ਗੁਰੂ ਗੋਬਿੰਦ ਸਿੰਘ ਜੀ ਨੂੰ ਭਾਈ ਜੀ ਨੇ ਪਰਖ ਕੇ ਗੁਰੂ ਬਣਾਇਆ ਸੀ: –

ਮਾ ਕਿ ਦੀਦੇਮ ਸਰੇ ਕੂਇ ਤੋ ਐ ਮਹਰਮੇ ਰਾਜ਼।
ਅਜ਼ਹਮਹ ਰੂਇ ਫਿਗੰਦਹ ਏਮ ਸਰੇ ਖੁਦ ਬਨਿਆਜ਼।

ਹੇ ਭੇਤ ਦੇ ਮਹਰਿਮਾਂ ! ਜਦ ਅਸਾਂ ਤੇਰੇ ਕੂਚੇ ਦਾ ਰਸਤਾ ਲੱਭਿਆ ਤਾਂ ਹੋਰ ਸਾਰੇ ਰਸਤਿਆਂ ਤੋਂ ਮੂੰਹ ਮੋੜ ਕੇ ਨਿਮ੍ਰਤਾ, ਸਰਧਾ ਨਾਲ ਅਪਣੇ ਸਿਰ ਨੂੰ ਤਿਰੇ ਦਰਵਾਜ਼ੇ ਤੇ ਸੱਟਿਆ। ਭਾਵ ਇਹ ਕਿ ਸਾਰਿਆਂ ਨੂੰ ਤੱਕਿਆ ਸਭ ਅਣਜਾਣ ਸੇ ਭੇਤ ਦਾ ਜਾਣੂੰ ਤੂੰ ਲੱਭਾ ਤਦ ਤੋਂ ਹੋਰ ਸਾਰੇ ਦਰ ਛੋੜਕੇ ਤੇਰਾ ਦਰ ਮੱਲਿਆ ਹੈ।

੧੧. ਗੁਰੂ ਜੀ ਦੇ ਦਰਸ਼ਨ ਵੈਰਾਗ ਤੇ ਪ੍ਰੇਮ ਪੈਦਾ ਕਰਦੇ ਸਨ: –

ਹਰ ਗਹ ਨਜ਼ਰ ਬਜਾਨਬੇ ਦਿਲਦਾਰ ਮੇ ਕੁਨੇਮ।

ਦਰਯਾਇ ਹਰ ਦੁਚਸ਼ਮ ਗੁਹਰ ਬਾਰ ਮੇ ਕੁਨੇਮ।

ਜਦੋਂ ਭੀ ਅਸੀ ਪ੍ਰੀਤਮ ਜੀ ਵਲ ਨਜ਼ਰ ਭਰਕੇ ਤਕਦੇ ਹਾਂ, ਸਾਡੀਆਂ ਦੂਹਾਂ ਅੱਖੀਆਂ ਦੇ ਦਰਯਾ ਮੋਤੀਆਂ ਵਾਂਗੂੰ ਵੱਸ ਪੈਂਦੇ ਹਨ।

੧੨. ਗੁਰੂ ਗੋਬਿੰਦ ਸਿੰਘ ਜੀ ਦੀ ਤਕਰੀਰ ਦਾ ਅਸਰ: –

'ਤਮਾਮੀ ਮੁਰਦਾਹਾਰਾਂ ਅਜ਼ ਤਬਸ਼ਮ ਜ਼ਿੰਦਹ ਮੇ ਸ਼ਾਜ਼ਦ।
ਚੁ ਰੇਜ਼ਦ ਆਬੇ ਹੈਵਾਂ ਅਜ਼ ਦਹਾਂ ਆਂ ਗੁੰਚਾ ਖ਼ੰਦੇ ਹਨ।'

ਫੂਲ ਕਲੀ ਵਰਗੇ ਹਸਮੁਖੇ ਚੇਹਰੇ ਵਾਲਾ ਮੇਰਾ ਪ੍ਰੀਤਮ ਜਦੋਂ ਮੁਸਕ੍ਰਾ ਕੇ ਆਪਣੇ ਮੁਖੜੇ ਤੋਂ ਅੰਮ੍ਰਿਤ ਵਰਖਾ ਕਰਦਾ ਹੈ, ਸਾਰੇ ਮੁਰਦਿਆਂ ਨੂੰ ਜੀਉਂਦਾ ਕਰ ਦੇਂਦਾ ਹੈ।

੧੩. ਗੁਰੂ ਜੀ ਦਾ ਧਿਆਨ : –

ਮਨਮਯਕ ਮੁਸਤ ਗਿਲਗੋਯਾ ਦਰੂਨਮ ਨੂਰਿਓ ਲਾਮਯ ਬਗਿਰਦਸ ਦਾਯਮਾ ਗਰਦਦ ਦਿਲੇ ਪੁਰ ਹੋਸ਼ ਮੰਦੇ ਮਨ।

ਮੈਂ ਇਕ ਮਿੱਟੀ ਦੀ ਮੁਠ ਹਾਂ, ਮੇਰੇ ਅੰਦਰ ਉਸ ਦਾ ਨੂਰ ਜਗ ਮਗ ਕਰ ਰਿਹਾ ਹੈ, ਉਸ ਨੂਰ ਦੇ ਦੁਆਲੇ ਮੇਰਾ ਹੋਸ਼ ਵਾਲਾ ਦਿਲ ਪ੍ਰਕ੍ਰਮਾ ਕਰ ਰਿਹਾ ਹੈ। ਭਾਵ ਇਹ ਕਿ ਮੈਂ ਮੇਰੀ ਨਹੀਂ ਰਹੀ, ਸਰੀਰ ਮਿੱਟੀ ਹੈ, ਅੰਦਰ ਇਕ ਕੇਂਦ੍ਰ ਹੈ ਜਿੱਥੇ ਕਲਗੀਆਂ ਵਾਲਾ ਬੈਠਾ ਹੈ ਤੇ ਮੇਰਾ ਦਿਲ ਸ਼ੁਦਾਈ ਹੋ ਕੇ ਨਹੀਂ, ਪਰ ਦਾਨੀ ਫਕੀਰੀ ਵਿਚ ਵਸਦਾ ਉਸ ਕੇਂਦ੍ਰ ਦੀ ਪ੍ਰਕ੍ਰਮਾ ਕਰ ਰਿਹਾ ਹੈ। ਇਹ ਭਾਈ ਜੀ ਸਤਗੁਰ ਦੇ ਧਯਾਨ ਤੇ ਅਪਣੇ ਪ੍ਰੇਮ ਦਾ ਨਕਸ਼ਾ ਦਸਦੇ ਹਨ।

੧੪.ਗੁਰੂ ਗੋਬਿੰਦ ਸਿੰਘ ਜੀ ਨੇ ਮਸਤੀ ਨਹੀਂ ਸਿਖਾਈ–ਸਿੱਖ ਮਜ਼ਹਬ ਦਾ ਸਰੂਪ : –

'ਦਰ ਮਜ਼ਹਬੇ ਮਾ ਗੈਰ ਪਰਸਤੀ ਨ ਕੁਨੰਦ।
ਸਰ ਤਾ ਬਕਦਮ ਬਹੋਸ਼ ਮਸਤੀ ਨ ਕੁਨੰਦ।
ਗਾਫਲ ਨ ਸ਼ਵੰਦ ਯਕਦਮ ਅਜ਼ ਯਾਦੇ ਖੁਦਾ।
ਦੀਗਰ ਸੁਖਨ ਅਜ਼ ਬੁਲੰਦੂ ਪਸਤੀ ਨ ਕੁਨੰਦ॥

ਸਾਡੇ ਮਜ਼ਹਬ (ਮਤ ਵਿਚ ਸਿਵਾ ਸਾਈਂ ਦੇ) ਗ਼ੈਰ ਦੀ ਪੂਜਾ ਨਹੀਂ ਕਰਦੇ, ਸਿਰ ਤੋਂ ਲੈ ਕੇ ਪੈਰਾਂ ਤਕ ਹੋਸ਼ ਵਿਚ ਰਹਿੰਦੇ ਹਨ, ਮਸਤੀ ਨਹੀਂ ਕਰਦੇ, ਪਰਮੇਸ਼ਰ ਦੇ ਸਿਮਰਨ ਤੋਂ ਇਕ ਦਮ ਗਾਫਲ ਨਹੀਂ ਹੁੰਦੇ, ਹੋਰ ਗੱਲਾਂ ਉਚਾਣ ਨਿਵਾਣ ਦੀਆਂ ਨਹੀਂ ਮਾਰਦੇ।

ਉਪੱਰ ਲਿਖੇ ਸੁਨੇਹੇ ਭਾਈ ਨੰਦ ਲਾਲ ਜੀ ਨੇ ਦਿਤੇ ਹਨ, ਅੱਖੀਂ ਡਿੱਠੇ ਗੁਣ ਅਪਣੇ ਪ੍ਰੀਤਮ ਦੇ ਗਾਏ ਹਨ। ਅੱਜ ਗੁਰਪੁਰਬ ਹੈ, ਅਸਾਂ ਆਪ ਨੂੰ ਉਸਦੀ ਸਾਖੀ ਸੁਣਾਈ ਹੈ, ਜੋ ਅੱਖੀਂ ਵੇਖਕੇ ਸਾਖ ਭਰਦਾ ਹੈ, ਕਿ ਗੁਰੂ ਗੋਬਿੰਦ ਸਿੰਘ ਸੂਰਾ

ਤੇ ਪੂਰਾ ਗੁਰੂ ਹੈ, ਪ੍ਰੇਮ ਪੁੰਜ ਹੈ, ਪੂਰਨ ਪਦ ਤੇ ਇਸਥਿਤ ਹੈ, ਤਾਰਦਾ ਹੈ, ਮੋਹਦਾ ਹੈ ਪ੍ਰੇਮ ਕਰਦਾ ਤੇ ਪ੍ਰੇਮ ਭਰਦਾ ਹੈ, ਜੇ ਮੁਕਤੀ ਤੇ ਕਲਯਾਨ ਦੀ ਲੋੜ ਹੈ ਤਾਂ ਸਰਨ ਪਓ ਅਰ ਸਰਨ ਸਮਾਓ। ਪਯਾਰੇ ਜੀ ! ਅਜ ਈਮਾਨ ਲਿਆਓ। ਕਿ ਗੁਰੂ ਸਭ ਤੋਂ ਉੱਚਾ।

ਗਿਆਨੀ ਸਰੂਪ ਸਿੰਘ ਕੰਡਿਆਣਾ
★ ਪੰਥਕ ਢਾਡੀ ਜੱਥਾ ★
98150-03075
ਪਿੰਡ ਕੰਡਿਆਣਾ ਤਹਿ: ਫਿਲੌਰ (ਜਲੰਧਰ)

# ਭਾਈ ਸਾਹਿਬ ਭਾਈ ਵੀਰ ਸਿੰਘ ਜੀ ਰਚਿਤ ਪੁਸਤਕਾਂ

1. ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ (7 ਪੋਥੀਆਂ)
   ਅਨੇਕ ਬਾਣੀਆਂ (3 ਪੋਥੀਆਂ)
2. ਪੰਜ ਗ੍ਰੰਥੀ (ਸਟੀਕ)
3. ਜਪੁਜੀ (ਸਟੀਕ)
4. ਸੁਖਮਨੀ ਸਾਹਿਬ (ਸਟੀਕ)
5. ਸਿਖਾਂ ਦੀ ਭਗਤ ਮਾਲਾ (ਸਟੀਕ)
6. ਵਾਰਾਂ ਭਾਈ ਗੁਰਦਾਸ (ਸਟੀਕ)
7. ਕਬਿਤ ਭਾਈ ਗੁਰਦਾਸ (ਸਟੀਕ)
8. ਗੰਜਨਾਮਾ (ਸਟੀਕ)
9. ਸ੍ਰੀ ਗੁਰੂ ਗ੍ਰੰਥ ਕੋਸ਼
10. ਗੁਰਮਿਤ ਨਾਮ
11. ਪੁਰਾਤਨ ਜਨਮ ਸਾਖੀ
    ਸ੍ਰੀ ਗੁਰੂ ਨਾਨਕ ਦੇਵ ਜੀ
12. ਗੁਰੂ ਨਾਨਕ ਚਮਤਕਾਰ (ਭਾ: 1 + 2)
13. ਗੁਰੂ ਕਲਗੀਧਰ ਚਮਤਕਾਰ (ਭਾ: 1 + 2)
14. ਸੰਤ ਬਿਮਲਾ ਸਿੰਘ (ਭਾ: 1 + 2)
15. ਅਸ਼ਟ ਗੁਰ ਚਮਤਕਾਰ (ਭਾ: 1 + 2+3)
16. ਗੁਰ ਬਾਲਮ ਸਾਖੀਆਂ (ਪ-1)
17. ਗੁਰ ਬਾਲਮ ਸਾਖੀਆਂ (ਪ-10)
18. ਪਿਆਰੇ ਦਾ ਪਿਆਰਾ
19. ਸੰਤ ਗਾਥਾ
20. ਗੁਰਮੁਖਿ ਜੀਵਨ
21. ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ
    ਵਿਚੋਂ ਕੁਝ ਚਮਤਕਾਰ
22. ਭਾਈ ਵੀਰ ਸਿੰਘ ਸ਼ਤਾਬਦੀ ਗ੍ਰੰਥ
23. ਅਮਰ ਲੇਖ
24. ਦੇਵੀ ਪੂਜਨ ਪੜਤਾਲ
25. ਗੁਰਮੁਖਿ ਸਿਖਿਆ
26. ਪ੍ਰਾਚੀਨ ਪੰਥ ਪ੍ਰਕਾਸ਼
27. ਸੱਤ ਔਖੀਆਂ ਰਾਤਾਂ
28. ਆਵਾਜ਼ ਆਈ
29. ਬਿਜਲੀਆਂ ਦੇ ਹਾਰ
30. ਭਰਥਰੀ ਹਰੀ ਜੀਵਨ ਤੇ ਨੀਤੀ ਸ਼ਤਕ
31. ਕੰਬਦੀ ਕਲਾਈ
32. ਕੰਤ ਮਹੇਲੀ
33. ਲਹਿਰ ਹੁਲਾਰੇ
34. ਲਹਿਰਾਂ ਦੇ ਹਾਰ
35. ਮਟਕ ਹੁਲਾਰੇ
36. ਮੇਰੇ ਸਾਈਆਂ ਜੀਓ
37. ਨਿਨਾਣ ਭਰਜਾਈ ਦਾ ਵਾਰਤਾਲਾਪ
38. ਪ੍ਰੀਤ ਵੀਣਾ
39. ਪਿਆਰ-ਅਥਰੂ
40. ਰਾਣਾ ਸੂਰਤ ਸਿੰਘ
41. ਸਾਹਿਤਕ ਕਲੀਆਂ
42. ਸਿਕਾਂ ਸੱਧਰਾਂ
43. ਦੀਵਾਨ ਭਾਈ ਵੀਰ ਸਿੰਘ
44. ਬਾਬਾ ਨੌਧ ਸਿੰਘ
45. ਬਿਜੈ ਸਿੰਘ
46. ਸਤਵੰਤ ਕੌਰ
47. ਸੁੰਦਰੀ
48. ਰਾਜਾ ਲਖਦਾਤਾ ਸਿੰਘ ਨਾਟਕ

ਮਿਲਣ ਦਾ ਪਤਾ –

**ਭਾਈ ਵੀਰ ਸਿੰਘ ਸਾਹਿਤ ਸਦਨ, ਨਵੀ ਦਿੱਲੀ**